# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 9 | Issue 22 | 05 June 2019 to 11 June 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


*ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਅਤੇ ਜੂਨ-84 ਦੇ ਸ਼ਹੀਦਾਂ ਨੂੰ ਸਮਰਪਿਤ*

## ਸਾਨਫਰਾਂਸਿਸਕੋ ਦੇ ਨਗਰ ਕੀਰਤਨ ਲਈ ਸੰਗਤਾਂ 'ਚ ਭਾਰੀ ਉਤਸ਼ਾਹ

*9 ਜੂਨ ਨੂੰ 21 ਗੁਰਦੁਆਰਾ ਸਾਹਿਬਾਨ ਦੇ ਸਾਂਝੇ ਯਤਨਾਂ ਨਾਲ ਸਜੇਗਾ ਨਗਰ ਕੀਰਤਨ*

ਫਰੀਮੌਂਟ/ਏਟੀ ਨਿਊਜ਼ : ਕੈਲੀਫੋਰਨੀਆ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਲੋਂ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਅਤੇ ਸੰਨ 1984 ਦੇ ਦਰਬਾਰ ਸਾਹਿਬ ਉਤੇ ਫੌਜੀ ਹਮਲੇ ਦੌਰਾਨ ਸ਼ਹੀਦ ਹੋਏ ਸਿੰਘਾਂ-ਸਿੰਘਣੀਆਂ ਦੀ ਯਾਦ ਵਿਚ ਹਰ ਸਾਲ ਜੂਨ ਮਹੀਨੇ ਦੌਰਾਨ ਸਾਨਫਰਾਂਸਿਸਕੋ ਵਿਖੇ ਸਾਂਝਾ ਨਗਰ ਕੀਰਤਨ ਕੱਢਿਆ ਜਾਂਦਾ ਹੈ। ਇਸ ਨਗਰ ਕੀਰਤਨ ਦਾ ਮੁੱਖ ਮਕਸਦ ਸ਼ਹੀਦਾਂ ਦੀ ਯਾਦ ਮਨਾਉਣੀ ਅਤੇ ਖਾਲਸਾ ਰਾਜ ਦੀ ਪ੍ਰਾਪਤੀ ਲਈ ਸਿੱਖ ਕੌਮ ਨੂੰ ਇਕਮੁੱਠ ਕਰਕੇ ਨਿਸ਼ਾਨੇ ਦੀ ਪ੍ਰਾਪਤੀ ਲਈ ਅੱਗੇ ਵਧਣ ਦੀ ਚਾਰਾਜੋਈ ਕਰਨਾ ਵੀ ਹੁੰਦਾ ਹੈ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 21 ਗੁਰਦੁਆਰਾ ਸਾਹਿਬਾਨ ਨੇ ਸਾਂਝੇ ਤੌਰ 'ਤੇ ਯਤਨ ਕਰਕੇ ਇਹ ਪ੍ਰੋਗਰਾਮ ਉਲੀਕਿਆ ਹੈ ਅਤੇ ਇਹ ਹੁਣ ਤੱਕ ਦਾ ਸਭ ਤੋਂ ਵੱਧ ਗੁਰਦੁਆਰਾ ਸਾਹਿਬਾਨ ਦੀ ਸ਼ਮੂਲੀਅਤ ਵਾਲਾ ਪ੍ਰੋਗਰਾਮ ਬਣ ਗਿਆ ਹੈ। ਇਸ ਵਾਰ ਦਾ ਨਗਰ ਕੀਰਤਨ ਸੈਕਿੰਡ ਸਟਰੀਟ ਉਤੇ 9 ਜੂਨ ਨੂੰ 11 ਵਜੇ ਸ਼ੁਰੂ ਹੋਵੇਗਾ ਤੇ ਸਿਵਕ ਸੈਂਟਰ ਵਿਖੇ ਇਸ ਦੀ ਸਮਾਪਤੀ ਹੋਵੇਗੀ। ਇਸ ਨਗਰ ਕੀਰਤਨ ਨੂੰ ਲੈ ਕੇ ਸਮੁੱਚੇ ਕੈਲੀਫੋਰਨੀਆ ਦੀਆਂ ਸਿੱਖ ਸੰਗਤਾਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਸਿਵਕ ਸੈਂਟਰ ਪਹੁੰਚ ਕੇ ਸੰਨ 1984 ਦੇ ਘੱਲੂਘਾਰੇ ਦੌਰਾਨ ਬਚ ਗਏ ਸਿੰਘ-ਸਿੰਘਣੀਆਂ

ਬਾਕੀ ਸਫ਼ਾ 28 'ਤੇ

# ਸਾਕਾ ਦਰਬਾਰ ਸਾਹਿਬ : ਸਵਾਲ ਜੋ ਜਵਾਬ ਮੰਗਦੇ ਹਨ...

- ਸ਼ਹੀਦੀ ਪੁਰਬ 'ਤੇ ਹੀ ਕਿਉਂ ਕੀਤਾ ਗਿਆ ਹਮਲਾ
- ਸਾਕੇ ਦੇ ਸ਼ਹੀਦਾਂ ਦੀ ਗਿਣਤੀ ਬਾਰੇ ਭੰਬਲਭੂਸਾ
- ਸਿੱਖ ਰਿਫ਼ਰੈਂਸ ਲਾਇਬ੍ਰੇਰੀ ਨੂੰ ਕਿਉਂ ਕੀਤਾ ਗਿਆ ਤਬਾਹ
- ਕੇਂਦਰੀ ਹਕੂਮਤ ਦੇ ਪਾਲੇ 'ਚ ਸਨ ਕਿਹੜੇ ਸਿੱਖ ਆਗੂ



ਅੰਮ੍ਰਿਤਸਰ/ਬਿਊਰੋ ਨਿਊਜ਼ : ਜੂਨ-84 ਦੇ ਦਰਬਾਰ ਸਾਹਿਬ ਸਾਕੇ ਦੀ ਅਸੀਂ 35ਵੀਂ ਵਰ੍ਹੇ ਗੰਢ ਮਨਾ ਰਹੇ ਹਾਂ। ਪਹਿਲੀ ਜੂਨ ਤੋਂ ਸ਼ੁਰੂ ਹੋਣ ਵਾਲਾ ਹਫ਼ਤਾ ਕੌਮ ਲਈ ਉਹ ਨਾਸੂਰ ਹੈ, ਜਿਸ ਦੀ ਚੀਸ ਕੌਮ ਦੇ ਸੀਨੇ 'ਚ ਰਹਿੰਦੀ ਦੁਨੀਆ ਤਕ ਟਸ-ਟਸ ਕਰਦੀ ਰਹੇਗੀ। ਇਕ ਪਾਸੇ ਜਿਸ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਸਿੱਖ ਕੌਮ ਨੇ 80 ਫੀਸਦੀ ਕੁਰਬਾਨੀਆਂ ਦਿੱਤੀਆਂ ਹੋਣ, ਭੁੱਖੇ ਦੇਸ਼ ਦਾ ਢਿੱਡ ਭਰਨ ਲਈ ਪੰਜਾਬ ਦੇ ਪਾਣੀ ਤੱਕ ਨੂੰ ਦਾਅ ਤੇ ਲਾ ਦਿੱਤਾ ਹੋਵੇ, ਦੇਸ਼ ਦੀਆਂ ਸਰਹੱਦਾਂ ਅਤੇ ਅੰਦਰੂਨੀ ਰੱਖਿਆ ਲਈ 80 ਫੀਸਦੀ ਕੁਰਬਾਨੀਆਂ ਦੀ ਸ਼ਾਨਮੱਤੀ ਪਰੰਪਰਾ ਨੂੰ ਬਾਦਸਤੂਰ ਨਿਭਾਇਆ ਹੋਵੇ, ਦੇਸ਼ ਦੇ ਵਿਦੇਸ਼ੀ ਧਨ ਭੰਡਾਰ ਨੂੰ ਭਰਨ ਲਈ ਆਪਣੇ ਵਤਨੋਂ ਦੂਰ ਜਾ ਕੇ ਹੱਡ ਭੰਨਵੀਂ ਮਿਹਨਤ ਕੀਤੀ ਹੋਵੇ, ਦੂਜੇ ਪਾਸੇ ਉਸੇ ਕੌਮ ਦੇ ਦਿਲ ਤੇ (ਧਾਰਮਿਕ ਕੇਂਦਰੀ ਅਸਥਾਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ) ਤੇ ਦੁਸ਼ਮਣ ਦੇਸ਼ ਵਾਂਗੂੰ ਦੇਸ਼ ਦੀ ਫੌਜ ਹਮਲਾ ਕਰ ਦੇਵੇ, ਹਮਲਾ ਵੀ ਉਸ ਦਿਨ ਕੀਤਾ ਜਾਵੇ, ਜਿਸ ਦਿਨ ਇਸ ਦੇਸ਼ 'ਚੋਂ ਜਾਬਰ ਮੁਗਲ ਹਕੂਮਤ ਦੀਆਂ ਜੜ੍ਹਾਂ ਪੁੱਟਣ ਲਈ ਪੰਜਵੇਂ ਪਾਤਸ਼ਾਹ ਨੇ ਤੱਤੀ ਤਵੀ ਤੇ ਆਸਣ ਲਾਇਆ ਹੋਵੇ, ਇਸੇ ਦੇਸ਼ ਦੀਆਂ ਫੌਜਾਂ

ਬਾਕੀ ਸਫ਼ਾ 29 'ਤੇ

## ਸਾਕਾ ਦਰਬਾਰ ਸਾਹਿਬ ਕਿ ਨੀਲਾ ਤਾਰਾ ?

ਸ੍ਰੀ ਅਕਾਲ ਤਖ਼ਤ ਸਾਹਿਬ ਦਾ ਭਾਰਤੀ ਫੌਜ ਦੇ ਟੈਂਕਾਂ ਤੇ ਤੋਪਾਂ ਦੇ ਗੋਲਿਆਂ ਨਾਲ ਢਹਿ ਢੇਰੀ ਹੋਣਾ, ਸੰਤਾਂ ਅਤੇ ਉਨ੍ਹਾਂ ਦੇ ਸਾਥੀਆਂ ਦੀ ਸ਼ਹਾਦਤ, ਹਜ਼ਾਰਾਂ ਬੇਦੋਸ਼ੀਆਂ ਸਿੱਖ ਸੰਗਤਾਂ ਦੇ ਭਿਆਨਕ, ਦਰਦਨਾਕ ਕਤਲੇਆਮ ਨੇ ਇਸ ਜ਼ਾਲਮਾਨਾ ਵਰਤਾਰੇ ਨੂੰ ਸਾਕਾ ਦਰਬਾਰ ਸਾਹਿਬ ਬਣਾ ਦਿੱਤਾ ਹੈ। ਭਾਰਤੀ ਫੌਜ ਨੇ ਭਾਵੇਂ ਆਪਣੇ ਇਸ ਭਿਆਨਕ, ਸ਼ਰਮਨਾਕ ਕਾਰੇ ਨੂੰ "ਅਪਰੇਸ਼ਨ ਬਲਿਊ ਸਟਾਰ" (ਨੀਲਾ ਤਾਰਾ) ਦਾ ਨਾਮ ਆਪਣੇ ਰਿਕਾਰਡ ਲਈ ਦਿੱਤਾ ਸੀ, ਪ੍ਰੰਤੂ ਕੌਮ ਦਾ ਭੋਲਾਪਣ ਆਖ਼ ਲਈਏ, ਗ਼ਫਲਤ ਆਖ ਲਈ, ਨਾ ਸਮਝੀ ਆਖ਼ ਲਈਏ ਕਿ ਅਸੀਂ ਦੁਸ਼ਮਣ ਵੱਲੋਂ ਦਿੱਤੇ ਨਾਮ ਨੂੰ ਹੀ ਅਪਨਾ ਲਿਆ।

ਬਾਕੀ ਸਫ਼ਾ 29 'ਤੇ

# ਫਿਲਮ 'ਦਾਸਤਾਨ-ਏ-ਮੀਰੀ ਪੀਰੀ' ਨੂੰ ਫਿਲਹਾਲ ਬਰੇਕਾਂ

- ਆਖਰੀ ਫੈਸਲਾ ਜਥੇਦਾਰ ਅਕਾਲ ਤਖ਼ਤ ਸਾਹਿਬ ਦੇ ਹੱਥ
- ਕਈ ਇਤਰਾਜ਼ਯੋਗ ਫ਼ਿਲਮਾਂ ਬਣ ਚੁੱਕੀਆਂ ਹਨ ਸਿੱਖ ਧਰਮ ਬਾਰੇ

ਅੰਮ੍ਰਿਤਸਰ/ ਬਿਊਰੋ ਨਿਊਜ਼ :

ਸ਼੍ਰੋਮਣੀ ਕਮੇਟੀ ਵਿਸ਼ਵੀਕਰਨ ਦੇ ਆਧੁਨਿਕ ਮਾਡਲ ਤਹਿਤ ਗੁਰੂ ਸਾਹਿਬਾਨਾਂ ਦੀ ਸਭਿਅਤਾ ਖਤਮ ਕਰਕੇ ਮਾਡਰਨ ਸਨਾਤਨੀ ਸਿੱਖ ਸਭਿਆਚਾਰ ਸਿਰਜ ਰਹੀ ਹੈ। ਸਿੱਖ ਧਰਮ ਦੇ ਅਖੌਤੀ ਆਧੁਨਿਕ ਪਰਚਾਰ ਕਰਨ ਦੇ ਨਾਮ ਉਤੇ ਐਨੀਮੇਸ਼ਨ ਫਿਲਮਾਂ ਉਤਸ਼ਾਹਿਤ ਕਰ ਰਹੀ ਹੈ। ਹੁਣ ਮਨੋਕਲਪਿਤ ਪਰੇਮ ਕਹਾਣੀਆਂ ਦੇ ਕੂੜ ਦ੍ਰਿਸ਼ ਮਨੋਕਲਪਿਤ ਗਰੰਥਾਂ ਦੇ ਆਧਾਰ ਤੇ ਸਾਡੀਆਂ ਮਹਾਨ ਸਖਸ਼ੀਅਤਾਂ ਦੇ ਨਜ਼ਰ ਆਉਣਗੇ।

ਸੁਣਿਆ ਹੈ ਕਿ ਹੁਣ ਮਾਤਾ ਸਾਹਿਬ ਕੌਰ ਉਤੇ ਫਿਲਮ ਬਣਾਈ ਜਾ ਰਹੀ ਹੈ। ਇਸ ਫਿਲਮ ਦੀ ਕਮਾਈ ਦਾ ਵੱਡਾ ਹਿਸਾ ਵੱਡੇ ਘਰ ਪਹੁੰਚ ਰਿਹਾ ਹੈ। ਸ਼੍ਰੋਮਣੀ ਕਮੇਟੀ ਦੀ ਇਸ ਵਿਚ ਸੇਵਾਦਾਰੀ ਹੈ। ਸਨਾਤਨ ਪੰਥੀਏ ਅਨੰਦ ਮਾਣਨਗੇ। ਇਤਿਹਾਸ ਨੂੰ ਵਿਗਾੜਨ ਤੇ ਗੁਰੂ ਸਾਹਿਬਾਨ ਨੂੰ ਨੀਵਾਂ ਦਿਖਾਉਣ ਦਾ ਜਰੀਆ ਇਸ ਤੋਂ ਵੱਡਾ ਹੋਰ ਕੀ ਹੋ ਸਕਦਾ ਹੈ। ਭਾਵੇਂ ਐਨੀਮੇਟਿਡ ਫਿਲਮ 'ਦਾਸਤਾਨ-ਏ-ਮੀਰੀ ਪੀਰੀ' ਨੂੰ ਫਿਲਹਾਲ ਬ੍ਰੇਕ ਲੱਗ ਗਈ ਹੈ। ਪਰ ਡਰ ਹੈ ਕਿ ਇਸ ਵਿਚ ਤਬਦੀਲੀਆਂ ਕਰਕੇ ਫ਼ਿਲਮ ਦਿਖਾਈ ਜਾਵੇਗੀ ਤੇ ਮਾਨਤਾ ਦੇ ਦਿੱਤੀ ਜਾਵੇਗੀ। ਸ਼੍ਰੋਮਣੀ ਕਮੇਟੀ ਦੀ ਸਬ ਕਮੇਟੀ ਨੇ ਦਾਅਵਾ ਕੀਤਾ ਹੈ ਕਿ ਇਸ ਫ਼ਿਲਮ ਵਿਚ ਕਈ ਕਈ ਕਮੀਆਂ ਲੱਭੀਆਂ




ਹਨ। ਬੀਬੀ ਕਿਰਨਜੋਤ ਕੌਰ ਨੇ ਦੱਸਿਆ ਕਿ ਸਬ ਕਮੇਟੀ ਨੇ ਸਰਬਸੰਮਤੀ ਨਾਲ ਫ਼ੈਸਲਾ ਲਿਆ ਹੈ ਕਿ ਗੁਰੂ ਸਾਹਿਬ ਦੀਆਂ ਤਸਵੀਰਾਂ ਜਾਂ ਐਨੀਮੇਸ਼ਨ ਨੂੰ ਕਿਸੇ ਵੀ ਰੂਪ ਵਿੱਚ ਨਹੀਂ ਦਿਖਾਇਆ ਜਾ ਸਕਦਾ। ਇਸ ਸਬੰਧੀ ਰਿਪੋਰਟ ਅਕਾਲ ਤਖ਼ਤ ਨੂੰ ਸੌਂਪ ਦਿੱਤੀ ਹੈ। ਹੁਣ ਇਸ ਸਬੰਧੀ ਅਗਲਾ ਫ਼ੈਸਲਾ ਜਥੇਦਾਰ ਵੱਲੋਂ ਕੀਤਾ ਜਾਵੇਗਾ।

ਇਸ ਫ਼ਿਲਮ 'ਤੇ ਵਿਵਾਦ ਮਗਰੋਂ ਸ਼੍ਰੋਮਣੀ ਕਮੇਟੀ ਨੇ ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਦੀ ਅਗਵਾਈ ਹੇਠ ਜਾਂਚ ਕਮੇਟੀ ਬਣਾਈ ਸੀ। ਕਮੇਟੀ ਵਿੱਚ ਬੀਬੀ ਕਿਰਨਜੋਤ ਕੌਰ, ਸਿੱਖ ਵਿਦਵਾਨ ਡਾ. ਇੰਦਰਜੀਤ ਸਿੰਘ ਗੋਗੋਆਣੀ, ਦਿੱਲੀ ਤੋਂ ਮਨਮੋਹਨ ਸਿੰਘ ਤੇ ਕੋਆਰਡੀਨੇਟਰ ਸਿਮਰਜੀਤ ਸਿੰਘ ਸ਼ਾਮਲ ਸਨ। ਕਮੇਟੀ ਦੀ ਮੀਟਿੰਗ ਵਿੱਚ ਮੁੜ ਸੋਧੀ ਫਿਲਮ ਦੇਖੀ ਗਈ। ਕਮੇਟੀ ਨੇ ਇਸ ਵਿੱਚ ਵੀ ਕੁਝ ਇਤਰਾਜ਼ ਲੱਭੇ। ਫਿਲਮ ਨਿਰਮਾਤਾ ਤੇ ਪ੍ਰਬੰਧਕਾਂ ਨੂੰ

ਬਾਕੀ ਸਫ਼ਾ 28 'ਤੇ

## ਸ਼ਿਲਾਂਗ ਦੇ ਸਿੱਖ ਉਜਾੜੇ ਵੱਲ, ਵਸਨੀਕਾਂ ਨੂੰ ਮਿਲੇ ਨੋਟਿਸ

ਸ਼ਿਲਾਂਗ/ਏਟੀ ਨਿਊਜ਼ : ਸ਼ਿਲਾਂਗ ਦੇ ਪੰਜਾਬੀ ਲੇਨ ਇਲਾਕੇ ਦੇ ਵਸਨੀਕਾਂ ਨੂੰ ਅਧਿਕਾਰੀਆਂ ਨੇ ਨੋਟਿਸ ਜਾਰੀ ਕਰਕੇ ਉਨ੍ਹਾਂ ਨੂੰ ਕਾਨੂੰਨੀ ਢੰਗ ਨਾਲ ਵਸੇ ਹੋਣ ਦੇ ਸਬੂਤ ਇਕ ਮਹੀਨੇ ਅੰਦਰ ਦੇਣ ਦੇ ਨਿਰਦੇਸ਼ ਦਿੱਤੇ ਹਨ। ਪੰਜਾਬੀ ਲੇਨ ਵਿਚ ਪੰਜਾਬ ਤੋਂ ਆਏ ਸਿੱਖ ਵਸੇ ਹੋਏ ਹਨ ਜਿਨ੍ਹਾਂ ਨੂੰ ਕਰੀਬ 200 ਸਾਲ ਪਹਿਲਾਂ ਅੰਗਰੇਜ਼ ਕੰਮ ਕਰਾਉਣ ਲਈ ਇਥੇ ਲੈ ਕੇ ਆਏ ਸਨ। ਪਿਛਲੇ ਸਾਲ ਮਈ ਵਿਚ ਇਲਾਕੇ ਅੰਦਰ ਦੋ ਗੁੱਟਾਂ ਵਿਚਕਾਰ ਟਕਰਾਅ ਮਗਰੋਂ ਮਹੀਨੇ ਤੋਂ ਵੱਧ ਸਮੇਂ ਲਈ ਕਰਫਿਊ ਲਗਾਉਣਾ ਪਿਆ ਸੀ। ਸੂਬਾ ਸਰਕਾਰ ਦੀ ਉੱਚ ਪੱਧਰੀ ਕਮੇਟੀ ਦੀ ਹਦਾਇਤ ਮਗਰੋਂ ਸ਼ਿਲਾਂਗ ਮਿਊਂਸਿਪਲ ਬੋਰਡ ਦੇ ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਲੋਕਾਂ ਨੂੰ ਇਹ ਨੋਟਿਸ ਸੌਂਪੇ। ਪੂਰਬੀ ਖਾਸੀ ਹਿੱਲਜ਼ ਜ਼ਿਲ੍ਹਾ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਨੋਟਿਸ ਜਾਰੀ ਕਰਨ ਤੋਂ ਪਹਿਲਾਂ ਪੰਜਾਬੀ ਲੇਨ ਵਿਚ ਦਫ਼ਾ 144 ਲਾਗੂ ਕਰ ਦਿੱਤੀ ਗਈ ਸੀ, ਕਿਉਂਕਿ ਖ਼ੁਫੀਆ ਰਿਪੋਰਟਾਂ ਮਿਲੀਆਂ ਸਨ ਕਿ ਇਲਾਕੇ ਅੰਦਰ ਗੜਬੜ ਹੋ ਸਕਦੀ ਹੈ। ਪਾਬੰਦੀ ਅਗਲੇ ਹੁਕਮਾਂ ਤਕ ਜਾਰੀ ਰਹੇਗੀ। ਇਕ ਅਧਿਕਾਰੀ ਨੇ ਕਿਹਾ ਕਿ ਜਿਹੜੇ ਘਰ ਬੰਦ ਸਨ ਉਨ੍ਹਾਂ ਦੇ ਦਰਵਾਜ਼ਿਆਂ 'ਤੇ ਨੋਟਿਸ ਚਿਪਕਾ ਦਿੱਤੇ ਗਏ ਹਨ।















REAL ESTATE INVESTMENTS?
BUY OR SELL PROPERTY ?
1031 EXCHANGE ?
NEW HOMES ?
ONE STOP SHOP FOR YOU
FREE ONE YEAR PROPERTY MANAGEMENT & SAVE $3000
FEW AREAS ARE GROWING RAPIDLY, TRACY, LATHROP, MANTECA, MOUNTAIN HOUSE,
We can help you get loan approval. Purchase, manage your property and handle all repairs.
TRACY, LATHROP, MANTECA, MOUNTAIN HOUSE
Expert Realtor PARTH GHAI
209-420-5653
HINDI, PUNJABI, AND ENGLISH
Call AnyTime 209-420-5653
VALLEY PACIFIC REALTY AND INVESTMENTS STOCKTON # 01722418




Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE
TRUST
SKYWAY TRAVEL
DOMESTIC and INTERNATIONAL
Special fares to
Amritsar
& Delhi
ਦੋ ਜਾਂ
ਦੋ ਤੋਂ ਵੱਧ
ਟਿਕਟਾਂ ਖਰੀਦਣ
'ਤੇ ਇਕ ਭਾਰ ਤੋਲਣ
ਵਾਲੀ ਮਸ਼ੀਨ ਮੁਫ਼ਤ
ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345




Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ASIANA AIRLINES
A STAR ALLIANCE MEMBER
Asiana Airlines Daily Flight To New Delhi
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد
ETIHAD AIRWAYS
Lufthansa
QATAR AIRWAYS القطرية
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
2016
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

## ਘੱਲੂਘਾਰਾ ਜੂਨ-84 ਦੀ ਸ਼ਹੀਦੀ ਗੈਲਰੀ ਬਣਾਉਣ ਦਾ ਕੰਮ ਰੁਕਿਆ

### ਗੈਲਰੀ ਦਾ ਕੰਮ ਜਲਦੀ ਸ਼ੁਰੂ ਹੋ ਜਾਵੇਗਾ: ਦਮਦਮੀ ਟਕਸਾਲ

**ਅੰਮ੍ਰਿਤਸਰ/ਏਟੀ ਨਿਊਜ਼ :** ਜੂਨ 1984 ਦੇ ਘੱਲੂਘਾਰੇ ਵਿਚ ਸ਼ਹੀਦ ਹੋਏ ਸਿੱਘਾਂ ਦੀ ਯਾਦ ਵਿਚ ਦਮਦਮੀ ਟਕਸਾਲ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਬਣਾਈ ਜਾਣ ਵਾਲੀ 'ਸ਼ਹੀਦੀ ਗੈਲਰੀ' ਦਾ ਕੰਮ ਫ਼ਿਲਹਾਲ ਠੰਢੇ ਬਸਤੇ ਵਿਚ ਪਿਆ ਹੋਇਆ ਹੈ ਅਤੇ ਲਗਪਗ ਡੇਢ ਸਾਲ ਵਿਚ ਗੈਲਰੀ ਸਬੰਧੀ ਕੋਈ ਕੰਮ ਨਹੀਂ ਹੋਇਆ। ਇਹ ਸ਼ਹੀਦੀ ਗੈਲਰੀ ਅਕਾਲ ਤਖ਼ਤ ਨੇੜੇ ਬਣਾਈ ਗਈ ਸ਼ਹੀਦੀ ਯਾਦਗਾਰ ਦੇ ਜ਼ਮੀਨਦੋਜ਼ ਹਿੱਸੇ ਵਿਚ ਬਣਾਉਣ ਦੀ ਯੋਜਨਾ ਹੈ। ਇਸ ਦਾ ਨੀਂਹ ਪੱਥਰ ਛੇ ਜੁਲਾਈ, 2017 ਨੂੰ ਰੱਖਿਆ ਗਿਆ ਸੀ। ਇੱਥੇ ਦੱਸਣਯੋਗ ਹੈ ਕਿ ਸ਼ਹੀਦੀ ਯਾਦਗਾਰ ਵੀ ਦਮਦਮੀ ਟਕਸਾਲ ਵੱਲੋਂ ਬਣਾਈ ਗਈ ਸੀ। ਸ਼ਹੀਦੀ ਗੈਲਰੀ ਦਾ ਨੀਂਹ ਪੱਥਰ ਰੱਖਣ ਸਮੇਂ ਇਸ ਦੀ ਉਲੀਕੀ ਗਈ ਰੂਪ-ਰੇਖਾ ਤਹਿਤ ਇਸ ਉੱਪਰ ਅੱਠ ਕਰੋੜ ਰੁਪਏ ਖਰਚ ਕਰਨ ਦੀ ਯੋਜਨਾ ਸੀ, ਜਿਸ ਤਹਿਤ ਇੱਥੇ ਸ਼ਹੀਦਾਂ ਦੀਆਂ ਤਸਵੀਰਾਂ, ਦਸਤਾਵੇਜ਼ੀ ਫਿਲਮ ਅਤੇ ਹੋਰ ਅਤਿ-ਆਧੁਨਿਕ ਢੰਗ ਨਾਲ ਇਸ ਘੱਲੂਘਾਰੇ ਨੂੰ ਦਰਸਾਉਣ ਦੀ ਯੋਜਨਾ ਬਣਾਈ ਗਈ ਸੀ। ਇਸ ਸਬੰਧੀ ਮਾਹਿਰਾਂ ਕੋਲੋਂ ਸੁਝਾਅ ਵੀ ਲਏ ਗਏ ਸਨ।

ਬਾਕੀ ਸਫ਼ਾ 28 'ਤੇ

# ਵਰਜੀਨੀਆ ਬੀਚ 'ਤੇ ਗੋਲੀਬਾਰੀ ਵਿਚ 12 ਮਰੇ



**ਵਰਜੀਨੀਆ/ਹੁਸਨ ਲੜੋਆ ਬੰਗਾ :** ਵਰਜੀਨੀਆ ਬੀਚ 'ਤੇ ਤਾਇਨਾਤ ਇੱਕ ਕਰਮਚਾਰੀ ਨੇ ਅਚਾਨਕ ਲੋਕਾਂ 'ਤੇ ਫਾਇਰ ਕਰਕੇ 12 ਵਿਅਕਤੀਆਂ ਦੀ ਜਾਨ ਲੈ ਲਈ ਤੇ ਘੱਟੋ ਘੱਟ ਚਾਰ ਹੋਰ ਹਸਪਤਾਲ ਵਿੱਚ ਦਾਖਲ ਹਨ, ਉਹ ਵੀ ਗੰਭੀਰ ਹਾਲਤ ਵਿੱਚ ਦੱਸੇ ਜਾ ਰਹੇ ਹਨ। ਪੁਲਸ ਚੀਫ਼ ਜੇਮਸ ਸੇਰੇਵਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਸ ਪਬਲਿਕ ਯੁਟਿਲਟੀ ਵਿਚ ਕੰਮ ਕਰਦੇ ਕਰਮਚਾਰੀ ਵਲੋਂ ਇਸ ਵਰਦਾਤ ਨੂੰ ਅੰਜਾਮ ਦਿੱਤਾ ਗਿਆ। ਉਸ ਦੀ ਮੌਤ ਵੀ ਪੁਲੀਸ ਨਾਲ ਲੰਬੀ ਗੋਲੀਬਾਰੀ ਤੋਂ ਬਾਅਦ ਹੋ ਗਈ। ਪੁਲੀਸ ਅਨੁਸਾਰ, ਸ਼ੂਟਿੰਗ ਕਰਨ ਵਾਲੇ ਸ਼ੱਕੀ ਦੀ ਪਛਾਣ ਡੀਵਾਏ ਕਰੈਡੌਕ ਵਜੋਂ ਹੋਈ ਹੈ। 40 ਸਾਲਾ ਕ੍ਰੈਡਕ ਪਬਲਿਕ ਯੂਟਿਲਟੀ ਵਿਭਾਗ ਵਿਚ ਵਰਜੀਨੀਆ ਬੀਚ ਦੇ ਸ਼ਹਿਰ ਲਈ ਪ੍ਰਮਾਣਤ ਪੇਸ਼ੇਵਰ ਇੰਜੀਨੀਅਰ ਵਜੋਂ ਕੰਮ ਕਰਦਾ ਸੀ। ਪੁਲੀਸ ਮੁਤਾਬਕ ਇਹ ਸ਼ੂਟਿੰਗ ਉਦੋਂ ਵਾਪਰੀ ਜਦੋਂ ਲੋਕ ਆਪਣੇ ਕੰਮਾਂ ਕਾਰਾਂ ਲਈ ਮਿਊਂਸਪਲ ਸੈਂਟਰ ਆ ਰਹੇ ਸਨ। ਪੁਲਸ ਨੂੰ ਇਸ ਥਾਂ ਤੋਂ ਇਕ ਪਿਸਤੌਲ ਅਤੇ ਇਕ ਰਾਈਫਲ ਮਿਲੀ ਹੈ ਜਿਸ ਵਿਚ ਜਾਂਚਕਾਰਾਂ ਦਾ ਮੰਨਣਾ ਹੈ ਕਿ ਇਹ ਸ਼ੂਟਿੰਗ ਵਿਚ ਵਰਤੇ ਗਏ ਹਨ। ਪੁਲੀਸ ਮੁਖੀ ਨੇ ਪੁਸ਼ਟੀ ਕੀਤੀ ਕਿ ਇਕ .45 ਕੈਲੀਬਰ ਪਿਸਤੌਲ, ਇਕ ਸੁਪਰੇਸਰ ਅਤੇ ਕਈ ਖਾਲੀ, ਉੱਚ-ਸਮਰੱਥਾ ਵਾਲੇ ਮੈਗਜ਼ੀਨ ਗੰਨਮੈਨ ਦੇ ਨੇੜੇ ਮਿਲੇ। ਐਫਬੀਆਈ ਨੇ ਸਥਾਨਕ ਪ੍ਰਸ਼ਾਸਨ ਦੀ ਮਦਦ ਲਈ ਘਟਨਾ ਦੀ ਥਾਂ 'ਤੇ ਇਕ ਫੋਰੈਂਸਿਕ ਦੀ ਟੀਮ ਵੀ ਭੇਜੀ ਹੈ। ਨਵੰਬਰ ਤੋਂ ਬਾਅਦ ਅਮਰੀਕਾ ਵਿਚ ਇਹ ਸਭ ਤੋਂ ਭਿਆਨਕ ਸਮੂਹਿਕ ਗੋਲੀਬਾਰੀ ਦੀ ਘਟਨਾ ਹੈ, ਪਹਿਲਾਂ ਇਸੇ ਤਰ੍ਹਾਂ ਦੀ ਗੋਲੀਬਾਰੀ ਵਿਚ ਕੈਲੀਫੋਰਨੀਆ ਦੇ ਥਾਊਸੈਂਡ ਓਕਸ ਵਿਚ ਬਾਰਡਰਲਾਈਨ ਬਾਰ ਤੇ ਗਰਿੱਲ ਵਿਚ 12 ਲੋਕ ਮਾਰੇ ਗਏ ਸਨ।










# ਸਿਆਟਲ ’ਚ ਪੰਜਾਬ ਤੋਂ ਆਏ ਗੁਰਦੁਆਰਾ ਰੋੜਾਂਵਾਲਾ ਦੇ ਮੁੱਖ ਸੇਵਾਦਾਰ ਸੁਖਦੇਵ ਸਿੰਘ ਸੰਧੂ ਦਾ ਸਨਮਾਨ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਗੁਰਦੁਆਰਾ ਸੱਚਾ ਮਾਰਗ ਐਬਰਲ ਵਿਚ ਭਾਰਤ ਤੋਂ ਪਹੁੰਚੇ ਗੁਰਦੁਆਰਾ ਰੋੜਾਂਵਾਲਾ (ਵਾਹਘਾ ਬਾਰਡਰ) ਦੇ ਮੁੱਖ ਸੇਵਾਦਾਰ ਸੁਖਦੇਵ ਸਿੰਘ ਸੰਧੂ ਨੂੰ ਭਾਈ ਮਨਿੰਦਰ ਸਿੰਘ ਨੇ ਗੁਰੂਘਰ ਵਲੋਂ ਸਿਰਪਾਓ ਦੇ ਕੇ ਨਿਵਾਜਿਆ। ਹਫ਼ਤਾਵਾਰੀ ਧਾਰਮਿਕ ਸਮਾਗਮ ਮੌਕੇ ਭਾਈ ਕੁਲਵਿੰਦਰ ਸਿੰਘ ਦੇ ਕੀਰਤਨੀ ਜਥੇ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਭਾਈ ਮਨਿੰਦਰ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਇਸ ਮੌਕੇ ਮਾਤਾ ਨਸੀਬ ਕੌਰ ਨਾਹਲ ਦੇ ਲੜਕੇ ਭੁਪਿੰਦਰ ਸਿੰਘ ਅਤੇ ਬੀਬੀ ਰਾਜਵਿੰਦਰ ਕੌਰ ਨੇ ਆਪਣੇ ਸਪੁੱਤਰ ਕਾਕਾ ਹਰਮਨ ਸਿੰਘ ਦਾ ਜਨਮ ਦਿਵਸ ਮਨਾਉਂਦਿਆਂ ਵਾਹਿਗੁਰੂ ਦੇ ਸ਼ੁਕਰਾਨੇ ਵਜੋਂ ਲੰਗਰਾਂ ਦੀ ਸੇਵਾ ਬੜੀ ਸ਼ਰਧਾ ਉਤਸ਼ਾਹ ਨਾਲ ਨਿਭਾਈ। ਮਾਤਾ ਨਸੀਬ ਕੌਰ ਨੂੰ ਵੀ ਗੁਰੂਘਰ ਵਲੋਂ ਸਿਰਪਾਓ ਦੇ ਕੇ ਨਿਵਾਜਿਆ ਗਿਆ।



ਗੁਰਦੁਆਰਾ ਸੱਚਾ ਮਾਰਗ ਵਲੋਂ ਭਾਈ ਮਨਿੰਦਰ ਸਿੰਘ ਭਾਰਤ ਤੋਂ ਪਹੁੰਚੇ ਸੁਖਦੇਵ ਸਿੰਘ ਸੰਧੂ ਨੂੰ ਸਿਰਪਾਓ ਦੇ ਕੇ ਨਿਵਾਜਦੇ ਸਮੇਂ।

# ਸ੍ਰੀ ਦਰਬਾਰ ਸਾਹਿਬ ‘ਤੇ ਕੀਤੇ ਹਮਲੇ ਦੀ ਸਿੱਖਾਂ ਤੋਂ ਤੁਰੰਤ ਮੁਆਫੀ ਮੰਗੀ ਜਾਵੇ

## *ਦਿੱਲੀ ਕਮੇਟੀ ਨੇ ਆਪ੍ਰੇਸ਼ਨ ਬਲੂ ਸਟਾਰ ਬਾਰੇ ਮੋਦੀ ਕੋਲ ਰੱਖੀ ਵੱਡੀ ਮੰਗ*

**ਨਵੀਂ ਦਿੱਲੀ/ਏਟੀ ਨਿਊਜ਼ :** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਹੈ ਕਿ 6 ਜੂਨ, 1984 ਨੂੰ ਆਪ੍ਰੇਸ਼ਨ ਬਲੂ ਸਟਾਰ ਤਹਿਤ ਸ੍ਰੀ ਅਕਾਲ ਤਖਤ ਸਾਹਿਬ ਤੇ ਸ੍ਰੀ ਦਰਬਾਰ ਸਾਹਿਬ ‘ਤੇ ਕੀਤੇ ਹਮਲੇ ਦੀ ਸਿੱਖਾਂ ਤੋਂ ਤੁਰੰਤ ਮੁਆਫੀ ਮੰਗੀ ਜਾਵੇ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਬਲੂ ਸਟਾਰ ਨਾਲ ਸਬੰਧਤ ਸਾਰਾ ਰਿਕਾਰਡ ਜਨਤਕ ਕੀਤਾ ਜਾਵੇ। ਡੀਐਸਜੀਐਮਸੀ ਦੇ ਪ੍ਰਧਾਨ ਨੇ ਕਿਹਾ ਕਿ ਹਾਲ ਹੀ ਵਿਚ ਯੂਕੇ ਤੋਂ ਮਿਲੀਆਂ ਰਿਪੋਰਟਾਂ ਵਿੱਚ ਇਹ ਆਖਿਆ ਗਿਆ ਸੀ ਕਿ ਇੰਦਰਾ ਗਾਂਧੀ ਇਹ ਹਮਲਾ ਕਰਨ ਤੋਂ ਕਾਫੀ ਪਹਿਲਾਂ ਇਸ ਦੀ ਯੋਜਨਾ ਬਣਾ ਰਹੀ ਸੀ। ਉਸ ਨੇ ਤਤਕਾਲੀ ਯੂਕੇ ਦੇ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਤੋਂ ਵੀ ਮਦਦ ਮੰਗੀ ਸੀ। ਸਿਰਸਾ ਨੇ ਕਿਹਾ ਕਿ ਦੁਨੀਆਂ ਭਰ ਦੇ ਲੋਕ ਸਾਕਾ ਨੀਲਾ ਤਾਰਾ ਦੀ ਅਸਲੀਅਤ ਜਾਨਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਪਰਦੇ ਪਿੱਛੇ ਕੀ ਹੋਇਆ, ਇਹ ਲੋਕਾਂ ਨੂੰ ਪਤਾ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਸ ਵੇਲੇ ਇੰਦਰਾ ਗਾਂਧੀ ਦੀ ਅਗਵਾਈ ਵਾਲੀ ਸਰਕਾਰ ਨੇ ਹਮਲੇ ਵਾਸਤੇ ਕਿਵੇਂ ਹਾਲਾਤ ਪੈਦਾ ਕੀਤੇ ਤੇ ਕਿਵੇਂ ਉਸ ਨੇ ਸਾਜ਼ਿਸ਼ ਰਚੀ, ਇਸ ਸਾਕਾ ਨੀਲਾ ਤਾਰਾ ਨਾਲ ਜੁੜੀ ਸਾਰੀ ਜਾਣਕਾਰੀ ਜਨਤਕ ਕੀਤੀ ਜਾਣੀ ਚਾਹੀਦੀ ਹੈ।

# ਗਾਖ਼ਲ ਭਰਾਵਾਂ ਦੀ ਅਗਲੀ ਪੰਜਾਬੀ ਫਿਲਮ ਇਸ ਸਾਲ ਦੇ ਅੰਤ ਤੱਕ ਹੋਵੇਗੀ ਵਿਸ਼ਵ ਭਰ ’ਚ ਰਿਲੀਜ਼

## *ਪ੍ਰਸਿੱਧ ਨਿਰਦੇਸ਼ਕ ਸਮੀਪ ਕੰਗ ਉਚੇਚੇ ਤੌਰ ’ਤੇ ਪੁੱਜੇ ਅਮਰੀਕਾ*

**ਵਾਟਸਨਵਿੱਲ/ਏਟੀ ਨਿਊਜ਼ :** ਅਮਰੀਕੀ ਵਪਾਰਕ ਖੇਤਰ ਵਿਚ ਕਾਮਯਾਬੀ ਦਾ ਝੰਡਾ ਬੁਲੰਦ ਕਰਨ ਵਾਲੇ ਗਾਖ਼ਲ ਭਰਾ ਇਸ ਸਾਲ ਦੇ ਅਖੀਰ ਵਿਚ ਵੱਡੇ ਬਜਟ ਦੀ ਪੰਜਾਬੀ ਫਿਲਮ ਦਾ ਨਿਰਮਾਣ ਕਰਨ ਜਾ ਰਹੇ ਹਨ। ਸ. ਅਮੋਲਕ ਸਿੰਘ ਗਾਖ਼ਲ ਅਤੇ ਇਕਬਾਲ ਸਿੰਘ ਗਾਖ਼ਲ ਨੇ ਦੱਸਿਆ ਕਿ ਉਹ ਹਿੰਦੀ ਫਿਲਮ ‘ਸੈਕੰਡ ਹੈਂਡ ਹਸਬੈਂਡ’ ਅਤੇ ਪੰਜਾਬੀ ਫਿਲਮ ‘ਵਿਸਾਖੀ ਲਿਸਟ’ ਦੇ ਨਿਰਮਾਣ ਤੋਂ ਬਾਅਦ ਆਪਣੇ ਹੋਰ ਬਿਜ਼ਨਸ ਕਾਰੋਬਾਰਾਂ ਵਿਚ ਮਸਰੂਫ ਹੋਣ ਕਾਰਨ ਪਿਛਲੇ ਦੋ ਸਾਲਾਂ ਤੋਂ ਫਿਲਮ ਜਗਤ ਨੂੰ ਬਹੁਤੀ ਗੰਭੀਰਤਾ ਨਾਲ ਨਹੀਂ ਲੈ ਸਕੇ ਪਰ ਉਹ ਹੁਣ ਫਿਲਮੀ ਦੁਨੀਆ ਵਿਚ ਸਰਗਰਮੀ ਨਾਲ ਚੰਗੀਆਂ ਫਿਲਮਾਂ ਬਣਾਉਣ ਦੇ ਟੀਚੇ ਨਾਲ ਫਿਰ ਪਰਤੇ ਹਨ। ‘ਕੈਰੀ ਆਨ ਜੱਟਾ’ ਵਰਗੀਆਂ ਦਰਜਨ ਦੇ ਕਰੀਬ ਹਿੱਟ ਅਤੇ ਮਨੋਰੰਜਨ ਭਰਪੂਰ ਫਿਲਮਾਂ ਦੇਣ ਵਾਲੇ ਫਿਲਮ ਨਿਰਦੇਸ਼ਕ ਸਮੀਪ ਕੰਗ, ਗਾਖਲ ਭਰਾਵਾਂ ਦੇ ਇਸੇ ਪ੍ਰੌਜੈਕਟ ਦਾ ਬਲਿਊ ਪ੍ਰਿੰਟ ਤਿਆਰ ਕਰਨ ਲਈ ਉਚੇਚੇ ਤੌਰ ’ਤੇ ਮੁੰਬਈ ਤੋਂ ਅਮਰੀਕਾ ਪਹੁੰਚੇ। ਤਕਰੀਬਨ ਦੋ ਵੱਖ ਵੱਖ ਕਹਾਣੀਆਂ ਨੂੰ ਸਮਾਜਿਕ ਅਤੇ ਮਨੋਰੰਜਨ ਭਰਪੂਰ ਦਿੱਖ ਦੇ ਕੇ ਫਿਲਮਾਂ ਦੇ ਨਿਰਮਾਣ ਲਈ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਨਿਰਦੇਸ਼ਕ ਸਮੀਪ ਕੰਗ ਨੇ ਕਿਹਾ ਕਿ ਗਾਖਲ ਭਰਾਵਾਂ ਦੀ ਪਿਛਲੀ ਪੰਜਾਬੀ ਫਿਲਮ ਵਿਸਾਖੀ ਲਿਸਟ ਦਾ ਨਿਰਦੇਸ਼ਨ ਵੀ ਉਸ ਨੇ (ਸਮੀਪ ਕੰਗ) ਹੀ ਕੀਤਾ ਸੀ ਅਤੇ ਉਹ ਇਨ੍ਹਾਂ ਭਰਾਵਾਂ ਨਾਲ ਕੰਮ ਕਰਕੇ ਬੇਹੱਦ ਖੁਸ਼ੀ ਮਹਿਸੂਸ ਕਰਦਾ ਹੈ। ਪ੍ਰਸਿੱਧ ਗਾਇਕ ਅਤੇ ਅਦਾਕਾਰ ਅਮਰਿੰਦਰ ਗਿੱਲ ਨਾਲ ਫਿਲਮ ਬਣਾਉਣ ਦਾ ਨਿਰਣਾ ਹੋ ਚੁੱਕਾ ਹੈ ਅਤੇ ਸੋਨਮ ਬਾਜਵਾ ਨੂੰ ਹੀਰੋਇਨ ਵਜੋਂ ਲੈਣ ਦਾ ਵਿਚਾਰ ਹੈ। ਪੰਜਾਬੀ ਦੇ ਉੱਘੇ ਲੇਖਕ ਐੱਸ.ਅਸ਼ੋਕ ਭੌਰਾ ਪਿਛਲੇ ਦੋ ਸਾਲਾਂ ਤੋਂ ਇਸ ਫਿਲਮ ਦੀ ਕਹਾਣੀ ਅਤੇ ਹੋਰ ਪੱਖਾਂ ਤੇ ਗੰਭੀਰਤਾ ਨਾਲ ਕੰਮ ਕਰ ਰਹੇ ਹਨ। ਅਮਰੀਕੀ ਜਨ ਜੀਵਨ ਨਾਲ ਜੁੜੀ ਇਸ ਕਹਾਣੀ ਤੇ ਅਧਾਰਿਤ ਫਿਲਮ ਦਾ ਕੁਝ ਹਿੱਸਾ ਅਮਰੀਕਾ ਵਿਚ ਵੀ ਫਿਲਮਾਇਆ ਜਾਵੇਗਾ।



ਗਾਖਲ ਭਰਾ ਇਕਬਾਲ ਸਿੰਘ ਗਾਖਲ ਤੇ ਅਮੋਲਕ ਸਿੰਘ ਗਾਖਲ ਫਿਲਮ ਨਿਰਦੇਸ਼ਕ ਸਮੀਮ ਕੰਗ ਦਾ ਅਮਰੀਕਾ ਪੁੱਜਣ ’ਤੇ ਸਵਾਗਤ ਕਰਦੇ ਹੋਏ।

ਇੱਥੇ ਨਿਰਦੇਸ਼ਕ ਸਮੀਪ ਕੰਗ ਦਾ ਸਵਾਗਤ ਕਰਦਿਆਂ ਸ੍. ਅਮੋਲਕ ਸਿੰਘ ਗਾਖਲ ਅਤੇ ਪਲਵਿੰਦਰ ਸਿੰਘ ਗਾਖਲ ਨੇ ਕਿਹਾ ਕਿ ਇਸ ਸਾਲ ਦੇ ਅੰਤ ਤਕ ਨਵੀਂ ਫਿਲਮ ਰਿਲੀਜ਼ ਕਰਨ ਜਾ ਰਹੇ ਹਨ। ਆਸ ਹੈ ਕਿ ਉਹ ਕਾਰੋਬਾਰ ਦੇ ਹੋਰ ਖੇਤਰਾਂ ਦੇ ਨਾਲ ਫਿਲਮੀ ਖੇਤਰ ਵਿਚ ਵੀ ਨਿਵੇਕਲੀ ਤੇ ਸਫਲ ਪੈੜ ਪਾਉਣਗੇ।

# ਗੁਰੂ ਨਾਨਕ ਸਾਹਿਬ ਦਾ ਬੁੱਤ ਹਟਾਇਆ

**ਅੰਮ੍ਰਿਤਸਰ/ਏਟੀ ਨਿਊਜ਼ :** ਸਿੱਖ ਜਗਤ ਦੇ ਵਿਰੋਧ ਨੂੰ ਦੇਖਦਿਆਂ ਗੁਜਰਾਤ ਦੇ ਭਾਵਨਗਰ ਸ਼ਹਿਰ ਵਿਚ ਸਿੰਧੀ ਸਮਾਜ ਵਲੋਂ ਸਥਾਪਤ ਗੁਰੂ ਨਾਨਕ ਦੇਵ ਜੀ ਦੇ ਬੁੱਤ ਨੂੰ ਹਟਾ ਦਿੱਤਾ ਗਿਆ ਹੈ। ਹੁਣ ਇਸ ਦੀ ਥਾਂ ‘ਖੰਡਾ’ ਸਥਾਪਤ ਕੀਤਾ ਜਾਵੇਗਾ। ਬੁੱਤ ਸਥਾਪਤ ਕਰਨ ਵਾਲੇ ਸਿੰਧੀ ਸਮਾਜ ਦੇ ਆਗੂਆਂ ਵਲੋਂ ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਨੂੰ ਸਬੰਧਤ ਤਸਵੀਰਾਂ ਅਤੇ ਵੀਡੀਓ ਬਣਾ ਕੇ ਭੇਜੀ ਗਈ ਹੈ, ਜਿਸ ਰਾਹੀਂ ਉਨ੍ਹਾਂ ਸਪੱਸ਼ਟ ਕੀਤਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਬੁੱਤ ਹਟਾ ਦਿੱਤਾ ਗਿਆ ਹੈ। ਜਾਣਕਾਰੀ ਅਨੁਸਾਰ ਕਰੇਨ ਰਾਹੀਂ ਬੁੱਤ ਨੂੰ ਹੋਰ ਥਾਂ ਰੱਖ ਦਿੱਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਸਿੰਧੀ ਭਾਈਚਾਰੇ ਨੇ ਸ਼੍ਰੋਮਣੀ ਕਮੇਟੀ ਦੀ ਹਦਾਇਤ ’ਤੇ ਗੁਰੂ ਨਾਨਕ ਦੇਵ ਜੀ ਦਾ ਬੁੱਤ ਚੌਕ ਵਿਚੋਂ ਹਟਾ ਦਿੱਤਾ ਹੈ।

ਬਾਕੀ ਸਫ਼ਾ 28 ’ਤੇ


# WHITE HAWK TRUCKING INC

## *Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires

• Minor to Major Repair • Rebuild Engine Transmission DEF, DPF Cleaning

• Any kind of Road Service • Computer Diagnose

*Call for more Info:*

510 774 4191 (Kuljit Singh)

209 242 9569 (Dispatched)

209 564 8899 (Davinder Singh)

209 345 6968 (Ranthir Singh)

**2101 MARTIN LUTHER KING JR WAY STOCKTON, CA 95205**

# ਬਾਬ ਢਿੱਲੋਂ ਧੜਾ ਕੂੜ ਪ੍ਰਚਾਰ ਕਰਕੇ ਸੰਗਤ ਨੂੰ ਗੁੰਮਰਾਹ ਕਰ ਰਿਹਾ ਹੈ : ਸਿੱਖ ਆਗੂ

## ਮੈਂਬਰਲਿਸਟ ਨਾ ਦੇਣ ਕਰਕੇ ਅਦਾਲਤ ਦਾ ਦਰਵਾਜ਼ਾ ਖੜਕਾਉਣਾ ਪਿਆ

**ਸੈਨਹੋਜ਼ੇ/ਏਟੀ ਨਿਊਜ਼ :**
ਸੈਨਹੋਜੇ ਗੁਰਦੁਆਰਾ ਸਾਹਿਬ ਨਾਲ ਸਬੰਧਤ ਸੰਗਤ ਮੈਂਬਰਾਂ ਸਰਬਜੋਤ ਸਿੰਘ ਸਵੱਦੀ, ਨੀਟੂ ਸਿੰਘ ਕਾਹਲੋਂ, ਹਰਪਾਲ ਸਿੰਘ ਚਾਹਲ ਅਤੇ ਭੁਪਿੰਦਰ ਸਿੰਘ ਚੀਮਾ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਪਿਛਲੇ ਹਫ਼ਤੇ ਸੈਨਹੋਜੇ ਗੁਰਦੁਆਰਾ ਕਮੇਟੀ ਤਰਫੋਂ ਪੰਜਾਬ ਟਾਈਮਜ਼ ਵਿੱਚ ਇੱਕ ਇਸ਼ਤਿਹਾਰ ਦੁਆਰਾ ਬਾਬ ਢਿੱਲੋਂ ਧੜੇ ਨੇ ਤੱਥਾਂ ਤੋਂ ਬਿਨਾ ਕੂੜ ਪ੍ਰਚਾਰ ਕਰਦਿਆਂ ਸੰਗਤ ਨੂੰ ਗੁੰਮਰਾਹ ਕਰਨ ਦੀ ਨਾ- ਕਾਮਯਾਬ ਕੋਸ਼ਿਸ਼ ਕੀਤੀ ਹੈ।

ਉਨ੍ਹਾਂ ਕਿਹਾ ਕਿ ਪਿਛਲੇ ਤਕਰੀਬਨ ਇਕ ਸਾਲ ਤੋਂ ਸੰਗਤਾਂ ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀ ਕਮੇਟੀ ਤੋਂ ਕਈ ਵਾਰੀ ਉਨ੍ਹਾਂ ਨੂੰ ਮਿਲ ਕੇ ਅਤੇ ਲਿਖਤੀ ਤੌਰ ’ਤੇ ਮੰਗ ਕਰ ਚੁੱਕੀਆਂ ਹਨ ਕਿ ਆਉਣ ਵਾਲੀਆਂ ਚੋਣਾਂ ਵਾਸਤੇ ਸਾਨੂੰ ਮੈਂਬਰਸ਼ਿਪ ਲਿਸਟ ਦਿੱਤੀ ਜਾਵੇ। ਅਫ਼ਸੋਸ ਦੀ ਗੱਲ ਹੈ ਕਿ ਬਾਬ ਢਿੱਲੋਂ ਅਤੇ ਕਾਬਜ਼ ਕਮੇਟੀ ਨੇ ਮੈਂਬਰਲਿਸਟ ਦੇਣ ਤੋਂ ਇਨਕਾਰ ਕਰ ਦਿੱਤਾ ਹੈ ਜੋ ਕਿ ਕਾਨੂੰਨ ਦੀ ਉਲੰਘਣਾ ਹੈ।

ਜਦੋਂ ਬਾਬ ਢਿੱਲੋਂ ਦੀ ਕਮੇਟੀ ਨੇ ਕਿਸੇ ਦੀ ਗੱਲ ਨਹੀਂ ਸੁਣੀ ਤਾਂ ਜਨਰਲ ਬਾਡੀ ਦੇ ਮੈਂਬਰਾਂ ਭਾਈ ਹਰਪਾਲ ਸਿੰਘ ਨਾਹਲ ਅਤੇ ਭਾਈ ਭੁਪਿੰਦਰ ਸਿੰਘ ਨੇ ਇਸ ਮਸਲੇ ਦਾ ਕਾਨੂੰਨੀ ਉਪਾਅ ਲੱਭਣ ਵਾਸਤੇ ‘ਰਿੱਟ ਆਫ਼ ਮੈਨਡੇਟ’ ਦੀ ਬੇਨਤੀ ਮਾਨਯੋਗ ਅਦਾਲਤ ਵਿਚ ਦਾਇਰ ਕਰ ਦਿੱਤੀ ਤਾਂ ਕਿ ਗੁਰਦੁਆਰਾ ਸਾਹਿਬ ਦੀ ਕਮੇਟੀ ਨੂੰ ਕਾਨੂੰਨ ਦੀ ਉਲੰਘਣਾ ਕਰਨ ਤੋਂ ਰੋਕਿਆ ਜਾਵੇ।

ਗੁਰਦੁਆਰਾ ਸਾਹਿਬ ਦੇ ਸੰਵਿਧਾਨ ਅਨੁਸਾਰ ਗੁਰਦੁਆਰਾ ਸਾਹਿਬ ਦੇ ਮੈਂਬਰਾਂ ਦੀ ਲਿਸਟ ਕਿਸੇ ਵੀ ਮੈਂਬਰ ਨੂੰ ਗੁਰਦੁਆਰਾ ਸਾਹਿਬ ਦੇ ਸੂਝ ਬੂਝ ਵਾਲੇ ਕਾਰਜਾਂ ਵਾਸਤੇ ਦਿੱਤੀ ਜਾ ਸਕਦੀ ਹੈ। ਇਸ ਸਬੰਧੀ ਡਾ. ਤਰਲੋਚਨ ਸਿੰਘ ਨਾਹਲ ਅਤੇ ਉਸ ਦੇ ਸਾਥੀਆਂ ਨੇ ਸੰਨ 2011 ਤੋਂ 2015 ਤੱਕ ਬਹੁਤ ਲੰਮੀ ਕਾਨੂੰਨੀ ਲੜਾਈ ਲੜ ਕੇ ਜਿੱਤ ਪ੍ਰਾਪਤ ਕੀਤੀ ਸੀ ਅਤੇ ਵੋਟਰ ਲਿਸਟ ਮੈਂਬਰਾਂ ਨੂੰ ਦੁਆਉਣ ਸਬੰਧੀ ਮਾਨਯੋਗ ਅਦਾਲਤ ਵਲੋਂ ਬਕਾਇਦਾ ਹੁਕਮ ਵੀ ਜਾਰੀ ਕਰਵਾਇਆ ਸੀ ਜਿਸ ਦੀ ਇਹ ਕਮੇਟੀ ਉਲੰਘਣਾ ਕਰ ਰਹੀ ਹੈ। ਆਪਣੇ ਝੂਠ ਅਤੇ ਕਾਨੂੰਨੀ ਉਲੰਘਣਾ ਨੂੰ ਛੁਪਾਉਣ ਲਈ ਇਹ ਸੰਗਤਾਂ ਨੂੰ ਗੁੰਮਰਾਹ ਕਰਨ ਲਈ ਇਹ ਕਹਿ ਰਹੇ ਹਨ ਕਿ ਇਨ੍ਹਾਂ ਜਨਰਲ ਬਾਡੀ ਦੇ ਮੈਂਬਰਾਂ ਨੇ ਗੁਰਦੁਆਰਾ ਸਾਹਿਬ ਉਤੇ ਕੇਸ ਕਰ ਦਿੱਤਾ ਹੈ। ਸੰਗਤਾਂ ਇਸ ਸਬੰਧੀ ਸੁਚੇਤ ਰਹਿਣ।

ਦੋ ਹਫ਼ਤੇ ਪਹਿਲਾਂ ਦੀਵਾਨ ਹਾਲ ਵਿੱਚ ਤਣਾਅ ਬਾਰੇ ਸੰਗਤ ਮੈਂਬਰਾਂ ਨੇ ਕਿਹਾ ਕਿ ਇਸ ਦਾ ਜ਼ੁੰਮੇਵਾਰ ਵੀ ਆਪੇ ਬਣਿਆਂ ਪ੍ਰਧਾਨ ਬਾਬ ਢਿੱਲੋਂ ਹੀ ਹੈ। ਬਾਬ ਢਿੱਲੋਂ ਦੀਵਾਨ ਹਾਲ ਵਿੱਚ ਸੰਗਤ ਨੂੰ ਗੁੰਮਰਾਹ ਕਰ ਰਿਹਾ ਸੀ। ਉਹ ਕਹਿ ਰਿਹਾ ਸੀ ਕਿ ਕੁੱਝ ਬੰਦਿਆਂ ਨੇ ਗੁਰਦੁਆਰਾ ਸਾਹਿਬ ਤੇ ਲਾਅ ਸੂਟ ਕਰ ਦਿੱਤਾ ਹੈ ਅਤੇ ਗੁਰਦੁਆਰਾ ਸਾਹਿਬ ਦੀ ਗੋਲਕ ਦਾ ਉਜਾੜਾ ਕਰ ਰਹੇ ਹਨ। ਸੰਗਤ ਮੈਂਬਰਾਂ ਨੇ ਬਾਬ ਢਿੱਲੋਂ ਨੂੰ ਸਵਾਲ ਕੀਤਾ ਸੀ ਕਿ ਗੋਲਕ ਦਾ ਉਜਾੜਾ ਕਰਨ ਵਾਲਾ ਕੌਣ ਹੈ? ਜ਼ਿਕਰਯੋਗ ਹੈ ਕਿ ਪਿਛਲੇ 8-9 ਮਹੀਨੇ ਤੋਂ ਸੰਗਤ ਦੇ ਮੈਂਬਰ ਗੁਰਦੁਆਰਾ ਸਾਹਿਬ ਦੀਆ ਅਗਾਮੀ ਚੋਣਾਂ ਦੇ ਮੱਦੇਨਜ਼ਰ ਵੋਟਰਾਂ ਨਾਲ ਸੰਪਰਕ ਕਰਨ ਲਈ ਵੋਟਰ ਲਿਸਟ ਅਤੇ ਮਿਆਦ ਪੁੱਗ ਚੁੱਕੀ ਵੋਟਰ ਲਿਸਟ ਦੀ ਮੰਗ ਕਰ ਰਹੇ ਹਨ, ਜਦੋਂ ਕਿ ਬਾਬ ਢਿੱਲੋਂ ਧੜਾ ਵੋਟਰ ਲਿਸਟ ਦੇਣ ਤੋਂ ਟਾਲ ਮਟੋਲ ਕਰ ਰਿਹਾ ਹੈ। ਅਨੇਕਾਂ ਈ- ਮੇਲਾਂ ਕੀਤੀਆਂ ਅਤੇ ਨਿੱਜੀ ਤੌਰ ‘ਤੇ ਮਿਲ ਕੇ ਵੀ ਮੰਗ ਕੀਤੀ ਗਈ ਪਰ ਬਾਬ ਢਿੱਲੋਂ ਧੜਾ ਗੋਲਮੋਲ ਹੀ ਜੁਆਬ ਦਿੰਦਾ ਰਿਹਾ। ਅਖੀਰ ਮਜਬੂਰੀ ਵਸ ਸੰਗਤ ਦੇ ਮੈਂਬਰਾਂ ਨੇ ਵੋਟਰ ਲਿਸਟ ਲੈਣ ਲਈ ਸਿਰਫ ਰਿੱਟ ਕੀਤੀ ਹੈ , ਬਾਬ ਢਿੱਲੋਂ ਧੜਾ ਉਸ ਨੂੰ ਲਾਅ ਸੂਟ ਕਹਿ ਕੇ ਕੂੜ ਪ੍ਰਚਾਰ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਅਸੀਂ ਸੰਗਤ ਨੂੰ ਸਨਿਮਰ ਬੇਨਤੀ ਕਰਦੇ ਹਾਂ ਕਿ ਸੰਗਤ ਦੇ ਮੈਂਬਰ ਵਕੀਲਾਂ ਦਾ ਖ਼ਰਚਾ ਆਪਣੀ ਜੇਬ੍ਹ ਵਿੱਚੋਂ ਕਰ ਰਹੇ ਹਨ । ਬਾਬ ਢਿੱਲੋਂ ਧੜਾ ਵੀ ਆਪਣੀ ਜੇਬ੍ਹ ਵਿੱਚੋਂ ਖਰਚ ਕਰੇ, ਫਿਰ ਗੋਲਕ ਦਾ ਉਜਾੜਾ ਕਿਉਂ ਹੋਵੇਗਾ?

ਸਰਬਜੋਤ ਸਿੰਘ ਸਵੱਦੀ ਅਤੇ ਨੀਟੂ ਸਿੰਘ ਕਾਹਲੋਂ ਨੂੰ ਗੁਰਦੁਆਰਾ ਕਮੇਟੀ ਵਿੱਚੋਂ ਗੁਰਦੁਆਰਾ ਪ੍ਰਬੰਧਾਂ ਵਿੱਚ ਹੱਥ ਨਾ ਵਟਾਉਣ ਅਤੇ ਪ੍ਰਬੰਧਾਂ ਵਿੱਚ ਕੋਈ ਜ਼ੁੰਮੇਵਾਰੀ ਨਾ ਲੈਣ ਦੇ ਦੋਸ਼ ਤਹਿਤ ਕਮੇਟੀ ਵਿੱਚੋਂ ਕੱਢਣ ਦੀ ਗੱਲ ਕਹੀ ਗਈ ਹੈ ਜੋ ਸਚਾਈ ਤੋਂ ਕੋਹਾਂ ਦੂਰ ਹੈ। ਉਨ੍ਹਾਂ ਕਿਹਾ ਕਿ ਅਸੀਂ ਪਹਿਲਾਂ ਵੀ ਅਖਬਾਰਾਂ ਵਿੱਚ ਸਪੱਸ਼ਟ ਕਰ ਚੁੱਕੇ ਹਾਂ ਕਿ ਅਸਲ ਵਿੱਚ ਸਚਾਈ ਇਹ ਹੈ ਕਿ ਤਾਨਾਸ਼ਾਹੀ ਸੋਚ ਰੱਖਣ ਵਾਲਾ ਬਾਬ ਢਿੱਲੋਂ ਆਪਣੇ ਨਾਲ “ਰਬੜ ਦੀ ਮੋਹਰ“ ਰੂਪੀ ਹਾਂ ਵਿੱਚ ਹਾਂ ਮਿਲਾਉਣ ਵਾਲਾ ਜੀ ਹਜ਼ੂਰੀਆ ਖ਼ਾਸ ਕਰਕੇ ਪਰਿਵਾਰ ਨਾਲ ਸਬੰਧਤ ਕਮੇਟੀ ਮੈਂਬਰ ਹੀ ਰੱਖਣਾ ਚਹੁੰਦਾ ਹੈ। ਅਗਰ ਕੋਈ ਵੀ ਮੈਂਬਰ ਬਾਬ ਢਿੱਲੋਂ ਦਾ ਥੋੜਾ ਜਿਹਾ ਵੀ ਵਿਰੋਧ ਜਾਂ ਕੋਈ ਸਵਾਲ ਵੀ ਕਰੇਗਾ ਤਾਂ ਇਹ ਬਰਦਾਸ਼ਤ ਨਹੀਂ ਕਰੇਗਾ। ਕੰਮ ਨਾ ਕਰਨ ਦਾ ਬਹਾਨਾ ਬਣਾ ਕੇ ਇਸ ਨੇ ਗੁਰਦੁਆਰਾ ਸਾਹਿਬ ਦੀ ਸ਼ੁਰੂਆਤ ਕਰਨ ਵਾਲੇ ਪਹਿਲੇ ਮੈਂਬਰ ਵੀ ਕੱਢੇ ਸਨ ਅਤੇ ਉਸੇ ਨੀਤੀ ਤਹਿਤ ਇਸ ਨੇ ਸਰਬਜੋਤ ਸਿੰਘ ਸਵੱਦੀ ਅਤੇ ਨੀਟੂ ਸਿੰਘ ਕਾਹਲੋਂ ਨੂੰ ਵੀ ਕਮੇਟੀ ਵਿੱਚੋਂ ਪਾਸੇ ਕੀਤਾ ਹੈ ।

ਜੋ ਬਾਬ ਢਿੱਲੋਂ ਧੜੇ ਨੇ ਆਪਣੀ ਪੁਰਾਣੀ ਆਦਤ ਮੁਤਾਬਕ ਅਖ਼ਬਾਰ ਵਿੱਚ ਜਸਵੰਤ ਸਿੰਘ ਹੋਠੀ ‘ਤੇ ਮੀਟਿੰਗ ਵਿੱਚ ਆ ਕੇ ਤਣਾਅ ਪੈਦਾ ਕਰਨ ਦਾ ਇਲਜ਼ਾਮ ਲਾਇਆ ਹੈ, ਉਸ ਦਾ ਜ਼ੁੰਮੇਵਾਰ ਪ੍ਰੀਤਮ ਗਰੇਵਾਲ਼ ਹੈ ਤੇ ਤਣਾਅ ਪੈਦਾ ਕਰਨ ਵਾਲੀ ਸ਼ੁਰੂਆਤ ਵੀ ਪ੍ਰੀਤਮ ਗਰੇਵਾਲ ਨੇ ਹੀ ਕੀਤੀ ਸੀ। ਜਸਵੰਤ ਸਿੰਘ ਹੋਠੀ ਤਾਂ ਸਿਰਫ ਇਹ ਕਹਿਣ ਆਇਆ ਸੀ ਕਿ ਤੁਸੀਂ ਸਾਡੇ ਨਾਲ ਲਿਖਤੀ ਰੂਪ ਵਿੱਚ ਸਮਝੌਤਾ ਕੀਤਾ ਸੀ ਕਿ ਅੱਗੇ ਤੋਂ ਇਕੱਠੇ ਹੋ ਕੇ ਰਲ ਮਿਲ ਕੇ ਕੰਮ ਕਰਾਂਗੇ ਅਤੇ ਗੁਰਦੁਆਰਾ ਸਾਹਿਬ ਦੇ ਹਰ ਕਾਰਜ ਵਿੱਚ ਵੱਧ ਚੱੜ ਕੇ ਹਿੱਸਾ ਲਵਾਂਗੇ ਪਰ ਤੁਸੀਂ ਹੁਣ ਆਪਣੇ ਕੀਤੇ ਵਾਅਦੇ ਤੋਂ ਭੱਜ ਰਹੇ ਹੋ।

ਜਿੱਥੋਂ ਤੱਕ ਬਾਬ ਢਿੱਲੋਂ ਧੜੇ ਨੇ ਦੀਵਾਨ ਹਾਲ ਵਿੱਚ ਬੇਅਦਬੀ ਦੀ ਗੱਲ ਕੀਤੀ ਹੈ , ਉਸ ਗੱਲ ਉਤੇ ਵੈਸੇ ਤਾਂ ਹਾਸਾ ਹੀ ਆਉਂਦਾ ਹੈ ਕਿਉਂਕਿ ਜਿਹੜੇ ਕਮੇਟੀ ਮੈਂਬਰਾਂ ਨੂੰ ਸਿੱਖੀ ਦੇ ਮੁੱਢਲੇ ਅਸੂਲਾਂ, ਸਿਧਾਂਤਾਂ ਅਤੇ ਮਰਯਾਦਾ ਦਾ ਹੀ ਪਤਾ ਨਹੀਂ, ਉਹ ਸੰਗਤ ਨੂੰ ਬੇਅਦਬੀ ਦਾ ਪਾਠ ਪੜ੍ਹਾ ਰਹੇ ਹਨ। ਜ਼ਿਕਰਯੋਗ ਹੈ ਕਿ ਗੁਰਦੁਆਰਾ ਸਾਹਿਬ ਦੇ ਪ੍ਰਮੁੱਖ ਅਹੁਦੇਦਾਰ ਅੰਮ੍ਰਿਧਾਰੀ ਵੀ ਨਹੀਂ ਹਨ।

**ਬਾਬ ਢਿਲੋਂ ਵਲੋਂ ਝੂਠਾ ਇਸ਼ਤਿਹਾਰ**


SUPERIOR COURT OF CALIFORNIA, COUNTY OF SANTA CLARA
HARPAL SINGH CHAHAL and BHUPINDER CHEEMA SINGH
Petitioners,
vs.
SIKH GURDWARA-SAN JOSE(CALIFORNIA) a California Non-Profit
CASE NO. 19CV347730

**ਅਸਲ ਅਰਜ਼ੀ ਸਿਰਫ਼ ਮੈਂਬਰਸ਼ਿਪ ਲਿਸਟ ਲੈਣ ਵਾਸਤੇ**


SUPERIOR COURT OF THE STATE OF CALIFORNIA
COUNTY OF SANTA CLARA









# ਬੀਜੇਪੀ ਫਰੈਂਡਜ਼ ਆਫ ਓਵਰਸੀਜ਼ ਨੇ ਮੋਦੀ ਸਰਕਾਰ ਦੀ ਜਿੱਤ ਦਾ ਜਸ਼ਨ ਮਨਾਇਆ






**ਵਾਸ਼ਿੰਗਟਨ ਡੀਸੀ/ਰਾਜ ਗੋਗਨਾ :**
ਅਮਰੀਕਾ ਦੇ ਮੈਟਰੋਪੁਲਿਟਨ ਏਰੀਏ ਦੇ ਬੀਜੇਪੀ. ਫਰੈਂਡਜ਼ ਆਫ ਓਵਰਸੀਜ਼ ਵਿੰਗ ਵੱਲੋਂ ਮੈਰੀਲੈਂਡ ਸੂਬੇ 'ਚ ਮੋਦੀ ਸਰਕਾਰ ਦੀ ਜਿੱਤ ਦਾ ਸਮਾਗਮ ਕੀਤਾ ਗਿਆ। ਇਹ ਸਮਾਗਮ ਮੈਰੀਲੈਂਡ ਦੇ ਹਿੰਦੂ ਮੰਦਿਰ ਦੇ ਹਾਲ ਵਿੱਚ ਆਯੋਜਿਤ ਕੀਤਾ ਗਿਆ ਜਿਸ ਵਿੱਚ ਦੋ ਸੌ ਤੋਂ ਉੱਪਰ ਕਾਰਜ-ਕਰਤਾ, ਪ੍ਰਸ਼ੰਸਕ ਅਤੇ ਮੋਦੀ ਦੇ ਹਮਾਇਤੀ ਪਹੁੰਚੇ। ਜਿੱਥੇ ਆਏ ਮਹਿਮਾਨਾਂ ਦੀ ਜਾਣ-ਪਹਿਚਾਣ ਕਰਵਾਈ ਗਈ, ਉੱਥੇ ਆਏ ਮਹਿਮਾਨਾਂ ਦੀ ਚਾਹ-ਪਕੌੜਿਆਂ ਨਾਲ ਸੇਵਾ ਵੀ ਕੀਤੀ ਗਈ ਅਤੇ ਆਏ ਮਹਿਮਾਨਾਂ ਨੇ ਇੱਕ ਦੂਜੇ ਨੂੰ ਮੋਦੀ ਦੀ ਜਿੱਤ ਦੀਆਂ ਵਧਾਈਆਂ ਦਿੱਤੀਆਂ।

ਸਮਾਗਮ ਦੀ ਸ਼ੁਰੂਆਤ ਦੀਪ ਜਲਾ ਕੇ ਕੀਤੀ ਗਈ ਤਾਂ ਜੋ ਵੱਡੇ-ਵਡੇਰਿਆਂ ਤੋਂ ਅਸ਼ੀਰਵਾਦ ਲਿਆ ਜਾ ਸਕੇ। ਇਸ ਵਿੱਚ ਸਿੱਖ ਅਫੇਅਰ ਤੋਂ ਜਸਦੀਪ ਸਿੰਘ ਜੱਸੀ, ਕੰਵਲਜੀਤ ਸਿੰਘ ਸੋਨੀ ਕੁਆਰਡੀਨੇਟਰ ਅਮਰੀਕਾ, ਡਾ. ਅਡੱਪਾ ਪ੍ਰਸਾਦ ਉੱਪ ਪ੍ਰਧਾਨ ਬੀਜੇਪੀ. ਅਮਰੀਕਾ, ਬਾਨੂੰ ਪ੍ਰਸਾਦ, ਡਾ. ਸਕਸੇਰੀਆ ਵਲੋਂ ਇਹ ਰਸਮ ਨਿਭਾਈ ਗਈ। ਉਪਰੰਤ ਅਮਰੀਕਾ ਦੇ ਰਾਸ਼ਟਰੀ ਗੀਤ ਅਤੇ ਭਾਰਤ ਦੇ ਰਾਸ਼ਟਰੀ ਗੀਤ ਨਾਲ ਆਏ ਮਹਿਮਾਨਾਂ ਨੂੰ ਜਾਗਰੂਕ ਕੀਤਾ ਗਿਆ। ਵੰਦੇ ਮਾਤਰਮ ਪੜ੍ਹਨ ਉਪਰੰਤ ਸਮਾਗਮ ਦੀ ਸ਼ੁਰੂਆਤ ਕੀਤੀ ਗਈ।

ਬੁਲਾਰਿਆਂ ਵਿੱਚ ਜਸਦੀਪ ਸਿੰਘ ਜੱਸੀ ਚੇਅਰਮੈਨ ਸਿੱਖਸ ਆਫ ਅਮਰੀਕਾ ਨੇ ਪ੍ਰਧਾਨ ਮੰਤਰੀ ਮੋਦੀ ਵਲੋਂ ਸਿੱਖਾਂ ਵੱਲੋ ਦਿੱਤੀਆਂ ਮੰਗਾਂ ਨੂੰ ਨੇਪਰੇ ਚਾੜ੍ਹਨ ਦਾ ਧੰਨਵਾਦ ਕੀਤਾ ਗਿਆ, ਜਿਸ ਵਿੱਚ ਕਾਲੀ ਸੂਚੀ ਖਤਮ ਕਰਨਾ, ਰਾਸ਼ਟਰੀ ਸ਼ਰਨ ਪ੍ਰਾਪਤ ਕਰਤਾ ਨੂੰ ਵੀਜ਼ੇ-ਪਾਸਪੋਰਟ ਦੇਣ ਦੀ ਵਿਧੀ ਸੌਖੀ ਬਣਾਉਣਾ ਆਦਿ ਸ਼ਾਮਲ ਹੈ।ਡਾ. ਅਡੱਪਾ ਪ੍ਰਸਾਦ ਵਲੋਂ ਵਿਕਾਸ ਕਾਰਜਾਂ ਤੇ ਚਾਨਣ ਪਾਇਆ ਅਤੇ ਦੱਸਿਆ ਕਿ ਸੰਸਾਰ ਦੇ ਅਗਾਂਹਵਧੂ ਮੁਲਕਾਂ ਨਾਲ ਭਾਰਤ ਦੀ ਸੰਧੀ ਵੱਖ-ਵੱਖ ਖੇਤਰਾਂ ਵਿੱਚ ਕਰਕੇ ਭਾਰਤ ਨੂੰ ਮਜ਼ਬੂਤ ਕਰਨ ਦਾ ਕਾਰਜ ਸਿਰਫ ਨਰਿੰਦਰ ਮੋਦੀ ਨੇ ਕੀਤਾ ਹੈ। ਇਸ ਸਦਕਾ ਉਹ ਦੁਬਾਰਾ ਭਾਰਤ ਦੇ ਪ੍ਰਧਾਨ ਮੰਤਰੀ ਬਹੁਮਤ ਨਾਲ ਬਣੇ ਹਨ। ਉਨ੍ਹਾਂ ਕਿਹਾ ਕਿ ਮੋਦੀ ਦੀ ਸੋਚ ਭਾਰਤ ਦੇ ਆਪਸੀ ਸਬੰਧਾਂ ਨੂੰ ਗੁਆਂਢੀ ਮੁਲਕਾਂ ਨਾਲ ਮਜ਼ਬੂਤ ਕਰਨਾ ਤੇ ਵਪਾਰ ਕਰਨ ਨੂੰ ਤਰਜੀਹ ਦੇਣਾ ਹੈ, ਉੱਥੇ ਸ਼ਾਂਤੀ ਦਾ ਪੈਗਾਮ ਦੇ ਕੇ ਭਾਰਤ ਨੂੰ ਵਿਕਸਤ ਕਰਨਾ ਵੀ ਹੈ। ਕੰਵਲਜੀਤ ਸਿੰਘ ਸੋਨੀ ਨੇ ਕਰਤਾਰਪੁਰ ਕੋਰੀਡੋਰ ਖੋਲ੍ਹਣ ਦੇ ਤੋਹਫੇ ਨੂੰ ਮੋਦੀ ਜੀ ਦੀ ਪਹਿਲ ਕਦਮੀ ਅਤੇ ਸਿੱਖਾਂ ਪ੍ਰਤੀ ਮਾਣ ਦੀ ਸਰਾਹਨਾ ਕੀਤੀ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਜਨਮ ਦਿਹਾੜੇ ਤੇ ਪੂਰਾ ਸਾਲ ਸਮਾਗਮਾਂ ਦੀ ਝੜੀ ਲਗਾ ਕੇ ਨਾਨਕ ਨਾਮ ਲੇਵਾ ਪ੍ਰਤੀ ਸ਼ਰਧਾ ਦਾ ਇਜ਼ਹਾਰ ਕਰਨ ਦਾ ਉਪਰਾਲਾ ਮੋਦੀ ਜੀ ਨੇ ਕੀਤਾ ਹੈ।ਇਸ ਜਿੱਤ 'ਤੇ ਭਾਰਤ ਦੀ ਜਨਤਾ ਨੂੰ ਵਧਾਈ ਦਿੰਦੇ ਹਾਂ।ਸਮੁੱਚੇ ਤੌਰ 'ਤੇ ਇਸ ਸਮਾਗਮ ਵਿੱਚ ਬੀਜੇਪੀ. ਦੇ ਸਿੱਖ ਵਿੰਗ ਤੋਂ ਚਤਰ ਸਿੰਘ ਸੈਣੀ, ਰਾਜ ਸੈਣੀ, ਬਲਜਿੰਦਰ ਸਿੰਘ ਸ਼ੰਮੀ, ਕੰਵਲਜੀਤ ਸਿੰਘ ਸੋਨੀ, ਡਾ. ਸੁਰਿੰਦਰ ਸਿੰਘ ਗਿੱਲ, ਡਾ. ਸਕਸੇਰੀਆ ਤੇ ਬੀਜੇਪੀ. ਓਵਰਸੀਜ਼ ਦੇ ਮੈਟਰੋਪੁਲਿਟਨ ਦੇ ਆਹੁਦੇਦਾਰ ਵੀ ਸ਼ਾਮਲ ਸਨ। ਰੇਨਕੂ ਮਿਸ਼ਰਾ, ਸੁਨੀਲ ਸਿੰਘ ਅਤੇ ਡਾ: ਸੁਖਪਾਲ ਸਿੰਘ ਧੰਨੋਆ ਵਲੋਂ ਵੀ ਹਾਜ਼ਰੀ ਲਗਵਾਈ ਗਈ।

## ਕੈਪਟਨ ਨੇ ਨਸ਼ੇ ਖ਼ਤਮ ਕਰਨ ਲਈ ਮੋਦੀ ਦਾ ਮੰਗਿਆ ਸਾਥ

**ਚੰਡੀਗੜ੍ਹ/ਏਟੀ ਨਿਊਜ਼ :**
ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਕੌਮੀ ਨਸ਼ਾ ਨੀਤੀ ਘੜਨ ਦੀ ਅਪੀਲ ਕੀਤੀ ਹੈ। ਕੈਪਟਨ ਨੇ ਮੋਦੀ ਨੂੰ ਚਿੱਠੀ ਲਿਖ ਕੇ ਪੰਜਾਬ ਵਿੱਚ ਨਸ਼ੇ ਦੇ ਖ਼ਾਤਮੇ ਲਈ ਵਿੱਤੀ ਮਦਦ ਦੀ ਮੰਗ ਵੀ ਕੀਤੀ। ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਪੱਤਰ ਵਿੱਚ ਇਹ ਵੀ ਜ਼ਿਕਰ ਕੀਤਾ ਹੈ ਪੰਜਾਬ ਗੁਆਂਢੀ ਦੇਸ਼ ਪਾਕਿਸਤਾਨ ਨਾਲ 553 ਕਿਲੋਮੀਟਰ ਲੰਮੀ ਸਰਹੱਦ ਸਾਂਝੀ ਹੈ, ਜਿਸ ਕਾਰਨ ਇੱਥੇ ਸੁਰੱਖਿਆ ਤੇ ਨਾਰਕੋ ਅੱਤਵਾਦ ਦੇ ਖ਼ਤਰੇ ਕਾਫੀ ਗੰਭੀਰ ਹਨ। ਇਸ ਦੇ ਨਾਲ ਹੀ ਕੈਪਟਨ ਆਪਣੀ ਸਰਕਾਰ ਵੱਲੋਂ ਸੂਬੇ ਵਿੱਚ ਨਸ਼ਿਆਂ ਦੀ ਰੋਕਥਾਮ ਲਈ ਚੁੱਕੇ ਜਾ ਰਹੇ ਕਦਮਾਂ ਦੀ ਜਾਣਕਾਰੀ ਵੀ ਦਿੱਤੀ।

## ਯੂਨੀਵਰਸਿਟੀ ਆਫ ਕੈਲੀਫ਼ੋਰਨੀਆ ਵਿਚ ਬੀਬੀ ਧੰਨ ਕੌਰ ਸਹੋਤਾ ਚੇਅਰ ਸਥਾਪਿਤ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :**ਯੂਸੀ ਇਰਵਾਈਨ ਵਿਚ ਰਸਮੀ ਤੌਰ 'ਤੇ ਬੀਬੀ ਧਨ ਕੌਰ ਸਹੋਤਾ ਚੇਅਰ ਸਥਾਪਿਤ ਕਰ ਦਿੱਤੀ ਗਈ। ਇਸ ਮੌਕੇ ਹੋਏ ਸਮਾਗਮ ਵਿਚ ਇੰਗਲੈਂਡ, ਕੈਨੇਡਾ, ਰੋਚਸਟਰ, ਨਿਊਯਾਰਕ, ਹੋਸਟਨ, ਲਾਸ ਵੈਗਾਸ ਤੇ ਐਰੀਜੋਨ ਤੋਂ ਸੈਂਕੜੇ ਪਤਵੰਤੇ ਸ਼ਾਮਿਲ ਹੋਏ। ਸਮਾਗਮ ਦੇ ਮੁੱਖ ਮਹਿਮਾਨ ਇੰਡੀਅਨ ਅਮਰੀਕਨ ਪ੍ਰੋਫੈਸਰ ਅਨੀਥ ਹੁੰਦਲ, ਧੰਨ ਕੌਰ ਸਹੋਤਾ ਪ੍ਰੈਜੀਡੈਸ਼ੀਅਲ ਚੇਅਰ ਇਨ ਸਿੱਖ ਸਟੱਡੀਜ਼ ਸਨ। ਯੂਨੀਵਰਸਿਟੀ ਵਲੋਂ ਪ੍ਰਤੀਨਿਧਤਾ ਵਾਈਸ ਚਾਂਸਲਰ ਬਰੀਅਨ ਹਾਰਵੇ ਨੇ ਕੀਤੀ। ਇਸ ਤੋਂ ਇਲਾਵਾ ਡਾ ਸੁਲੇਖ ਜੈਨ, ਡਾ. ਜਸਵੰਤ ਮੋਦੀ ਤੇ ਡਾਕਟਰ ਨਿਤਿਨ ਸ਼ਾਹ ਵੀ ਸ਼ਾਮਿਲ ਹੋਏ। ਸਥਾਨਕ ਭਾਈਚਾਰੇ ਵੱਲੋਂ ਡਾ. ਅਮਰਜੀਤ ਮਰਵਾਹ, ਡਾ. ਪਸ਼ੌਰਾ ਸਿੰਘ, ਜੋ ਯੂ.ਸੀ ਰਿਵਰਸਾਈਡ ਵਿਖੇ ਧਰਮ ਤੇ ਸਿੱਖ ਚੇਅਰ ਵਿਭਾਗ ਦੇ ਮੁਖੀ ਹਨ, ਸ਼ਾਮਿਲ ਹੋਏ। ਨਿਊਯਾਰਕ ਦੇ ਸਿੱਖ ਵਿਦਵਾਨ ਗੁਰਿੰਦਰ ਸਿੰਘ ਮਾਨ, ਡਾ. ਜਸਬੀਰ ਮਾਨ, ਇੰਦਰ ਸਿੰਘ, ਪਾਲ ਸਿੰਘ ਤੇ ਅਰਵਿੰਦਰ ਸਿੰਘ ਚਾਵਲਾ ਵੀ ਪੁੱਜੇ। ਇਸ ਮੌਕੇ ਯੂਸੀ ਇਰਵਾਈਨ ਵੱਲੋਂ ਡਾ. ਹਰਵਿੰਦਰ ਤੇ ਆਸ਼ਾ ਸਹੋਤਾ ਨੂੰ ਪ੍ਰਸੰਸਾ ਵਜੋਂ ਪਲੇਕ ਦੇ ਕੇ ਸਮਨਾਨਿਤ ਕੀਤਾ ਗਿਆ। ਡਾ. ਹਰਵਿੰਦਰ ਤੇ ਸਹੋਤਾ ਵੱਲੋਂ ਦਾਨ ਵਜੋਂ ਦਿੱਤੇ 1.5 ਮਿਲੀਅਨ ਡਾਲਰ ਸਦਕਾ ਹੀ ਚੇਅਰ ਸਥਾਪਿਤ ਹੋਈ ਹੈ।



- ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਵਲੋਂ ਜਸਪਾਲ ਦੀ ਹਿਰਾਸਤੀ ਮੌਤ ਤੇ ਲਾਸ਼ ਖੁਰਦ-ਬੁਰਦ ਕਰਨ ਦਾ ਸਖ਼ਤ ਨੋਟਿਸ, ਡੀਜੀਪੀ ਤੋਂ ਮੰਗਿਆ ਜਵਾਬ
- ਹਿਰਾਸਤੀ ਮੌਤ 'ਚ ਕਾਂਗਰਸੀਆਂ ਦਾ ਨਾਂ ਗੂੰਜਣ ਮਗਰੋਂ ਜਸਪਾਲ ਬਾਰੇ ਸਰਕਾਰੀ ਜਾਂਚ ਹੋਈ ਸੁਸਤ
- ਕੈਪਟਨ ਸਰਕਾਰ ਕੁੰਭਕਰਨੀ ਨੀਂਦ ਸੁੱਤੀ
- ਪੰਜਾਬ ਪੁਲੀਸ ਨੇ ਖਾਲਿਸਤਾਨ ਦੇ ਨਾਮ 'ਤੇ ਸਿੱਖ ਨੌਜਵਾਨਾਂ 'ਤੇ ਤਸ਼ੱਦਦ ਕੀਤਾ ਤੇਜ਼

# ਪੰਜਾਬ ਪੁਲੀਸ ਕਰ ਰਹੀ ਹੈ ਮਨੁੱਖੀ ਹੱਕਾਂ ਦਾ ਘਾਣ

# ਹਿਰਾਸਤ ਵਿਚ ਹੋ ਰਹੀਆਂ ਨੇ ਮੌਤਾਂ



### *ਬਠਿੰਡਾ ਪੁਲੀਸ ਹਿਰਾਸਤ 'ਚ ਨੌਜਵਾਨ ਮਨਬੀਰ ਸਿੰਘ ਗੰਭੀਰ ਜ਼ਖ਼ਮੀ, ਹਸਪਤਾਲ ਦਾਖਲ ਕਰਵਾਇਆ, ਇੰਚਾਰਜ ਨਰਿੰਦਰ ਸਿੰਘ ਸਸਪੈਂਡ*

ਫ਼ਰੀਦਕੋਟ/ਏਟੀ ਨਿਊਜ਼ :
ਫਰੀਦਕੋਟ ਪੁਲੀਸ ਦੀ ਹਿਰਾਸਤ ਵਿਚ ਮਾਰੇ ਗਏ ਨੌਜਵਾਨ ਜਸਪਾਲ ਸਿੰਘ ਦੀ ਲਾਸ਼ ਅਜੇ ਵੀ ਨਹੀਂ ਮਿਲੀ। ਕੈਪਟਨ ਸਰਕਾਰ ਵੀ ਇਸ ਮਾਮਲੇ ਵਿਚ ਕੋਈ ਸੁਣਵਾਈ ਨਹੀਂ ਕਰ ਰਹੀ। ਇਸ ਮਾਮਲੇ ਵਿਚ ਪੁਲੀਸ ਨੇ ਵਿਸ਼ੇਸ਼ ਜਾਂਚ ਟੀਮ ਬਣਾਈ ਹੈ ਪਰ ਅਜੇ ਤਕ ਕੋਈ ਸਿੱਟਾ ਨਹੀਂ ਨਿਕਲਿਆ। ਫ਼ਰੀਦਕੋਟ ਪੁਲੀਸ ਵਾਲੇ ਕੇਸ ਵਿਚ ਸੀਆਈਏ ਸਟਾਫ਼ ਦੇ ਇੰਚਾਰਜ ਨਰਿੰਦਰ ਸਿੰਘ ਨੇ ਖ਼ੁਦਕੁਸ਼ੀ ਕਰ ਲਈ। ਇਸ ਸਬੰਧੀ ਪੁਲੀਸ ਨੇ ਕਈ ਵਾਰ ਬਿਆਨ ਬਦਲੇ ਹਨ। ਇਸ ਮਾਮਲੇ ਵਿਚ ਜਨਤਕ ਜਥੇਬੰਦੀਆਂ ਨੇ ਸੰਘਰਸ਼ ਆਰੰਭਿਆ ਹੋਇਆ ਹੈ ਅਤੇ ਕੁਝ ਕਾਂਗਰਸੀ ਆਗੂਆਂ ਉੱਤੇ ਵੀ ਦੋਸ਼ ਲੱਗੇ ਹਨ ਪਰ ਇਸ ਦਾ ਅਜੇ ਤੱਕ ਕੋਈ ਸਿੱਟਾ ਨਹੀਂ ਨਿਕਲਿਆ।

18 ਮਈ ਨੂੰ ਫ਼ਰੀਦਕੋਟ ਪੁਲੀਸ ਦੀ ਹਿਰਾਸਤ ਵਿਚ ਮਾਰੇ ਗਏ ਪਿੰਡ ਪੰਜਾਵਾ ਦੇ ਨੌਜਵਾਨ ਜਸਪਾਲ ਸਿੰਘ ਦੀ ਮੌਤ ਦੀ ਗੁੱਥੀ ਸੁਲਝਾਉਣ ਲਈ ਡੀਜੀਪੀ ਵੱਲੋਂ ਕਾਇਮ ਕੀਤੀ ਗਈ ਵਿਸ਼ੇਸ਼ ਜਾਂਚ ਟੀਮ ਦੇ ਹੱਥ ਇਕ ਹਫ਼ਤੇ ਬਾਅਦ ਵੀ ਖਾਲੀ ਹਨ। ਇਸ ਕਾਂਡ ਦੇ ਮੁੱਖ ਸਾਜ਼ਿਸ਼ਘਾੜੇ ਰਣਬੀਰ ਸਿੰਘ ਨੂੰ ਪੁਲੀਸ ਅਜੇ ਤਕ ਗ੍ਰਿਫ਼ਤਾਰ ਨਹੀਂ ਕਰ ਸਕੀ ਜਦੋਂ ਕਿ ਪੁਲੀਸ ਕੋਲ ਉਸ ਦੇ ਸਾਰੇ ਵੇਰਵੇ ਮੌਜੂਦ ਹਨ।

**ਮ੍ਰਿਤਕ ਜਸਪਾਲ ਸਿੰਘ ਦਾ ਪਰਿਵਾਰ ਨਿਰਾਸ਼-**
ਜਸਪਾਲ ਸਿੰਘ ਦੀ ਮਾਂ ਚਰਨਜੀਤ ਕੌਰ ਅਤੇ ਐਕਸ਼ਨ ਕਮੇਟੀ ਦੇ ਆਗੂ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਕਿਹਾ ਕਿ ਪੁਲੀਸ ਨੇ ਮੌਤ ਤੋਂ ਬਾਅਦ ਜਸਪਾਲ ਸਿੰਘ ਦੀ ਲਾਸ਼ ਨਹਿਰ ਵਿੱਚ ਸੁੱਟਣ ਦੀ ਗੱਲ ਆਖੀ ਸੀ ਪਰੰਤੂ 13 ਦਿਨਾਂ ਬਾਅਦ ਵੀ ਉਸ ਦੀ ਲਾਸ਼ ਨਹੀਂ ਮਿਲੀ ਹੈ। ਮਾਂ ਨੇ ਕਿਹਾ ਕਿ ਉਸ ਦਾ ਲੜਕਾ ਜਸਪਾਲ ਸਿੰਘ ਬੇਹੱਦ ਹੁਸ਼ਿਆਰ ਸੀ ਅਤੇ ਉਸ ਦੇ ਆਸਰੇ ਹੀ ਘਰ ਚੱਲ ਰਿਹਾ ਸੀ। ਪੀੜਤ ਪਰਿਵਾਰ ਨੇ ਖਦਸ਼ਾ ਜ਼ਾਹਰ ਕੀਤਾ ਕਿ ਜਸਪਾਲ ਦੀ ਲਾਸ਼ ਨੂੰ ਨਹਿਰ ਵਿੱਚ ਨਹੀਂ ਸੁੱਟਿਆ ਗਿਆ ਬਲਕਿ ਉਸ ਨੂੰ ਚੁੱਪ ਚੁਪੀਤੇ ਸਾੜ ਦਿੱਤਾ ਗਿਆ ਹੈ। ਐਕਸ਼ਨ ਕਮੇਟੀ ਦੇ ਆਗੂ ਬੂਟਾ ਸਿੰਘ ਨੇ ਕਿਹਾ ਕਿ ਨਹਿਰਾਂ ਉਪਰ ਚਾਰ ਵੱਡੇ ਸੀਸੀਟੀਵੀ ਕੈਮਰੇ ਲੱਗੇ ਹਨ ਪਰ ਪੁਲੀਸ ਮੁਤਾਬਕ ਉਸ ਸਮੇਂ ਇਹ ਕੈਮਰੇ ਬੰਦ ਸਨ। ਕਮੇਟੀ ਆਗੂਆਂ ਨੇ ਦੋਸ਼ ਲਾਇਆ ਕਿ ਇਨ੍ਹਾਂ ਕੈਮਰਿਆਂ ਨਾਲ ਪੁਲੀਸ ਵੱਲੋਂ ਛੇੜਛਾੜ ਕੀਤੀ ਗਈ ਹੈ। ਫੋਰੈਂਸਿਕ ਵਿਭਾਗ ਦੇ ਡਾਕਟਰਾਂ ਨੇ ਖਦਸ਼ਾ ਜ਼ਾਹਿਰ ਕੀਤਾ ਕਿ 13 ਦਿਨਾਂ ਬਾਅਦ ਜਸਪਾਲ ਦੀ ਲਾਸ਼ ਨਹਿਰ ਵਿਚੋਂ ਮਿਲਣੀ ਅਸੰਭਵ ਹੈ ਕਿਉਂਕਿ ਦੋ ਹਫ਼ਤਿਆਂ ਬਾਅਦ ਵੀ ਲਾਸ਼ ਪਾਣੀ ਦੇ ਉਪਰ ਨਹੀਂ ਆਈ ਅਤੇ ਹੁਣ ਇਸ ਦੇ ਮਿਲਣ ਦੇ ਆਸਾਰ ਨਹੀਂ ਰਹੇ।

**ਪੁਲੀਸ ਦੀ ਜਾਂਚ ਸੁਸਤ-**
ਪੀੜਤ ਪਰਿਵਾਰ ਤੇ ਸੰਘਰਸ਼ ਕਮੇਟੀ ਵੱਲੋਂ ਇਸ ਮਾਮਲੇ ਵਿਚ ਕਾਂਗਰਸੀ ਆਗੂ ਦੀ ਸ਼ਮੂਲੀਅਤ ਦੇ ਖ਼ੁਲਾਸੇ ਤੋਂ ਬਾਅਦ ਪੰਜਾਬ ਪੁਲੀਸ ਦੀ ਜਾਂਚ ਸੁਸਤ ਹੋ ਗਈ ਹੈ। ਕਾਂਗਰਸੀਆਂ ਨੇ ਵੀ ਹਿਰਾਸਤੀ ਮੌਤ ਖ਼ਿਲਾਫ਼ ਲੱਗੇ ਰੋਸ ਧਰਨੇ ਤੋਂ ਦੂਰੀ ਬਣਾ ਲਈ ਹੈ। ਪੰਜਾਬ ਸਰਕਾਰ ਨੇ ਜਸਪਾਲ ਕਤਲ ਕਾਂਡ ਬਾਰੇ ਅਜੇ ਤਕ ਪੀੜਤ ਪਰਿਵਾਰ ਨਾਲ ਰਾਬਤਾ ਕਾਇਮ ਨਹੀਂ ਕੀਤਾ ਅਤੇ ਨਾ ਹੀ ਇਸ ਕਾਂਡ 'ਤੇ ਕੋਈ ਪ੍ਰਤੀਕਿਰਿਆ ਦਿੱਤੀ ਹੈ। ਦੂਜੇ ਪਾਸੇ ਅਕਾਲੀ ਦਲ ਸਮੇਤ ਬਾਕੀ ਸਾਰੀਆਂ ਸਿਆਸੀ ਧਿਰਾਂ ਪੀੜਤ ਪਰਿਵਾਰ ਦੀ ਮੱਦਦ 'ਤੇ ਖੜ੍ਹੀਆਂ ਹਨ।

**ਜੁਡੀਸ਼ਲ ਜਾਂਚ ਸ਼ੁਰੂ-**
ਸੈਸ਼ਨ ਜੱਜ ਦੇ ਹੁਕਮਾਂ 'ਤੇ ਜਸਪਾਲ ਸਿੰਘ ਦੀ ਮੌਤ ਦੀ ਜੁਡੀਸ਼ਲ ਜਾਂਚ ਵੀ ਸ਼ੁਰੂ ਹੋ ਚੁੱਕੀ ਹੈ। ਚੀਫ਼ ਜੁਡੀਸ਼ਲ ਮੈਜਿਸਟਰੇਟ ਟੀ.ਪੀ. ਐੱਸ ਰੰਧਾਵਾ ਨੇ ਸੀਆਈਏ ਸਟਾਫ਼ ਦੀ ਇਮਾਰਤ ਦਾ ਦੌਰਾ ਕਰਨ ਤੋਂ ਬਾਅਦ 17 ਤੋਂ 19 ਮਈ ਤਕ ਸੀਆਈਏ ਸਟਾਫ਼ ਦੇ ਮੁਲਾਜ਼ਮਾਂ ਦੀਆਂ ਫ਼ੋਨ ਕਾਲਾਂ, ਸੀਸੀਟੀਵੀ ਕੈਮਰੇ ਦੀਆਂ ਫੁਟੇਜ਼ ਅਤੇ ਥਾਣੇ ਦਾ ਸਮੁੱਚਾ ਰਿਕਾਰਡ ਆਪਣੀ ਅਦਾਲਤ ਵਿਚ ਤਲਬ ਕਰ ਲਿਆ ਹੈ। ਇਸ ਜਾਂਚ ਅਧਿਕਾਰੀ ਨੇ ਪੁਲੀਸ ਨੂੰ ਆਦੇਸ਼ ਦਿੱਤੇ ਹਨ ਕਿ ਘਟਨਾ ਤੋਂ ਇਕ ਦਿਨ ਪਹਿਲਾਂ ਅਤੇ ਬਾਅਦ ਦਾ ਸਾਰਾ ਰਿਕਾਰਡ 4 ਜੂਨ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਵੇ। ਅਦਾਲਤ ਨੇ ਜਸਪਾਲ ਕਤਲ ਕਾਂਡ ਵਿਚ ਗ੍ਰਿਫ਼ਤਾਰ ਕੀਤੇ ਫ਼ਰੀਦਕੋਟ ਸੀਆਈਏ ਸਟਾਫ਼ ਦੇ ਮੁਲਾਜ਼ਮ ਸੁਖਮੰਦਰ ਸਿੰਘ ਅਤੇ ਦਰਸ਼ਨ ਸਿੰਘ ਨੂੰ ਅਦਾਲਤ ਵਿਚ ਪੇਸ਼ ਕਰਨ ਦੇ ਹੁਕਮ ਦਿੱਤੇ ਹਨ। ਇਹ ਦੋਵੇਂ ਪੁਲੀਸ ਮੁਲਾਜ਼ਮ ਇਸ ਸਮੇਂ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿਚ ਨਜ਼ਰਬੰਦ ਹਨ। ਆਈਜੀ ਮੁਖਵਿੰਦਰ ਸਿੰਘ ਛੀਨਾ ਨੇ ਕਿਹਾ ਕਿ ਰਣਬੀਰ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਕੋਸ਼ਿਸ਼ਾਂ ਚੱਲ ਰਹੀਆਂ ਹਨ।

ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਜੈਪਾਲ ਸਿੰਘ ਸੰਧੂ ਤੇ ਹੋਰਾਂ ਨੇ ਦੋਸ਼ ਲਾਇਆ ਕਿ ਐਕਸ਼ਨ ਕਮੇਟੀ ਵਿਚ ਸ਼ਾਮਲ ਜਥੇਬੰਦੀਆਂ ਕਾਂਗਰਸ ਸਰਕਾਰ ਨੂੰ ਬਦਨਾਮ ਕਰਨ ਲਈ ਸਿਆਸਤ ਕਰ ਰਹੀਆਂ ਹਨ। ਵਿਧਾਇਕ ਢਿੱਲੋਂ ਦਾ ਇਸ ਘਟਨਾਕ੍ਰਮ ਨਾਲ ਕੋਈ ਸਬੰਧ ਨਹੀਂ ਹੈ।

**ਮਨੁੱਖੀ ਅਧਿਕਾਰ ਕਮਿਸ਼ਨ ਨੇ ਲਿਆ ਨੋਟਿਸ**
ਜਸਪਾਲ ਸਿੰਘ ਦੀ ਹਿਰਾਸਤੀ ਮੌਤ ਅਤੇ ਲਾਸ਼ ਖੁਰਦ ਬੁਰਦ ਕੀਤੇ ਜਾਣ ਦਾ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੇ ਸਖ਼ਤ ਨੋਟਿਸ ਲਿਆ ਹੈ। ਜਸਟਿਸ ਇਕਬਾਲ ਅਹਿਮਦ ਅੰਸਾਰੀ ਦੀ ਅਗਵਾਈ ਹੇਠਲੇ ਕਮਿਸ਼ਨ ਨੇ ਇਸ ਬਾਬਤ ਪੰਜਾਬ ਦੇ ਡੀਜੀਪੀ ਕੋਲੋਂ ਜਵਾਬ ਤਲਬ ਕੀਤਾ ਹੈ। ਇਸ ਬਾਬਤ ਅਗਲੀ ਸੁਣਵਾਈ 30 ਜੁਲਾਈ ਨੂੰ ਹੋਵੇਗੀ।

ਮਨੁੱਖੀ ਅਧਿਕਾਰਾਂ ਦੇ ਵਕੀਲ ਨਵਕਿਰਨ ਸਿੰਘ ਨੇ ਜਸਪਾਲ ਸਿੰਘ ਦੀ ਪੁਲੀਸ ਹਿਰਾਸਤ ਵਿਚ ਮੌਤ 'ਤੇ ਟਿਪਣੀ ਕਰਦਿਆਂ ਕਿਹਾ ਕਿ ਭਾਰਤ ਵਿਚਲਾ ਪੁਲੀਸ-ਪ੍ਰਬੰਧ ਬਸਤੀਵਾਦੀ ਸਰਕਾਰ ਵੱਲੋਂ ਆਪਣੇ ਹਿੱਤਾਂ ਦੀ ਰਾਖੀ ਲਈ ਥੋਪਿਆ ਗਿਆ ਸੀ। ਇਸ ਦੀ ਜ਼ਿੰਮੇਵਾਰੀ ਲੋਕਾਂ ਉੱਤੇ ਕਾਬੂ ਰੱਖਣਾ ਸੀ ਤੇ ਪੁਲੀਸ ਅਜੇ ਤੱਕ ਇਹਨਾਂ ਲੀਹਾਂ 'ਤੇ ਚਲ ਰਹੀ ਹੈ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਭਾਵੇਂ ਕਈ ਪੁਲੀਸ ਐਕਟ ਬਣਾਏ ਗਏ ਪਰ ਪੁਲੀਸ ਪ੍ਰਬੰਧ ਵਿਚ ਕੋਈ ਬੁਨਿਆਦੀ ਤਬਦੀਲੀ ਨਹੀਂ ਆਈ।

ਇਹੀ ਕਾਰਨ ਹੈ ਕਿ ਪੁਲੀਸ ਨੂੰ ਖੁੱਲ੍ਹੀ ਛੁੱਟੀ ਮਿਲਣ ਕਾਰਨ ਹਿਰਾਸਤੀ ਤਸ਼ੱਦਦ ਤੇ ਮੌਤਾਂ ਵਿਚ ਵਾਧਾ ਹੋ ਰਿਹਾ ਹੈ।

**ਬਠਿੰਡਾ ਕਾਂਡ-** ਇਸੇ ਤਰ੍ਹਾਂ ਬਠਿੰਡਾ ਪੁਲੀਸ ਦੀ ਹਿਰਾਸਤ ਵਿਚ ਲਏ ਗਏ ਮਨਵੀਰ ਸਿੰਘ 'ਤੇ ਤਸ਼ੱਦਦ ਕੀਤਾ ਗਿਆ ਜਿਸ ਕਾਰਨ ਉਸ ਨੂੰ ਹਸਪਤਾਲ ਦਾਖ਼ਲ ਕਰਵਾਉਣਾ ਪਿਆ। ਇਸ ਮਾਮਲੇ ਵਿਚ ਬਠਿੰਡਾ ਦੇ ਐੱਸਐੱਸਪੀ ਨੇ ਚੌਂਕੀ ਨਿਹਾਲ ਸਿੰਘ ਵਾਲਾ ਦੇ ਇੰਚਾਰਜ ਕੌਰ ਸਿੰਘ ਨੂੰ ਮੁਅੱਤਲ ਕਰ ਦਿੱਤਾ।

ਮਨਵੀਰ ਸਿੰਘ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਨਵਾਂ ਕਿਲਾ ਦਾ ਰਹਿਣ ਵਾਲਾ ਹੈ ਅਤੇ ਉਸ ਨੂੰ ਪਿੰਡ ਦੀ ਪੰਚਾਇਤ ਵੱਲੋਂ ਬਠਿੰਡਾ ਪੁਲੀਸ ਕੋਲ ਪੇਸ਼ ਕੀਤਾ ਗਿਆ ਸੀ। ਦੱਸਿਆ ਜਾ ਰਿਹਾ ਹੈ ਕਿ ਗੋਨਿਆਣਾ ਇਲਾਕੇ ਦੀ ਵਿਆਹੁਤਾ ਔਰਤ ਘਰੋਂ ਲਾਪਤਾ ਸੀ ਤੇ ਇਸ ਸਿਲਸਿਲੇ ਵਿਚ ਇਸ ਨੌਜਵਾਨ 'ਤੇ ਸ਼ੱਕ ਜਤਾਇਆ ਜਾ ਰਿਹਾ ਸੀ। ਪੀੜਤ ਨੌਜਵਾਨ ਦੇ ਵਾਰਿਸਾਂ ਨੇ ਦੱਸਿਆ ਐਤਵਾਰ ਪੁਲੀਸ ਚੌਂਕੀ ਵਿਚ ਦੋਵਾਂ ਪਿੰਡਾਂ ਦੀਆਂ ਪੰਚਾਇਤਾਂ ਦੀ ਹਾਜ਼ਰੀ ਵਿਚ ਰਾਜ਼ੀਨਾਮਾ ਹੋ ਗਿਆ ਸੀ ਪਰ ਰਾਜ਼ੀਨਾਮਾ ਲਿਖਣ ਤੋਂ ਪਹਿਲਾਂ ਏਐੱਸਆਈ ਕੌਰ ਸਿੰਘ ਇਹ ਕਹਿ ਕੇ ਮੁੰਡੇ ਨੂੰ ਚੌਂਕੀ ਦੇ ਇੱਕ ਕਮਰੇ ਵਿਚ ਲੈ ਗਿਆ ਕਿ ਉਹ ਦੂਸਰੀ ਧਿਰ ਦੀਆਂ ਅੱਖਾਂ ਠੰਢੀਆਂ ਕਰ ਦੇਵੇ।

ਪਰਿਵਾਰ ਨੇ ਦੱਸਿਆ ਕਿ ਨੌਜਵਾਨ ਜਦ ਬੈਠਾ ਸੀ ਤਾਂ ਏਐੱਸਆਈ ਨੇ ਪਹਿਲਾਂ ਉਸ ਦੇ ਗੁਪਤ ਅੰਗਾਂ 'ਤੇ ਲੱਤ ਮਾਰੀ ਤੇ ਫਿਰ ਦੂਜੀ ਲੱਤ ਉਸ ਦੀ ਧੌਣ 'ਤੇ ਮਾਰੀ। ਉਹ ਬੇਹੋਸ਼ ਹੋ ਗਿਆ ਤੇ ਉਸ ਨੂੰ ਪੰਚਾਇਤ ਵਾਲੇ ਚੁੱਕ ਕੇ ਬਠਿੰਡਾ ਦੇ ਪ੍ਰਾਈਵੇਟ ਹਸਪਤਾਲ ਲੈ ਆਏ। ਇਸ ਦੌਰਾਨ ਚੌਂਕੀ ਇੰਚਾਰਜ ਕੌਰ ਸਿੰਘ ਉਨ੍ਹਾਂ ਦੇ ਪਿੱਛੇ ਹੀ ਬਠਿੰਡਾ ਦੇ ਹਸਪਤਾਲ ਵਿਚ ਪਹੁੰਚ ਗਿਆ ਤੇ ਪੀੜਤ ਨੌਜਵਾਨ ਦੇ ਵਾਰਿਸਾਂ ਦੀ ਇਸ ਮੌਕੇ ਥਾਣੇਦਾਰ ਨਾਲ ਤਲਖ਼ਕਲਾਮੀ ਵੀ ਹੋਈ।

ਮੌਕਾ ਵੇਖ ਕੇ ਥਾਣੇਦਾਰ ਨੇ ਹਸਪਤਾਲ ਵਿਚੋਂ ਚਲੇ ਜਾਣ ਵਿਚ ਹੀ ਬਿਹਤਰੀ ਸਮਝੀ। ਹਸਪਤਾਲ ਦੀ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਮੌਜੂਦ ਹੈ ਤੇ ਨੌਜਵਾਨ ਦਾ ਇਲਾਜ ਚੱਲ ਰਿਹਾ ਹੈ। ਵੇਰਵਿਆਂ ਮੁਤਾਬਕ ਪੀੜਤ ਨੌਜਵਾਨ ਦੀ ਧੌਣ ਸਿੱਧੀ ਨਹੀਂ ਹੋ ਰਹੀ ਹੈ ਅਤੇ ਪਿਸ਼ਾਬ ਵੀ ਰੁਕ ਗਿਆ ਹੈ।

ਦੂਜੇ ਪਾਸੇ ਪੁਲੀਸ ਚੌਂਕੀ ਕਿੱਲੀ ਨਿਹਾਲ ਸਿੰਘ ਵਾਲਾ ਦੇ ਚੌਂਕੀ ਇੰਚਾਰਜ ਕੌਰ ਸਿੰਘ ਦਾ ਪੱਖ ਹੈ ਕਿ ਇਹ ਨੌਜਵਾਨ ਔਰਤ ਨੂੰ ਨਾਲ ਕੇ ਲੈ ਗਿਆ ਸੀ। ਪੈੜ ਨੱਪੇ ਜਾਣ ਮਗਰੋਂ ਪੰਚਾਇਤ ਨੇ ਉਸ ਨੂੰ ਪੇਸ਼ ਕੀਤਾ ਸੀ। ਉਨ੍ਹਾਂ ਕਿਹਾ ਕਿ ਇਸ ਨੌਜਵਾਨ ਨੂੰ ਉਦੋਂ ਹੀ ਛੱਡ ਦਿੱਤਾ ਗਿਆ ਸੀ ਅਤੇ ਕਿਸੇ ਤਰ੍ਹਾਂ ਦੀ ਕੋਈ ਵੀ ਕੁੱਟਮਾਰ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਨੌਜਵਾਨ ਨੇ ਆਪਣੇ ਵੱਲੋਂ ਹੀ ਕਹਾਣੀ ਘੜੀ ਹੈ। ਐੱਸਐੱਸਪੀ ਬਠਿੰਡਾ ਡਾ. ਨਾਨਕ ਸਿੰਘ ਦਾ ਕਹਿਣਾ ਸੀ ਕਿ ਘਟਨਾ ਬਾਰੇ ਪਤਾ ਲੱਗਣ ਮਗਰੋਂ ਪੁਲੀਸ ਚੌਂਕੀ ਨਿਹਾਲ ਸਿੰਘ ਵਾਲਾ ਦੇ ਚੌਂਕੀ ਇੰਚਾਰਜ ਕੌਰ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਉਸ ਖ਼ਿਲਾਫ਼ ਹੁਣ ਵਿਭਾਗੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪੁਲੀਸ ਪਾਰਟੀ ਨੂੰ ਹੁਣ ਪੀੜਤ ਨੌਜਵਾਨ ਦੇ ਬਿਆਨ ਕਲਮਬੱਧ ਕਰਨ ਲਈ ਭੇਜ ਦਿੱਤਾ ਗਿਆ ਹੈ ਅਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

## ਸਿੱਖ ਨੌਜਵਾਨਾਂ 'ਤੇ ਜ਼ੁਲਮ ਚੱਕਰ ਤੇਜ਼

ਰੀੜ੍ਹ ਦੀ ਹੱਡੀ ਤੋੜੀ, ਮੁੰਡਾ ਖੜ੍ਹਾ ਵੀ ਨੀਂ ਹੋ ਸਕਿਆ



ਭਾਵੇਂ ਖਾੜਕੂ ਲਹਿਰ ਪੰਜਾਬ ਵਿਚ ਕਦੋਂ ਦੀ ਮੁੱਕ ਗਈ ਹੈ ਤੇ ਕਦੇ ਵੀ ਗੰਭੀਰ ਵੱਡੀ ਘਟਨਾ ਪੰਜਾਬ ਵਿਚ ਨਹੀਂ ਵਾਪਰੀ। ਪਰ ਖਾਲਿਸਤਾਨ ਦੇ ਨਾਮ 'ਤੇ ਪੁਲੀਸ ਨੇ ਸਿੱਖ ਨੌਜਵਾਨਾਂ ਉੱਪਰ ਜ਼ੁਲਮ ਦਾ ਚੱਕਰ ਤੇਜ਼ ਕੀਤਾ ਹੋਇਆ ਹੈ। ਫੇਸਬੁੱਕ ਤੇ ਵਟਸਐਪ ਤੋਂ ਉਹਨਾਂ ਦੀਆਂ ਲਿਸਟਾਂ ਬਣਾਈਆਂ ਜਾ ਰਹੀਆਂ ਹਨ। ਖ਼ੁਫੀਆ ਏਜੰਸੀਆਂ ਦਾ ਦਾਅਵਾ ਹੈ ਕਿ ਪੰਜਾਬ ਵਿੱਚ ਮੁੜ ਖਾਲਿਸਤਾਨੀ ਸਰਗਰਮ ਹੋਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਦੀ ਮਦਦ ਪਾਕਿਸਤਾਨ ਦੀ ਖ਼ੁਫੀਆ ਏਜੰਸੀ ਆਈਐਸਆਈ ਵੱਲੋਂ ਕੀਤੀ ਜਾ ਰਹੀ ਹੈ। ਇਸ ਵਾਰ ਆਈਐਸਆਈ ਵਿਦੇਸ਼ਾਂ ਵਿੱਚ ਬੈਠੇ ਗਰਮ ਖਿਆਲੀਆਂ ਦਾ ਸਹਾਰਾ ਲੈ ਕੇ ਪੰਜਾਬ ਵਿੱਚ ਖਾਲਿਸਤਾਨੀ ਲਹਿਰ ਨੂੰ ਮੁੜ ਸਰਗਰਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਭਾਰਤੀ ਖ਼ੁਫੀਆ ਏਜੰਸੀਆਂ ਨੇ ਇਹ ਦਾਅਵੇ ਗ੍ਰਹਿ ਮੰਤਰਾਲੇ ਨੂੰ ਸੌਂਪੀ ਰਿਪੋਰਟ ਵਿੱਚ ਕੀਤੇ ਹਨ। ਏਜੰਸੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਪੰਜਾਬ ਵਿੱਚ ਖਾਲਿਸਤਾਨੀ ਲਹਿਰ ਨੂੰ ਸੁਰਜੀਤ ਕਰਨ ਲਈ ਪਾਕਿਸਤਾਨ ਦੀ ਏਜੰਸੀ ਆਈਐਸਆਈ 'ਬੇਹੱਦ ਖ਼ੁਫੀਆ ਯੋਜਨਾ' ਉੱਤੇ ਕੰਮ ਕਰ ਰਿਹਾ ਹੈ। ਇਸ ਯੋਜਨਾ ਦਾ ਨਾਂ 'ਪ੍ਰਾਜੈਕਟ ਹਾਰਵੈਸਟਿੰਗ ਕੈਨੇਡਾ' ਹੈ। ਬਾਕੀ ਸਫ਼ਾ 28 'ਤੇ

When tired of all treatments for any disease at any age Try
HOMEOPATHIC
Experienced Consultant Physician since 1973
American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!

Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਭਾਜਪਾ ਪੰਥ ਤੇ ਪੰਜਾਬ ਉਪਰ ਕਬਜ਼ੇ ਦੀ ਤਿਆਰੀ ਵਿਚ ?

*• ਪੰਜਾਬ 'ਚ ਅਕਾਲੀ ਦਲ ਨਾਲ 50-50 ਖੇਡਣ ਦੀ ਮੰਗ ਉਠੀ • ਪੰਜਾਬ 'ਚ ਸਾਡੀ ਕਾਰਗੁਜ਼ਾਰੀ ਭਾਈਵਾਲਾਂ ਤੋਂ ਵਧੀਆ : ਭਾਜਪਾ*

**ਚੰਡੀਗੜ੍ਹ/ਏਟੀ ਨਿਊਜ਼ :**
ਪੰਜਾਬ ਦੀ ਰਾਜਨੀਤੀ ਵਿਚ ਹੁਣ ਇਹ ਸਵਾਲ ਪੁੱਛਿਆ ਜਾ ਰਿਹਾ ਹੈ ਕਿ ਕੀ ਬਾਦਲ ਦਲ ਹੁਣ ਭਾਜਪਾ ਦੇ ਅਧੀਨ ਹੋ ਕੇ ਅਗਲੀਆਂ ਵਿਧਾਨ ਸਭਾ ਚੋਣਾਂ ਲੜੇਗਾ? ਸਿਆਸੀ ਮਾਹਿਰਾਂ ਦੀ ਮੰਨੀਏ ਤਾਂ ਪੇਂਡੂ ਖੇਤਰ ਦੀਆਂ ਸੀਟਾਂ 'ਤੇ ਭਾਜਪਾ ਦਾ ਕਬਜ਼ਾ ਹੋਵੇਗਾ, ਕਿਉਂਕਿ ਇਥੇ ਅਕਾਲੀ ਦਲ ਦਾ ਲਗਭਗ ਭੋਗ ਪੈ ਚੁੱਕਾ ਹੈ। ਗੁਰੂ ਗਰੰਥ ਸਾਹਿਬ ਜੀ ਦੀ ਬੇਅਦਬੀ ਦਾ ਮੁੱਦਾ ਤੇ ਅਦਾਲਤੀ ਚੱਕਰ ਬਾਦਲਾਂ ਲਈ ਚੱਕਰਵਿਊ ਸਾਬਿਤ ਹੋਵੇਗਾ।ਇਸ ਦਾ ਜਿੰਨਾ ਫਾਇਦਾ ਕਾਂਗਰਸ ਨੂੰ ਹੋਵੇਗਾ, ਉਸ ਤੋਂ ਵੱਧ ਲਾਹਾ ਭਾਜਪਾ ਲੈਣ ਦੀ ਕੋਸ਼ਿਸ਼ ਕਰੇਗੀ। ਸੂਤਰਾਂ ਮੁਤਾਬਿਕ ਅੰਮ੍ਰਿਤਸਰ ਵਾਲਾ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਸਿੱਖ ਵੋਟਾਂ ਨੂੰ ਬੀਜੇਪੀ ਵੱਲ ਖਿੱਚਣ ਦੀ ਕੋਸ਼ਿਸ਼ ਕਰੇਗਾ ਤੇ ਹੁਸ਼ਿਆਰਪੁਰ ਵਾਲਾ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਦਲਿਤਾਂ ਵਿਚ ਆਧਾਰ ਪੈਦਾ ਕਰੇਗਾ। ਇਸ ਤਰ੍ਹਾਂ ਇਹ ਦੋਵੇਂ ਇਕ ਰਣਨੀਤੀ ਤਹਿਤ ਭਾਜਪਾ ਦਾ ਆਧਾਰ ਮਜ਼ਬੂਤ ਕਰਨਗੇ। ਮੋਦੀ ਸਰਕਾਰ ਕੋਲ ਇਹਨਾਂ ਮੰਤਰੀਆਂ ਰਾਹੀਂ ਪੰਜਾਬ ਨੂੰ ਦੇਣ ਲਈ ਯੋਜਨਾਵਾਂ ਹੋਣ ਦੀਆਂ ਖਬਰਾਂ ਵੀ ਹਨ। ਅਕਾਲੀ ਦਲ ਕੋਲ ਹੁਣ ਪੰਥ ਤੇ ਪੰਜਾਬ ਦਾ ਵਿਜ਼ਨ ਨਹੀਂ, ਉਹ ਬਹੁਤ ਕੁਝ ਗੁਆ ਚੁੱਕਾ ਹੈ। ਬੀਬਾ ਹਰਸਿਮਰਤ ਕੌਰ ਕੇਂਦਰ ਤੋਂ ਪੰਜਾਬ ਵਿਚ ਬਹੁਤਾ ਕੁਝ ਨਹੀਂ ਲਿਆ ਸਕੀ। ਇਹ ਦੁਖਾਂਤ ਹੈ ਕਿ ਬਾਦਲ ਪਰਿਵਾਰ ਨਾ ਪੰਜਾਬ ਦੀ ਮਾਨਸਿਕਤਾ ਸਮਝ ਸਕਿਆ ਤੇ ਨਾ ਅਕਾਲੀ ਦਲ ਦਾ ਪੰਥਕ ਆਧਾਰ ਹੀ ਬਚਾ ਸਕਿਆ। ਆਉਣ ਵਾਲੇ ਸਮੇਂ ਵਿਚ ਭਾਜਪਾ ਹਾਈਕਮਾਂਡ ਤੈਅ ਕਰੇਗੀ ਬਾਦਲ ਪਰਿਵਾਰ ਦਾ ਸ਼੍ਰੋਮਣੀ ਕਮੇਟੀ 'ਤੇ ਕਬਜ਼ਾ ਰਹੇਗਾ ਜਾਂ ਨਹੀਂ।ਅਕਾਲੀ ਦਲ ਕੋਲ ਹੁਣ ਸਿੱਖ ਆਧਾਰ ਵਾਲੀਆਂ ਪੇਂਡੂ ਵੋਟਾਂ ਗੁਆਚ ਚੁੱਕੀਆਂ ਹਨ ਤੇ ਸ਼ਹਿਰੀ ਵੋਟਾਂ ਮੋਦੀ ਦੀ ਬਖਸ਼ਿਸ਼ ਹੈ। ਪੱਛਮੀ ਬੰਗਾਲ 'ਚ 18 ਸੀਟਾਂ ਜਿੱਤ ਕੇ ਮਮਤਾ ਬੈਨਰਜੀ ਦਾ ਕਿਲ੍ਹਾ ਫ਼ਤਹਿ ਕਰਨ ਵਾਲੀ ਭਾਜਪਾ ਹੁਣ ਆਪਣਾ ਰੁਖ਼ ਪੰਜਾਬ ਵੱਲ ਕਰਨ ਜਾ ਰਹੀ ਹੈ। ਇਨ੍ਹਾਂ ਸੰਸਦੀ ਚੋਣਾਂ 'ਚ ਆਪਣੇ ਹਿੱਸੇ ਦੀਆਂ ਤਿੰਨ ਵਿਚੋਂ ਦੋ ਸੀਟਾਂ ਜਿੱਤਣ ਅਤੇ ਤਮਾਮ ਸ਼ਹਿਰਾਂ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ 'ਤੇ ਪਈ ਵੋਟ ਤੋਂ ਉਤਸ਼ਾਹਿਤ ਪਾਰਟੀ ਨੇ ਆਪਣੇ ਗੱਠਜੋੜ ਸਾਥੀ ਸ਼੍ਰੋਮਣੀ ਅਕਾਲੀ ਦਲ ਤੋਂ 50 ਫ਼ੀਸਦੀ ਹਿੱਸਾ ਮੰਗਣ ਦੀ ਤਿਆਰੀ ਕਰ ਲਈ ਹੈ। ਪਾਰਟੀ ਦੀਆਂ ਦੋ ਵੱਖ-ਵੱਖ ਮੀਟਿੰਗਾਂ ਹੋਈਆਂ ਜਿਨ੍ਹਾਂ ਵਿਚ ਜ਼ਿਲ੍ਹਾ ਪ੍ਰਧਾਨਾਂ ਤੇ ਕੋਰ ਕਮੇਟੀ ਦੀ ਮੀਟਿੰਗ ਵਿਚ ਇਹ ਗੱਲ ਪ੍ਰਮੁੱਖਤਾ ਨਾਲ ਉਭਾਰੀ ਗਈ ਕਿ ਹੁਣ ਵਕਤ ਆ ਗਿਆ ਹੈ, ਜਦੋਂ ਭਾਜਪਾ ਨੂੰ ਪੰਜਾਬ ਵਿਚ ਆਪਣੇ ਪੈਰ ਪਸਾਰਨੇ ਚਾਹੀਦੇ ਹਨ। ਪਾਰਟੀ ਦੇ ਸਾਬਕਾ ਸੂਬਾ ਪ੍ਰਧਾਨ ਕਮਲ ਸ਼ਰਮਾ ਤਾਂ ਜਨਤਕ ਰੂਪ ਵਿਚ ਕਹਿ ਚੁੱਕੇ ਹਨ ਕਿ ਦੋਵਾਂ ਪਾਰਟੀਆਂ ਨੂੰ ਹੁਣ ਅੱਧੀਆਂ-ਅੱਧੀਆਂ ਸੀਟਾਂ ਲੜਨੀਆਂ ਚਾਹੀਦੀਆਂ ਹਨ। ਭਗਵਾਂ ਪਾਰਟੀ ਦੇ ਆਗੂਆਂ ਨੇ ਕਿਹਾ ਕਿ ਸੰਨ 2022 ਦੀਆਂ ਵਿਧਾਨ ਸਭਾ ਚੋਣਾਂ ਲਈ ਹੁਣੇ ਤੋਂ ਤਿਆਰੀਆਂ ਆਰੰਭ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਅਤੇ ਪ੍ਰਧਾਨ ਮੰਤਰੀ ਦੀ ਸ਼ਖਸੀਅਤ ਦਾ ਲਾਭ ਲੈ ਕੇ ਸੱਤਾ 'ਚ ਆਉਣ ਲਈ ਲੋਕਾਂ ਨਾਲ ਰਾਬਤਾ ਬਣਾਉਣ ਦੀ ਜ਼ਰੂਰਤ ਹੈ। ਪਾਰਟੀ ਦੇ ਸੂਬਾ ਪ੍ਰਧਾਨ ਸ਼ਵੇਤ ਮਲਿਕ ਨੇ ਇਸ ਮੌਕੇ ਕਿਹਾ ਕਿ ਅੰਮ੍ਰਿਤਸਰ ਸੀਟ ਭਾਵੇਂ ਭਾਜਪਾ ਹਾਰ ਗਈ ਹੈ ਪਰ ਫਿਰ ਵੀ ਉਸ ਦੀ ਕਾਰਗੁਜ਼ਾਰੀ ਬਿਹਤਰ ਰਹੀ ਹੈ। ਉਨ੍ਹਾਂ ਕਿਹਾ ਕਿ ਸੰਸਦੀ ਚੋਣਾਂ ਦੌਰਾਨ ਭਾਜਪਾ ਦੇ ਉਮੀਦਵਾਰਾਂ ਨੇ 14 ਵਿਧਾਨ ਸਭਾ ਹਲਕਿਆਂ 'ਚ ਵਿਰੋਧੀਆਂ ਨੂੰ ਪਛਾੜਿਆ ਅਤੇ ਵੋਟ ਬੈਂਕ ਵੀ ਵਧਾਇਆ ਹੈ। ਚੇਤੇ ਰਹੇ ਕਿ ਪੰਜਾਬ ਵਿਚ ਇਸ ਵੇਲੇ ਭਾਜਪਾ ਵਿਧਾਨ ਸਭਾ ਦੀਆਂ 117 ਵਿਚੋਂ 23 ਤੇ ਲੋਕ ਸਭਾ ਦੀਆਂ 13 ਵਿਚੋਂ 3 ਸੀਟਾਂ 'ਤੇ ਚੋਣ ਲੜਦੀ ਹੈ। ਸੰਸਦੀ ਚੋਣਾਂ ਵਿਚ ਪਾਰਟੀ ਨੇ ਤਿੰਨ ਵਿਚੋਂ ਦੋ ਸੀਟਾਂ ਜਿੱਤ ਲਈਆਂ ਤੇ ਆਪਣੇ ਵੋਟ ਸ਼ੇਅਰ ਵਿਚ ਵਾਧਾ ਕਰ ਲਿਆ ਹੈ। ਮੀਟਿੰਗ ਵਿਚ ਨਵੀਂ ਮੈਂਬਰਸ਼ਿਪ ਸ਼ੁਰੂ ਕਰਨ ਦੀ ਵੀ ਮਨਜ਼ੂਰੀ ਦਿੱਤੀ ਗਈ ਹੈ। ਪਾਰਟੀ ਪ੍ਰਧਾਨ ਸ਼ਵੇਤ ਮਲਿਕ ਨੇ ਸਾਰੇ ਜ਼ਿਲ੍ਹਾ ਪ੍ਰਧਾਨਾਂ ਨੂੰ ਕਿਹਾ ਹੈ ਕਿ ਉਹ ਭਾਜਪਾ ਨੂੰ ਦੁਨੀਆ ਦੀ ਸਭ ਤੋਂ ਵੱਡੀ ਪਾਰਟੀ ਬਣਾਉਣ ਲਈ ਜੀ ਜਾਨ ਨਾਲ ਜੁਟ ਜਾਣ।



**ਸਿਆਸੀ ਪੰਡਿਤਾਂ ਦੀਆਂ ਸਰਗੋਸ਼ੀਆਂ-** ਮਨਦੀਪ ਸਿੰਘ ਗਿੱਲ ਬਰੈਂਪਟਨ ਦਾ ਕਹਿਣਾ ਹੈ ਕਿ ਅਕਾਲੀ ਦਲ ਹੁਣ ਕੇਵਲ ਬਾਦਲਾਂ ਦੀ ਜਗੀਰ ਹੈ ਜਿਸ ਦਾ ਅਧਾਰ ਬਹੁਤ ਤੇਜ਼ੀ ਨਾਲ ਸੁੰਗੜ ਰਿਹਾ ਹੈ। ਆਸ ਨਾਲ਼ੋਂ ਪਹਿਲਾਂ ਹਾਸ਼ੀਏ ਵੱਲ ਜਾ ਰਹੀ ਹੈ ਇਹ ਪਾਰਟੀ , ਜਿਸ ਦੀ ਜ਼ੁੰਮੇਵਾਰੀ ਸੁਖਬੀਰ ਬਾਦਲ ਤੇ ਮਜੀਠੀਆ ਦੀ ਹੈ। ਬਾਕੀ ਭਾਜਪਾ ਨੇ ਹਰਦੀਪ ਸਿੰਘ ਪੁਰੀ ਰਾਹੀਂ ਇਕ ਵਧੀਆ ਤੇਜ਼ ਤਰਾਰ ਬਿਊਰੋਕਰੇਟ ਆਗੂ ਨੂੰ ਅੰਮ੍ਰਿਤਸਰ ਤੋਂ ਲਾਂਚ ਕੀਤਾ ਹੈ ਤੇ ਵਧੀਆ ਮਹਿਕਮਾ ਦੇ ਕੇ ਪੂਰੀ ਤਰਾਂ ਪੰਜਾਬ ਲਈ ਪੇਸ਼ ਕੀਤਾ ਹੈ। ਬਿਨਾ ਸ਼ੱਕ ਹੁਸ਼ਿਆਰਪੁਰ ਵਾਲਾ ਆਗੂ ਦਲਿਤ ਵੋਟ ਲਈ ਆਦਰਸ਼ ਆਗੂ ਦੇ ਤੌਰ 'ਤੇ ਯਤਨਸ਼ੀਲ ਰਹੇਗਾ ਤੇ ਪੰਥ ਦਾ ਗੁਰੂ ਰਾਖਾ।

ਸਰਬਜੀਤ ਸਿੰਘ ਘੁਮਾਣ ਲਿਖਦੇ ਹਨ ਕਿ "ਟੁੱਟ ਪਏ ਨੇ ਵੈਰੀ ਪੰਜਾਬ ਉਤੇ.....।" ਸਿਆਸੀ ਸਫਾਂ ਵਿਚ ਪੂਰੀ ਚਰਚਾ ਹੈ ਕਿ ਇਸ ਪੰਜ ਸਾਲ ਦੇ ਸਮੇਂ ਵਿਚ ਮੋਦੀ ਸਰਕਾਰ ਦਾ ਏਜੰਡਾ ਇਹ ਹੈ ਕਿ ਪੰਜਾਬ ਵਿਚ ਭਾਜਪਾ ਦਾ ਸਿਆਸੀ ਕੱਦ ਬਾਦਲ ਦਲ ਦੇ ਬਰਾਬਰ ਲਾਜ਼ਮੀ ਕਰਨਾ ਹੈ। ਪੰਜਾਬ ਦੇ ਲੋਕਾਂ ਦੇ ਦਿਲ ਵਿਚ 'ਕਮਲ ਦਾ ਫੁੱਲ"ਬਿਰਾਜਮਾਨ ਕਰਨ ਲਈ ਸੰਵੇਦਨਸ਼ੀਲ ਤੇ ਭਾਵੁਕ ਮਸਲਿਆਂ ਬਾਰੇ ਬੜੇ ਅਹਿਮ ਐਲਾਨ/ਫੁਰਮਾਨ ਤੇ ਕੰਮ ਇੰਝ ਕੀਤੇ ਜਾਣਗੇ ਕਿ ਭਾਜਪਾ ਦੀ ਨਵੀਂ ਸਥਾਪਿਤ ਤੇ ਪ੍ਰਭਾਵਸ਼ਾਲੀ ਲੀਡਰਸ਼ਿਪ ਪੰਜਾਬ ਵਿਚ ਉਭਰ ਆਵੇ। ਭਾਜਪਾ ਨੇ ਪੰਜਾਬ ਦੇ ਪੇਂਡੂ ਖੇਤਰਾਂ ਵਿਚ ਕਾਂਗਰਸੀ/ਬਾਦਲ ਦਲੀਏ ਤੇ ਹੋਰ ਖੂੰਜੇ ਲੱਗੇ ਹੋਏ ਆਗੂਆਂ ਦੇ ਨਾਲ-ਨਾਲ ਸਿੱਖਾਂ ਵਿਚ ਵਕਾਰ ਤੇ ਅਧਾਰ ਰੱਖਦੇ ਸਮਾਜਿਕ-ਧਾਰਮਿਕ ਪਿਛੋਕੜ ਵਾਲੇ ਨਾਮਵਰ ਤੇ ਚਰਚਿਤ ਸਿੱਖਾਂ ਨੂੰ ਵੀ ਨਿਸ਼ਾਨੇ 'ਤੇ ਰੱਖਿਆ ਹੋਇਆ ਹੈ। ਆਗਾਮੀ ਸ਼੍ਰੋਮਣੀ ਕਮੇਟੀ ਚੋਣਾਂ ਮੌਕੇ ਬਾਦਲ ਦਲ ਦੇ ਨਿਸ਼ਾਨ ਉਤੇ ਭਾਜਪਾ ਦੇ ਘੱਟੋ ਘੱਟ ਚਾਲ਼ੀ ਉਮੀਦਵਾਰ ਚੋਣ ਲੜ ਸਕਦੇ ਹਨ, ਜਿਹੜੇ ਆਰਐਸਐਸ ਨਾਲ ਸਬੰਧਤ ਸਿੱਖ ਹੋਣਗੇ। ਕਾਂਗਰਸ ਨੂੰ ਪੰਜਾਬ ਵਿਚੋਂ ਪੂਰੇ ਮੁਲਕ ਵਾਂਗ ਅਗਲੀ ਵਿਧਾਨ ਸਭਾ ਚੋਣ ਮੌਕੇ ਹੂੰਝ ਦੇਣ ਦੇ ਏਜੰਡੇ ਤਹਿਤ ਬਾਦਲਕਿਆਂ ਨੂੰ ਕੰਡਕਟਰ ਸੀਟ ਤੇ ਬਿਠਾ ਕੇ ਭਾਜਪਾ ਦੀ ਲੀਡਰਸ਼ਿਪ ਡਰਾਈਵਰ ਸੀਟ ਮੱਲਕੇ ਸਿਆਸੀ ਗੱਡੀ ਚਲਉਣ ਲਈ ਜੋ ਕੁਝ ਕਰ ਰਹੀ ਹੈ, ਉਹ ਸਾਡੇ ਲੋਕਾਂ ਲਈ ਬੜਾ ਨਿਵੇਕਲਾ ਹੈ। ਕਾਂਗਰਸੀਆਂ, ਬਾਦਲਕਿਆਂ ,ਕਾਮਰੇਡਾਂ ਤੇ ਹੋਰਾਂ ਤੋਂ ਦੁਖੀ ਸਿੱਖਾਂ ਨੂੰ ਭਾਜਪਾ ਦੇ ਪੱਖ ਵਿਚ ਭੁਗਤਾਉਣ ਲਈ ਬੜੇ ਉਕਸਾਊ, ਲੁਭਾਵਣੇ ਤੇ ਠੋਸ ਏਜੰਡੇ ਦੇ ਨੁਕਤੇ ਆਮ ਬੰਦੇ ਦੇ ਪੈਰਾਂ ਹੇਠੋਂ ਜ਼ਮੀਨ ਕੱਢ ਸਕਦੇ ਹਨ।

**ਬਾਕੀ ਸਫ਼ਾ 28 'ਤੇ**

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)




• ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
• ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ‘ਹਰਿਮੰਦਰ ਸਾਹਿਬ ’ਤੇ ਫ਼ੌਜੀ ਕਾਰਵਾਈ ਵਿਚ ਮੇਰਾ ਕੋਈ ਦਖ਼ਲ ਨਹੀਂ ਸੀ’

## ਅੰਮ੍ਰਿਤਸਰ ਦੇ ਸਾਬਕਾ ਡਿਪਟੀ ਕਮਿਸ਼ਨਰ ਰਮੇਸ਼ ਇੰਦਰ ਸਿੰਘ ਨਾਲ ਇਕ ਮੁਲਾਕਾਤ

ਸ੍ਰੀ ਹਰਿਮੰਦਰ ਸਾਹਿਬ ਸਮੂਹ ’ਤੇ ਹੋਈ ਫੌਜੀ ਕਾਰਵਾਈ ਨੂੰ ਬਹੁਤ ਨੇੜੇ ਤੋਂ ਦੇਖਣ ਵਾਲੇ ਉਸ ਸਮੇਂ ਦੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਰਮੇਸ਼ ਇੰਦਰ ਸਿੰਘ ਨੇ ਸਾਕਾ ਨੀਲਾ ਤਾਰਾ ਬਾਰੇ ਅਹਿਮ ਖੁਲਾਸੇ ਕੀਤੇ ਹਨ। ਉਹਨਾਂ ਦਾ ਮੰਨਣਾ ਹੈ ਕਿ ਇਸ ਆਪ੍ਰੇਸ਼ਨ ਨੂੰ ਟਾਲਿਆ ਵੀ ਜਾ ਸਕਦਾ ਸੀ, ਇਸ ਮੰਦਭਾਗੀ ਘਟਨਾ ਤੋਂ ਬਚਿਆ ਜਾ ਸਕਦਾ ਸੀ। ਉਨ੍ਹਾਂ ਇਹ ਵੀ ਕਿਹਾ ਕਿ ਆਪ੍ਰੇਸ਼ਨ ਨੀਲਾ ਤਾਰਾ ਨੂੰ ਲੈ ਕੇ ਫੌਜ ਵਿਚ ਵੀ ਮਤਭੇਦ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਵੱਖ-ਵੱਖ ਰਾਜਸੀ ਪਾਰਟੀਆਂ ਤੇ ਜਥੇਬੰਦੀਆਂ ਵਲੋਂ ਇਸ ਮੁੱਦੇ ’ਤੇ ਰਾਜਨੀਤੀ ਕੀਤੇ ਜਾਣ ਕਾਰਨ ਲਗਾਤਾਰ ਸਿੱਖ ਭਾਵਨਾਵਾਂ ਨੂੰ ਵਲੂੰਧਰਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਦੁਖਾਂਤ ਕਾਰਨ ਜ਼ਖ਼ਮੀ ਹੋਏ ਮਨਾਂ ’ਤੇ ਮੱਲ੍ਹਮ ਲਗਾਉਣ ਦੀ ਲੋੜ ਹੈ ਤੇ ਇਸ ਕੰਮ ਵਿਚ ਪਹਿਲ ਸੱਤਾ ’ਤੇ ਕਾਬਜ਼ ਧਿਰਾਂ ਵਲੋਂ ਮੁਆਫੀ ਮੰਗ ਕੇ ਕੀਤੀ ਜਾ ਸਕਦੀ ਹੈ, ਪਰ ਜੇਕਰ ਅਜਿਹਾ ਸੰਭਵ ਨਹੀਂ ਹੈ ਤਾਂ ਘੱਟੋ-ਘੱਟ ਸਾਕਾ ਨੀਲਾ ਤਾਰਾ ਬਾਰੇ ਸੱਚਾਈ ਲੋਕਾਂ ਦੇ ਸਾਹਮਣੇ ਲਿਆਉਣ ਲਈ ਇਕ ਤੱਥ ਖੋਜ ਕਮਿਸ਼ਨ ਦਾ ਗਠਨ ਕੀਤਾ ਜਾਵੇ। ਪੇਸ਼ ਹੈ ਉਨ੍ਹਾਂ ਨਾਲ ਕੀਤੀ ਮੁਲਾਕਾਤ ਦੇ ਕੁਝ ਅੰਸ਼-

**ਸਵਾਲ-ਉਸ ਸਮੇਂ ਦੇ ਡਿਪਟੀ ਕਮਿਸ਼ਨਰ ਗੁਰਦੇਵ ਸਿੰਘ ਬਰਾੜ ਵਲੋਂ ਸ੍ਰੀ ਹਰਿਮੰਦਰ ਸਾਹਿਬ ’ਤੇ ਫੌਜੀ ਕਾਰਵਾਈ ਸਬੰਧੀ ਦਸਤਖਤ ਕਰਨ ਤੋਂ ਇਨਕਾਰ ਕਰ ਦੇਣ ਕਾਰਨ, ਤੁਹਾਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ, ਇਸ ਵਿਚ ਕਿੰਨੀ ਕੁ ਸੱਚਾਈ ਹੈ ?**

ਜਵਾਬ-ਇਸ ਗੱਲ ਵਿਚ ਰੱਤੀ ਭਰ ਵੀ ਸੱਚਾਈ ਨਹੀਂ ਹੈ ਤੇ ਇਹ ਕੋਰੀ ਅਫਵਾਹ ਹੈ ਜਦ ਕਿ ਫੌਜੀ ਕਾਰਵਾਈ ਬਾਰੇ ਨਾ ਤਾਂ ਗੁਰਦੇਵ ਸਿੰਘ ਬਰਾੜ ਨੂੰ ਕੋਈ ਜਾਣਕਾਰੀ ਸੀ ਤੇ ਨਾ ਹੀ ਉਨ੍ਹਾਂ ਨੂੰ ਇਸ ਬਾਰੇ ਪਤਾ ਸੀ। ਇਥੇ ਹੀ ਬਸ ਨਹੀਂ ਗੁਰਦੇਵ ਸਿੰਘ ਬਰਾੜ ਵਲੋਂ ਤਾਂ ਅਪ੍ਰੈਲ ਮਹੀਨੇ ਹੀ ਛੁੱਟੀ ਮੰਗੀ ਸੀ, ਜਿਸ ਦੇ ਮਨਜ਼ੂਰ ਹੋਣ ’ਤੇ ਉਨ੍ਹਾਂ ਨੂੰ ਡੀ.ਸੀ. ਅੰਮ੍ਰਿਤਸਰ ਦਾ ਚਾਰਜ ਸੌਂਪਿਆ ਗਿਆ ਸੀ। ਉਨ੍ਹਾਂ ਕਿਹਾ ਕਿ ਇਹ ਇਤਫਾਕ ਹੀ ਸੀ ਕਿ 3 ਜੂਨ ਨੂੰ ਸਵੇਰੇ ਜਦੋਂ ਉਨ੍ਹਾਂ ਚਾਰਜ ਸੰਭਾਲਿਆ ਤਾਂ ਫੌਜੀ ਕਾਰਵਾਈ ਆਰੰਭ ਹੋ ਚੁੱਕੀ ਸੀ ਤੇ ਸ਼ਹਿਰ ਅੰਦਰ ਕਰਫਿਊ ਲੱਗਾ ਹੋਇਆ ਸੀ। ਉਨ੍ਹਾਂ ਕਿਹਾ ਕਿ ਦਰਬਾਰ ਸਾਹਿਬ ’ਤੇ ਫੌਜੀ ਕਾਰਵਾਈ ਦੇ ਮਾਮਲੇ ਵਿਚ ਉਨ੍ਹਾਂ ਦਾ ਕੋਈ ਦਖਲ ਨਹੀਂ ਸੀ। ਪੰਜਾਬ ਵਿਚ ਫੌਜ ਦੀ ਕਾਰਵਾਈ ਸਬੰਧੀ ਉਸ ਸਮੇਂ ਦੇ ਗ੍ਰਿਹ ਸਕੱਤਰ ਅਮਰੀਕ ਸਿੰਘ ਪੂਨੀ ਵਲੋਂ ਪੱਤਰ ਲਿਖਿਆ ਗਿਆ ਸੀ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਕੇਵਲ ਦਰਬਾਰ ਸਾਹਿਬ ’ਤੇ ਹੀ ਨਹੀਂ ਸੀ ਹੋਈ, ਸਗੋਂ ਸੂਬੇ ਦੇ ਵੱਖ-ਵੱਖ ਸ਼ਹਿਰਾਂ ਵਿਚ ਹੋਰਨਾਂ ਬਹੁਤ ਸਾਰੇ ਗੁਰੂ ਘਰਾਂ ’ਤੇ ਵੀ ਹੋਈ ਸੀ ਤੇ ਉਨ੍ਹਾਂ ਸਮੇਤ ਕਿਸੇ ਵੀ ਜ਼ਿਲ੍ਹੇ ਦੇ ਡੀ.ਸੀ. ਕੋਲੋਂ ਇਸ ਸਬੰਧੀ ਕੋਈ ਪ੍ਰਵਾਨਗੀ ਨਹੀਂ ਸੀ ਲਈ ਗਈ।

**ਸਵਾਲ-ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਮੌਜੂਦ ਸੰਗਤ ਨੂੰ ਫੌਜੀ ਕਾਰਵਾਈ ਬਾਰੇ ਕੋਈ ਅਗਾਊਂ ਸੂਚਨਾ ਦਿੱਤੀ ਗਈ ਸੀ ਜਾਂ ਫਿਰ ਉਨ੍ਹਾਂ ਨੂੰ ਬਾਹਰ ਆਉਣ ਦਾ ਮੌਕਾ ਦਿੱਤਾ ਗਿਆ ਸੀ ?**



ਜਵਾਬ-ਹਰਿਮੰਦਰ ਸਾਹਿਬ ਕੰਪਲੈਕਸ ਅੰਦਰ ਮੌਜੂਦ ਸੰਗਤ ਨੂੰ ਬਾਹਰ ਆਉਣ ਦਾ ਮੌਕਾ ਦਿੱਤਾ ਗਿਆ ਸੀ ਤੇ ਇਸ ਸਬੰਧੀ ਸਰਕਾਰ ਨੇ ਲੋਕ ਸੰਪਰਕ ਮਹਿਕਮੇ ਦੀ ਵੈਨ ਰਾਹੀਂ ਬਾਕਾਇਦਾ ਅਨਾਊਂਸਮੈਂਟ ਕਰਵਾਈ ਸੀ ।

**ਸਵਾਲ-ਸਾਕਾ ਨੀਲਾ ਤਾਰਾ ਦੌਰਾਨ ਮਾਰੇ ਗਏ ਲੋਕਾਂ ਦੀ ਅਸਲ ਗਿਣਤੀ ਨੂੰ ਲੈ ਕੇ ਵੀ ਕਾਫੀ ਭਰਮ ਭੁਲੇਖੇ ਹਨ, ਤੁਹਾਡੇ ਮੁਤਾਬਿਕ ਇਸ ਦੁਖਾਂਤ ਵਿਚ ਕਿੰਨੇ ਕੁ ਲੋਕ ਮਾਰੇ ਗਏ ਜਾਂ ਸ਼ਹੀਦ ਹੋਏ ?**

ਜਵਾਬ-ਸਾਕਾ ਨੀਲਾ ਤਾਰਾ ਦੌਰਾਨ ਮਾਰੇ ਗਏ ਲੋਕਾਂ ਬਾਰੇ ਸਹੀ ਅੰਕੜੇ ਇਸ ਕਰਕੇ ਹਾਸਿਲ ਨਹੀਂ ਹੋ ਸਕੇ, ਕਿਉਂਕਿ ਕਾਫੀ ਲੋਕ ਹਰਿਮੰਦਰ ਸਾਹਿਬ ਕੰਪਲੈਕਸ ਦੇ ਬਾਹਰ ਵੀ ਮਾਰੇ ਗਏ ਤੇ ਕੁਝ ਜ਼ਖਮੀ ਵੀ ਬਾਅਦ ਵਿਚ ਦਮ ਤੋੜ ਗਏ ਸਨ। ਉਂਝ 6 ਜੂਨ ਨੂੰ ਹੀ ਹਰਿਮੰਦਰ ਸਾਹਿਬ ਕੰਪਲੈਕਸ ਤੋਂ ਲਾਸ਼ਾਂ ਨੂੰ ਬਾਹਰ ਕੱਢ ਲਿਆ ਗਿਆ ਸੀ, ਪਰ ਫਿਰ ਵੀ 8 ਜੂਨ ਤੱਕ ਲਾਸ਼ਾਂ ਮਿਲਣ ਦਾ ਸਿਲਸਿਲਾ ਚੱਲਦਾ ਰਿਹਾ ਤੇ ਤਿੰਨ ਦਿਨਾਂ ਵਿਚ 717 ਵਿਅਕਤੀਆਂ ਦੀਆਂ ਲਾਸ਼ਾਂ ਮਿਲ ਚੁੱਕੀਆਂ ਸਨ ਜਦਕਿ ਸ਼ਮਸ਼ਾਨਘਾਟ ਵਿਚ ਸਸਕਾਰ ਕੀਤੀਆਂ ਗਈਆਂ ਲਾਸ਼ਾਂ ਦੀ ਗਿਣਤੀ 783 ਸੀ। ਇਸ ਤਰ੍ਹਾਂ ਕੁੱਲ ਮਿਲਾ ਕੇ ਇਸ ਦੁਖਾਂਤ ਵਿਚ 800 ਦੇ ਕਰੀਬ ਵਿਅਕਤੀ ਮਾਰੇ ਗਏ ਜਾਂ ਸ਼ਹੀਦ ਹੋਏ।

**ਸਵਾਲ-ਸਾਕਾ ਨੀਲਾ ਤਾਰਾ ਦੇ ਦੁਖਾਂਤ ਨੂੰ ਤੁਸੀਂ ਕਿਸ ਤਰ੍ਹਾਂ ਦੇਖਦੇ ਹੋ ?**

ਜਵਾਬ-ਸਾਕਾ ਨੀਲਾ ਤਾਰਾ ਬਹੁਤ ਹੀ ਮੰਦਭਾਗੀ ਤੇ ਦੁਖਦਾਈ ਘਟਨਾ ਸੀ। ਇਸ ਘਟਨਾ ਨੇ ਸੂਬੇ ਦੀ ਆਰਥਿਕਤਾ ਨੂੰ ਵੱਡੀ ਸੱਟ ਮਾਰੀ ਤੇ ਸੂਬਾ ਅਜੇ ਤੱਕ ਵੀ ਇਸ ਦੁਖਾਂਤ ਤੋਂ ਉੱਭਰ ਨਹੀਂ ਸਕਿਆ ਤੇ ਕਦੇ ਹਰ ਖੇਤਰ ਵਿਚ ਮੋਹਰੀ ਰਿਹਾ ਪੰਜਾਬ ਅੱਜ ਹਰ ਖੇਤਰ ਵਿਚ ਪੱਛੜ ਗਿਆ ਹੈ।

**ਸਵਾਲ-ਅੱਜ 35 ਸਾਲ ਬਾਅਦ ਤੁਸੀਂ ਸੋਚਦੇ ਹੋ ਕਿ ਇਸ ਆਪ੍ਰੇਸ਼ਨ ਨੂੰ ਟਾਲਿਆ ਵੀ ਜਾ ਸਕਦਾ ਸੀ ?**

ਜਵਾਬ-ਮੇਰੀ ਜਾਣਕਾਰੀ ਮੁਤਾਬਿਕ ਉਸ ਸਮੇਂ ਫੌਜ ਵਿਚ ਵੀ ਇਸ ਸਬੰਧੀ ਦੋ ਮੱਤ ਸਨ ? ਫੌਜ ਦੇ ਕੁਝ ਜਨਰਲ ਸ੍ਰੀ ਹਰਿਮੰਦਰ ਸਾਹਿਬ ਸਮੂਹ ਨੂੰ ਘੇਰੇ ਵਿਚ ਲੈ ਕੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਉਨ੍ਹਾਂ ਦੇ ਹੋਰਨਾਂ ਸਮਰਥਕਾਂ ਨੂੰ ਬਾਹਰ ਆਉਣ ਲਈ ਮਜ਼ਬੂਰ ਕਰਨ ਦੇ ਸਮਰਥਕ ਸਨ, ਪਰ ਜਨਰਲ ਸੁੰਦਰਜੀ ਤੇ ਉਨ੍ਹਾਂ ਦੇ ਕੁਝ ਹੋਰ ਸਾਥੀ ਫੌਜੀ ਕਾਰਵਾਈ ਦੇ ਹੱਕ ਵਿਚ ਸਨ। ਮੇਰਾ ਖਿਆਲ ਹੈ ਕਿ ਇਸ ਮਸਲੇ ਨੂੰ ਸੁਲਝਾਉਣ ਦੇ ਹੋਰ ਬਿਹਤਰ ਬਦਲ ਵੀ ਹੋ ਸਕਦੇ ਸਨ।

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

## ਅਜੀਤ ਡੋਭਾਲ ਬਣੇ ਰਾਸ਼ਟਰੀ ਸੁਰੱਖਿਆ ਸਲਾਹਕਾਰ

**ਨਵੀਂ ਦਿੱਲੀ/ਏਟੀ ਨਿਊਜ਼ :** ਐੱਨਡੀਏ ਦੀ ਪਿਛਲੀ ਸਰਕਾਰ 'ਚ ਰਾਸ਼ਟਰੀ ਸੁਰੱਖਿਆ ਸਲਾਹਕਾਰ ਰਹੇ ਅਜੀਤ ਡੋਭਾਲ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਫਿਰ ਤੋਂ ਭਰੋਸਾ ਜਤਾਇਆ ਹੈ। ਉਨ੍ਹਾ ਨੂੰ ਦੋਬਾਰਾ ਅਗਲੇ 5 ਸਾਲ ਲਈ ਐੱਨਐੱਸਏ ਨਿਯੁਕਤ ਕਰ ਦਿੱਤਾ ਹੈ। ਐਕਸਟੈਂਸ਼ਨ ਤੋਂ ਇਲਾਵਾ ਸੁਰੱਖਿਆ 'ਚ ਯੋਗਦਾਨ ਨੂੰ ਦੇਖਦੇ ਹੋਏ ਡੋਭਾਲ ਨੂੰ ਕੈਬਨਿਟ ਮੰਤਰੀ ਦਾ ਦਰਜਾ ਵੀ ਦਿੱਤਾ ਗਿਆ ਹੈ।



## ਸਪਾ-ਬਸਪਾ ਗਠਜੋੜ ਕਰਨ ਦਾ ਕੋਈ ਲਾਭ ਨਹੀਂ ਮਿਲਿਆ : ਮਾਇਆਵਤੀ

**ਨਵੀਂ ਦਿੱਲੀ/ਏਟੀ ਨਿਊਜ਼ :** ਬਸਪਾ ਸੁਪਰੀਮੋ ਮਾਇਅਵਤੀ ਨੇ ਕਿਹਾ ਕਿ ਐੱਸਪੀ-ਬਸਪਾ ਦਾ ਗਠਜੋੜ ਕਰਨ ਨਾਲ ਕੋਈ ਲਾਭ ਨਹੀਂ ਹੋਇਆ। ਯਾਦਵਾਂ ਦੇ ਵੋਟ ਗਠਜੋੜ ਨੂੰ ਨਹੀਂ ਮਿਲੇ। ਯਾਦਵ ਨੇਤਾਵਾਂ ਨੇ ਗਠਜੋੜ ਦੇ ਖਿਲਾਫ਼ ਕੰਮ ਕੀਤਾ। ਇਹ ਗੱਲ ਮਾਇਅਵਤੀ ਨੇ ਯੂਪੀ ਸਾਂਸਦਾਂ ਅਤੇ ਲੋਕ ਸਭਾ ਉਮੀਦਵਾਰਾਂ ਦੇ ਨਾਲ ਮੀਟਿੰਗ 'ਚ ਕਹੀ। ਉਹਨਾਂ ਕਿਹਾ ਕਿ ਜੇਕਰ ਯਾਦਵਾਂ ਦੀਆਂ ਵੋਟਾਂ ਗਠਜੋੜ ਨੂੰ ਮਿਲਦੀਆਂ ਤਾਂ ਫਿਰ ਅਖਿਲੇਸ਼ ਯਾਦਵ ਦੇ ਪਰਵਾਰ ਦੇ ਲੋਕ ਚੋਣ ਨਾ ਹਾਰ ਦੇ। ਸਮਾਜਵਾਦੀ ਪਾਰਟੀ ਦੇ ਲੋਕਾਂ ਨੇ ਕਈ ਜਗ੍ਹਾ 'ਤੇ ਗਠਜੋੜ ਖਿਲਾਫ਼ ਕੰਮ ਕੀਤਾ ਹੈ। ਇਸ ਦੌਰਾਨ ਮੁਸਲਮਾਨਾਂ ਨੇ ਸਾਡਾ ਪੂਰਾ ਸਾਥ ਦਿੱਤਾ।



## 'ਜੈ ਸ੍ਰੀ ਰਾਮ' ਦੇ ਜਵਾਬ 'ਚ ਮਮਤਾ ਦਾ 'ਜੈ ਬਾਂਗਲਾ' ਨਾਹਰਾ

**ਕੋਲਕਾਤਾ/ਏਟੀ ਨਿਊਜ਼ :** ਭਾਰਤੀ ਜਨਤਾ ਪਾਰਟੀ ਦੇ ਵਰਕਰਾਂ ਦੇ ਜੈ ਸ੍ਰੀ ਰਾਮ ਦਾ ਨਾਅਰਾ ਲਾਉਣ 'ਤੇ ਪਿਛਲੇ ਦਿਨੀਂ ਭੜਕੀ ਮਮਤਾ ਬੈਨਰਜੀ ਨੇ ਸੋਸ਼ਲ ਮੀਡੀਆ, ਟਵਿੱਟਰ ਅਤੇ ਫੇਸਬੁੱਕ 'ਤੇ ਆਪਣੀ ਡਿਸਪਲੇਅ ਤਸਵੀਰ (ਡੀਪੀ) ਬਦਲ ਦਿੱਤੀ ਹੈ। ਹੁਣ ਉਨ੍ਹਾਂ ਦੀ ਡੀਪੀ 'ਚ 'ਜੈ ਹਿੰਦ, ਜੈ ਬਾਂਗਲਾ' ਲਿਖਿਆ ਨਜ਼ਰ ਆ ਰਿਹਾ ਹੈ। ਜ਼ਿਕਰਯੋਗ ਹੈ ਕਿ ਮਮਤਾ ਦੇ ਨਾਲ ਹੀ ਉਨ੍ਹਾਂ ਦੀ ਪਾਰਟੀ ਤ੍ਰਿਣਮੂਲ ਕਾਂਗਰਸ ਦੇ ਪ੍ਰਮੁੱਖ ਨੇਤਾਵਾਂ ਨੇ ਵੀ ਆਪਣੀ ਡੀਪੀ ਬਦਲ ਦਿੱਤੀ ਹੈ। ਇਸ ਤੋਂ ਬਾਅਦ ਟਵਿੱਟਰ ਅਤੇ ਫੇਸਬੁਕ 'ਤੇ ਡੀਪੀ ਬਦਲਦੇ ਹੋਏ ਮਮਤਾ ਨੇ ਹੁਣ ਮਹਾਤਮਾ ਗਾਂਧੀ, ਕ੍ਰਾਂਤੀਕਾਰੀ ਆਗੂ ਨੇਤਾਜੀ ਸੁਭਾਸ਼ ਚੰਦਰ ਬੋਸ, ਭਗਤ ਸਿੰਘ, ਮਾਤੰਗਿਨੀ ਹਾਜ਼ਰਾ, ਨੋਬੇਲ ਪੁਰਸਕਾਰ ਵਿਜੇਤਾ ਕਵੀ ਰਵਿੰਦਰਨਾਥ ਟੈਗੋਰ ਅਤੇ ਕਵੀ ਕਾਜ਼ੀ ਨਜ਼ਰੂਲ ਇਸਲਾਮ ਦੀਆਂ ਤਸਵੀਰਾਂ ਦੇ ਨਾਲ 'ਜੈ ਹਿੰਦ, ਜੈ ਬਾਂਗਲਾ' ਲਿਖੀ ਤਸਵੀਰ ਨੂੰ ਜਗ੍ਹਾ ਦਿੱਤੀ ਹੈ।



## ਮਾਲੇਗਾਂਵ ਬਲਾਸਟ ਮਾਮਲੇ 'ਚ ਪ੍ਰਗਿਆ ਠਾਕੁਰ ਦੀ ਪੇਸ਼ੀ ਤੋਂ ਛੋਟ ਦੀ ਅਰਜ਼ੀ ਖਾਰਜ

**ਨਵੀਂ ਦਿੱਲੀ/ਏਟੀ ਨਿਊਜ਼ :** ਰਾਸ਼ਟਰੀ ਜਾਂਚ ਏਜੰਸੀ (ਐੱਨਆਈਏ) ਦੀ ਵਿਸ਼ੇਸ਼ ਅਦਾਲਤ ਨੇ ਮਾਲੇਗਾਂਵ ਬਲਾਸਟ ਮਾਮਲੇ 'ਚ ਪੇਸ਼ੀ ਤੋਂ ਛੋਟ ਮੰਗਣ ਵਾਲੀ ਸਾਧਵੀ ਪ੍ਰਗਿਆ ਸਿੰਘ ਠਾਕੁਰ ਦੀ ਅਰਜ਼ੀ ਖਾਰਜ ਕਰ ਦਿੱਤੀ। ਸਾਧਵੀ ਨੇ ਸਾਂਸਦੀ ਪ੍ਰਕਿਰਿਆ ਨੂੰ ਪੂਰਾ ਕਰਨ ਦਾ ਹਵਾਲਾ ਦਿੰਦੇ ਹੋਏ ਤਿੰਨ ਤੋਂ ਸੱਤ ਜੂਨ ਤੱਕ ਆਪਣੀ ਪੇਸ਼ੀ ਤੋਂ ਛੋਟ ਦੇਣ ਦੀ ਮੰਗ ਕੀਤੀ ਸੀ, ਪਰ ਕੋਰਟ ਨੇ ਉਨ੍ਹਾ ਦੀ ਅਰਜ਼ੀ ਖਾਰਜ ਕਰਦੇ ਹੋਏ 2008 ਦੇ ਧਮਾਕਿਆਂ ਦੇ ਮਾਮਲੇ 'ਚ ਇਸ ਹਫ਼ਤੇ ਸੁਣਵਾਈ ਦੌਰਾਨ ਉਨ੍ਹਾ ਨੂੰ ਮੌਜੂਦ ਰਹਿਣ ਦਾ ਹੁਕਮ ਦਿੱਤਾ ਹੈ।



*ਮੁਜ਼ੱਫਰਪੁਰ ਸ਼ੈਲਟਰ ਹੋਮ ਮਾਮਲਾ*

## ਕੋਰਟ ਵੱਲੋਂ ਸੀਬੀਆਈ ਨੂੰ ਤਿੰਨ ਮਹੀਨੇ 'ਚ ਜਾਂਚ ਪੂਰੀ ਕਰਨ ਦੇ ਆਦੇਸ਼

**ਨਵੀਂ ਦਿੱਲੀ/ਏਟੀ ਨਿਊਜ਼ :** ਸੁਪਰੀਮ ਕੋਰਟ ਨੇ ਮੁਜ਼ੱਫਰਪੁਰ ਸ਼ੈਲਟਰ ਹੋਮ ਮਾਮਲੇ 'ਚ ਸੀਬੀਆਈ ਨੂੰ ਹੱਤਿਆ ਦੇ ਪਹਿਲੂ ਸਮੇਤ ਜਾਂਚ ਪੂਰੀ ਕਰਨ ਲਈ ਤਿੰਨ ਮਹੀਨੇ ਦਾ ਸਮਾਂ ਦਿੱਤਾ ਹੈ। ਅਦਾਲਤ ਨੇ ਸੀਬੀਆਈ ਨੂੰ ਮੁਜ਼ੱਫਰਪੁਰ ਸ਼ੈਲਟਰ ਹੋਮ ਮਾਮਲੇ 'ਚ ਜਿਨਸੀ ਸ਼ੋਸ਼ਣ ਅਤੇ ਅਪਰਾਧ ਦੀ ਵੀਡੀਓ ਰਿਕਾਰਡਿੰਗ ਦੇ ਦੋਸ਼ਾਂ ਦੀ ਜਾਂਚ ਕਰਨ ਦਾ ਵੀ ਆਦੇਸ਼ ਦਿੱਤਾ ਹੈ। ਸੁਪਰੀਮ ਕੋਰਟ ਨੇ ਨਸ਼ਾ ਦੇ ਕੇ ਬੱਚੀਆਂ ਦੇ ਜਿਨਸੀ ਸੋਸ਼ਣ 'ਚ ਮਦਦ ਕਰਨ ਵਾਲੇ ਬਾਹਰੀ ਲੋਕਾਂ ਦੀ ਭੂਮਿਕਾ ਦੀ ਜਾਂਚ ਕਰਨ ਦਾ ਆਦੇਸ਼ ਵੀ ਸੀਬੀਆਈ ਨੂੰ ਦਿੱਤਾ ਹੈ। ਇਸ ਤੋਂ ਪਹਿਲਾਂ ਮੁਜ਼ੱਫਰਪੁਰ ਬਾਲਿਕਾ ਗ੍ਰਹਿ ਮਾਮਲੇ 'ਚ ਅਦਾਲਤ ਨੇ ਮਾਰਚ ਦੇ ਆਖੀਰ 'ਚ 21 ਦੋਸ਼ੀਆਂ ਖਿਲਾਫ਼ ਮੁਕੱਦਮਾ ਚਲਾਉਣ ਦਾ ਰਸਤਾ ਸਾਫ਼ ਕਰ ਦਿੱਤਾ ਸੀ। ਅਦਾਲਤ ਨੇ ਦੋਸ਼ੀਆਂ ਦੇ ਖਿਲਾਫ਼ ਪਾਕਸੋ ਸਮੇਤ ਵੱਖ-ਵੱਖ ਧਾਰਾਵਾਂ ਤਹਿਤ ਦੋਸ਼ ਤੈਅ ਕਰ ਦਿੱਤਾ ਸੀ। ਇਸ ਮਾਮਲੇ 'ਚ ਮੁੱਖ ਦੋਸ਼ੀ ਅਤੇ ਸ਼ੈਲਟਰ ਹੋਮ ਦੇ ਸੰਚਾਲਕ ਬ੍ਰਜੇਸ਼ ਠਾਕੁਰ 'ਤੇ ਲਗਾਤਾਰ ਬਲਾਤਕਾਰ ਤੋਂ ਇਲਾਵਾ ਜਿਨਸੀ ਸ਼ੋਸ਼ਣ ਰੋਕਥਾਮ ਨਿਯਮ (ਪੋਕਸੋ) ਦੀ ਧਾਰਾ 6 ਦੇ ਤਹਿਤ ਦੋਸ਼ ਤੈਅ ਕੀਤੇ ਗਏ। ਦੋਸ਼ ਤੈਅ ਹੋਣ 'ਤੇ ਉਮਰ ਕੈਦ ਦੀ ਸਜ਼ਾ ਦਾ ਪ੍ਰਬੰਧ ਹੈ।

# ਜੇ ਅਮਰੀਕਾ ਨਾਲ ਜੰਗ ਹੋਈ ਤਾਂ ਇਹ ਦੁਨੀਆ ਲਈ ਭਿਆਨਕ ਹੋਏਗਾ

## ਚੀਨ ਦੇ ਰੱਖਿਆ ਮੰਤਰੀ ਵੇਈ ਫੇਂਗੇ ਨੇ ਦਿੱਤੀ ਚੇਤਾਵਨੀ

**ਸਿੰਗਾਪੁਰ/ਏਟੀ ਨਿਊਜ਼ :**
ਚੀਨ ਦੇ ਰੱਖਿਆ ਮੰਤਰੀ ਵੇਈ ਫੇਂਗੇ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇ ਅਮਰੀਕਾ ਨਾਲ ਜੰਗ ਹੋਈ ਤਾਂ ਇਹ ਦੁਨੀਆ ਲਈ ਭਿਆਨਕ ਹੋਏਗਾ। ਇਸ ਲਈ ਬਿਹਤਰ ਹੋਏਗਾ ਕਿ ਉਹ (ਅਮਰੀਕਾ) ਤਾਈਵਾਨ ਤੇ ਦੱਖਣ ਚੀਨ ਸਾਗਰ ਦੇ ਮੁੱਦੇ 'ਤੇ ਦਖ਼ਲ-ਅੰਦਾਜ਼ੀ ਨਾ ਕਰੇ।

ਦੱਸ ਦੇਈਏ ਕਿ ਹਾਲ ਹੀ ਵਿੱਚ ਡੋਨਲਡ ਟਰੰਪ ਪ੍ਰਸ਼ਾਸਨ ਨੇ ਸਵੈਸ਼ਾਸਿਤ ਤੇ ਲੋਕਤੰਤਰਿਕ ਵਿਵਸਥਾ ਵਾਲੇ ਤਾਈਵਾਨ ਨੂੰ ਸਮਰਥਨ ਦੇਣਾ ਸ਼ੁਰੂ ਕੀਤਾ ਸੀ। ਇਸ ਦੇ ਨਾਲ ਹੀ ਅਮਰੀਕਾ ਨੇ ਤਾਈਵਾਨ ਸਟ੍ਰੇਟ ਵਿਚ ਵੀ ਆਪਣੇ ਜਹਾਜ਼ ਭੇਜੇ ਸੀ। ਕਈ ਦੇਸ਼ਾਂ ਵਾਂਗ ਅਮਰੀਕਾ ਦਾ ਵੀ ਤਾਈਵਾਨ ਨਾਲ ਕੋਈ ਰਸਮੀ ਰਿਸ਼ਤਾ ਨਹੀਂ ਹੈ ਪਰ ਇਹ ਨਾ ਸਿਰਫ ਤਾਈਵਾਨ ਦਾ ਮਜ਼ਬੂਤੀ ਨਾਲ ਸਮਰਥਨ ਕਰਦਾ ਹੈ ਸਗੋਂ ਇਹ ਉਨ੍ਹਾਂ ਦੇ ਹਥਿਆਰਾਂ ਦਾ ਮੁੱਖ ਸਰੋਤ ਵੀ ਹੈ। ਅਮਰੀਕੀ ਰੱਖਿਆ ਮੰਤਰੀ ਪੈਟ੍ਰਿਕ ਸ਼ੈਨਹੁਨ ਨੇ ਸ਼ਾਂਗਰੀ-ਲਾ ਵਿੱਚ ਇਹ ਗੱਲ ਕਹੀ ਕਿ ਉਹ ਲੰਮੇ ਸਮੇਂ ਤੋਂ ਏਸ਼ੀਆ ਵਿੱਚ ਚੀਨ ਦੇ ਵਿਹਾਰ ਨੂੰ ਲੁਕ ਕੇ ਨਹੀਂ ਵੇਖਦੇ ਰਹਿਣਗੇ।

ਵੇਈ ਨੇ ਸਪਸ਼ਟ ਸ਼ਬਦਾਂ ਵਿੱਚ ਕਿਹਾ ਕਿ ਜੇ ਕਿਸੇ ਨੇ ਤਾਈਵਾਨ ਤੇ ਚੀਨ ਦੇ ਸਬੰਧਾਂ ਵਿੱਚ ਦਖ਼ਲ ਦੇਣ ਦੀ ਕੋਸ਼ਿਸ਼ ਕੀਤੀ ਤਾਂ ਉਹ ਲੜਨਗੇ। ਏਸ਼ੀਆ ਵਿੱਚ ਚੀਨ ਦੇ ਆਪਰੇਸ਼ਨ ਦਾ ਮਕਸਦ ਖ਼ੁਦ ਦੀ ਸੁਰੱਖਿਆ ਕਾਇਮ ਕਰਨਾ ਹੈ। ਅਸੀਂ ਕਿਸੇ 'ਤੇ ਹਮਲਾ ਨਹੀਂ ਕਰਾਂਗੇ ਪਰ ਆਪਣੇ ਹਿੱਤਾਂ ਦੀ ਰੱਖਿਆ ਲਈ ਹਮਲਾ ਕਰਨ ਤੋਂ ਪਿੱਛੇ ਨਹੀਂ ਹਟਾਂਗੇ।





### ਚੀਨ ਨੇ ਆਸਟ੍ਰੇਲੀਆ ਭੇਜੇ ਜੰਗੀ ਬੇੜੇ

ਆਸਟ੍ਰੇਲੀਆ ਦੇ ਸਿਡਨੀ ਹਾਰਬਰ ਵਿੱਚ ਚੀਨ ਦੇ ਤਿੰਨ ਜੰਗੀ ਬੇੜੇ ਦਿਸਣ ਬਾਅਦ ਹੰਗਾਮਾ ਮੱਚ ਗਿਆ। ਦਰਅਸਲ ਹਾਲ ਹੀ ਵਿੱਚ ਇੱਕ ਰਿਪੋਰਟ ਵਿੱਚ ਖ਼ੁਲਾਸਾ ਹੋਇਆ ਸੀ ਕਿ ਆਸਟ੍ਰੇਲਿਆਈ ਥਲ ਸੈਨਾ ਦੀ ਵਿਵਾਦਤ ਦੱਖਣ ਚੀਨ ਸਾਗਰ ਵਿਚ ਗਸ਼ਤ ਦੌਰਾਨ ਚੀਨੀ ਥਲ ਸੈਨਾ ਨਾਲ ਉਸ ਦਾ ਆਹਮੋ-ਸਾਹਮਣਾ ਹੋ ਗਿਆ ਸੀ। ਇਹ ਵੀ ਕਿਹਾ ਗਿਆ ਸੀ ਕਿ ਆਸਟ੍ਰੇਲਿਆਈ ਪਾਇਲਟਾਂ 'ਤੇ ਲੇਜ਼ਰ ਦਾ ਨਿਸ਼ਾਨਾ ਰੱਖਿਆ ਗਿਆ ਸੀ। ਇਨ੍ਹਾਂ ਖ਼ਬਰਾਂ ਦਰਮਿਆਨ ਅਚਾਨਕ ਥਲ ਸੈਨਾ ਦੇ 700 ਜਵਾਨਾਂ ਨਾਲ ਤਿੰਨ ਚੀਨੀ ਜੰਗੀ ਪੋਤਾਂ ਪਹੁੰਚਣ ਬਾਅਦ ਇੱਥੇ ਤਣਾਓ ਬਣਿਆ ਹੋਇਆ ਹੈ। ਇਸ ਘਟਨਾ ਬਾਅਦ ਸੋਲੋਮਨ ਟਾਪੂ ਦੇ ਦੌਰੇ 'ਤੇ ਗਏ ਪ੍ਰਧਾਨ ਮੰਤਰੀ ਸਕਾਟ ਮਾਰਿਸਨ ਨੇ ਕਿਹਾ ਕਿ ਹਾਲ ਹੀ ਵਿਚ ਆਸਟ੍ਰੇਲਿਆਈ ਪੋਤ ਚੀਨ ਗਏ ਸੀ। ਇਸ ਲਈ ਇਹ ਚੀਨ ਦਾ ਜਵਾਬੀ ਕਦਮ ਸੀ।

## ਬੱਬਰ ਖਾਲਸਾ ਇੰਟਰਨੈਸ਼ਨਲ ਦੇ ਦੋ ਕਥਿਤ ਖਾੜਕੂ ਗ੍ਰਿਫ਼ਤਾਰ

**ਚੰਡੀਗੜ੍ਹ/ਏਟੀ ਨਿਊਜ਼ :**
ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਦੋ ਕਥਿਤ ਖਾੜਕੂਆਂ ਜਗਦੇਵ ਸਿੰਘ ਤੇ ਰਵਿੰਦਰਪਾਲ ਸਿੰਘ ਨੂੰ ਪੁਲਿਸ ਨੇ ਅੰਮ੍ਰਿਤਸਰ ਤੇ ਫਿਰੋਜ਼ਪੁਰ ਤੋਂ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਮੁਤਾਬਕ ਇਹ ਦੋਨੋਂ ਖਾੜਕੂ ਪੰਜਾਬ ਵਿਚ ਸਾਕਾ ਨੀਲਾ ਤਾਰਾ ਦੀ ਬਰਸੀ ਮੌਕੇ ਵਾਰਦਾਤ ਕਰਨ ਦੀ ਫ਼ਿਰਾਕ ਵਿਚ ਸਨ। ਪੁਲਿਸ ਨੇ ਇਹ ਵੀ ਦਾਅਵਾ ਕੀਤਾ ਕਿਮਲੇਸ਼ੀਆ ਨਿਵਾਸੀ ਕੁਲਵਿੰਦਰ ਸਿੰਘ ਉਰਫ਼ ਖ਼ਾਨਪੁਰੀਆ ਦੇ ਨਿਰਦੇਸ਼ 'ਤੇ ਸਲੀਪਰ ਸੈੱਲ ਨੂੰ ਧਨ ਤੇ ਹਥਿਆਰ ਮੁਹੱਈਆ ਕਰਵਾਉਂਦੇ ਸਨ। ਇਹਨਾਂ ਨੇ ਇਕ ਵਿਸ਼ੇਸ਼ ਭਾਈਚਾਰੇ ਦੇ ਆਗੂਆਂ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਬਣਾਈ ਸੀ। ਪੁਲਿਸ ਨੇ ਜਗਦੇਵ ਸਿੰਘ ਨੂੰ ਅੰਮ੍ਰਿਤਸਰ ਵਿਚ ਆਟੋ ਏਜੰਸੀ ਨੇੜਿਓਂ ਗ੍ਰਿਫ਼ਤਾਰ ਕੀਤਾ। ਉਹ ਆਟੋ ਏਜੰਸੀ ਵਿਚ ਕੰਮ ਕਰਦਾ ਸੀ। ਰਵਿੰਦਰਪਾਲ ਨੂੰ ਫਿਰੋਜ਼ਪੁਰ ਦੇ ਪਿੰਡ ਸੰਦੇਹਾਸ਼ਾਮ ਤੋਂ ਗ੍ਰਿਫ਼ਤਾਰ ਕੀਤਾ। ਖਾਲਿਸਤਾਨੀ



ਆਗੂ ਸਰਬਜੀਤ ਸਿੰਘ ਘੁਮਾਣ ਨੇ ਕਿਹਾ ਕਿ ਪ੍ਰਸ਼ਾਸ਼ਨ ਜਾਣ ਬੁੱਝ ਕੇ ਨਿਰਦੋਸ਼ ਸਿੱਖਾਂ ਨੂੰ ਨਿਸ਼ਾਨਾ ਬਣਾ ਰਹੀ ਹੈ।

## ਭਗਵੇਂਵਾਦੀਆਂ ਵਲੋਂ ਮੀਟ ਖਾਣ ਦਾ ਦੋਸ਼ ਲਾ ਕੇ ਚਾਰ ਮਜ਼ਦੂਰਾਂ ਦੀ ਕੁੱਟਮਾਰ

**ਬਰੇਲੀ/ਏਟੀ ਨਿਊਜ਼ :** ਇੱਥੇ ਇੱਕ ਦਰੱਖ਼ਤ ਥੱਲੇ ਮੂਰਤੀਆਂ ਰੱਖ ਕੇ ਬਣਾਏ ਧਾਰਮਿਕ ਸਥਾਨ ਨਜ਼ਦੀਕ ਛਾਂ ਵਿੱਚ ਬੈਠ ਕੇ ਦੁਪਹਿਰ ਨੂੰ ਰੋਟੀ ਖਾਂਦੇ ਚਾਰ ਮਜ਼ਦੂਰਾਂ ਦੀ ਅਚਾਨਕ ਆਏ ਮੋਟਰ ਸਾਈਕਲ ਸਵਾਰ ਭਗਵੇਂਵਾਦੀ ਗੁੰਡਿਆਂ ਨੇ 'ਜੈ ਸ੍ਰੀ ਰਾਮ' ਦੇ ਨਾਅਰੇ ਲਗਾ ਕੇ ਇਹ ਦੋਸ਼ ਲਾ ਕੇ ਕੁੱਟਮਾਰ ਸ਼ੁਰੂ ਕਰ ਦਿੱਤੀ ਕਿ ਉਹ ਧਾਰਮਿਕ ਸਥਾਨ ਨੇੜੇ ਬੈਠ ਕੇ ਮੀਟ ਖਾ ਰਹੇ ਹਨ। ਇਨ੍ਹਾਂ ਵਿੱਚ ਦੋ ਮਜ਼ਦੂਰ ਮੁਸਲਿਮ ਫਿਰਕੇ ਦੇ ਸਨ, ਜਦੋਂ ਕਿ ਮਜ਼ਦੂਰਾਂ ਦਾ ਕਹਿਣਾ ਹੈ ਕਿ ਉਹ ਸਬਜ਼ੀ ਨਾਲ ਰੋਟੀ ਖਾ ਰਹੇ ਸਨ। ਬਾਹੇਰੀ ਇਲਾਕੇ ਦੇ ਥਾਣੇਦਾਰ ਨੇ ਘਟਨਾ ਦੀ ਪੁਸ਼ਟੀ ਕੀਤੀ ਹੈ। ਭਗੌੜੇ ਮੁਲਜ਼ਮਾਂ ਨੂੰ ਕਾਬੂ ਕਰਨ ਲਈ ਪੁਲੀਸ ਸਰਗਰਮ ਹੈ।

# ਪੰਜਾਬ 'ਚ ਨਸ਼ਿਆਂ ਕਾਰਨ ਹੋ ਰਹੀਆਂ ਨੇ ਮੌਤਾਂ

## *ਪੰਜਾਬ 'ਚ ਡਰੱਗ ਸਮੱਗਲਰ ਸਰਗਰਮ ਤੇ ਨੌਜਵਾਨਾਂ ਨੂੰ ਗੁੰਮਰਾਹ ਕਰਕੇ ਦੇ ਰਹੇ ਨੇ ਨਸ਼ੇ*

**ਜਲੰਧਰ /ਵਿਸ਼ੇਸ਼ ਪ੍ਰਤੀਨਿਧੀ :**
ਪੰਜਾਬ ਵਿਚ ਨਸ਼ਿਆਂ ਕਾਰਨ ਲਗਾਤਾਰ ਮੌਤਾਂ ਹੋ ਰਹੀਆਂ ਹਨ। ਵਿਸ਼ੇਸ਼ ਤੌਰ 'ਤੇ ਨੌਜਵਾਨ ਵਰਗ ਨਸ਼ੇ ਦੀ ਆਦਤ ਦਾ ਸ਼ਿਕਾਰ ਹੋ ਕੇ ਬੁਰੀ ਤਰ੍ਹਾਂ ਖੋਖਲਾ ਹੋ ਗਿਆ ਹੈ। ਨਸ਼ਿਆਂ ਦੇ ਬਹੁਤ ਜ਼ਿਆਦਾ ਸੇਵਨ ਕਾਰਣ ਹੋਣ ਵਾਲੀਆਂ ਮੌਤਾਂ ਨਾਲ ਅਣਗਿਣਤ ਪਰਿਵਾਰ ਉੱਜੜ ਰਹੇ ਹਨ। 2018 ਵਿਚ ਪੰਜਾਬ ਦੇ ਮੁੱਖ ਮੰਤਰੀ ਵਲੋਂ ਸਹੁੰ ਚੁੱਕਣ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਵੀ 4 ਹਫਤਿਆਂ ਵਿਚ ਸੂਬੇ ਵਿਚ ਨਸ਼ੇ ਦਾ ਧੰਦਾ ਖਤਮ ਕਰਨ ਦੀ ਸਹੁੰ ਚੁੱਕੀ ਸੀ, ਪਰ ਅਜੇ ਵੀ ਨਸ਼ਾ ਮਾਫੀਆ ਪੰਜਾਬ ਅਤੇ ਭਾਰਤ ਦੇ ਹੋਰਨਾਂ ਹਿੱਸਿਆਂ ਵਿਚ ਪੂਰੀ ਤਰ੍ਹਾਂ ਸਰਗਰਮ ਹੈ। ਲਗਾਤਾਰ ਮੌਤਾਂ ਹੋਣ ਦੇ ਬਾਵਜੂਦ ਕੈਪਟਨ ਸਰਕਾਰ ਇਸ ਪ੍ਰਤੀ ਸੁਚੇਤ ਨਹੀਂ ਤੇ ਉਹ ਕੁੰਭਕਰਨੀ ਨੀਂਦ ਸੁੱਤੀ ਜਾਪਦੀ ਹੈ। ਪੁਲੀਸ ਪ੍ਰਸ਼ਾਸ਼ਣ ਵੀ ਇਸ ਬਾਰੇ ਬਹੁਤਾ ਸੁਚੇਤ ਨਹੀਂ ਹੈ, ਜਿਸ ਕਰਕੇ ਡਰੱਗ ਸਮੱਗਲਰ ਲਗਾਤਾਰ ਪੰਜਾਬ ਵਿਚ ਨਸ਼ੇ ਫੈਲਾ ਰਹੇ ਹਨ। ਸਾਮਾਜਿਕ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਡਰੱਗ ਸਮੱਗਲਰਾਂ ਨੂੰ ਵੱਡੀਆਂ ਸਿਆਸੀ ਤਾਕਤਾਂ ਤੇ ਵੱਡੇ ਭ੍ਰਿਸ਼ਟ ਪੁਲੀਸ ਅਫ਼ਸਰਾਂ ਦਾ ਥਾਪੜਾ ਹੈ, ਜਿਸ ਦੇ ਕਰਕੇ ਪੰਜਾਬ ਵਿਚ ਨਸ਼ੇ ਨਹੀਂ ਰੁੱਕ ਰਹੇ। ਪੇਸ਼ ਹੈ ਡਰੱਗ ਕਾਰਨ ਹੋਈਆਂ ਮੌਤਾਂ ਦੇ ਵੇਰਵੇ-

21 ਮਈ ਨੂੰ ਬਰਨਾਲਾ ਦੇ ਪਿੰਡ ਮੰਗੇਵਾਲ ਵਿਚ ਨਸ਼ੇ ਦੀ ਓਵਰਡੋਜ਼ ਨਾਲ ਬੀਮਾਰ ਹੋਏ ਨੌਜਵਾਨ ਦੀ ਇਲਾਜ ਦੌਰਾਨ ਮੌਤ ਹੋ ਗਈ।

25 ਮਈ ਨੂੰ ਜ਼ੀਰਾ ਵਿਚ ਕੁਲਵੀਰ ਸਿੰਘ ਨਾਂ ਦਾ ਆਪਣੇ



ਮਾਤਾ-ਪਿਤਾ ਦਾ ਇਕਲੌਤਾ ਬੇਟਾ ਨਸ਼ੇ ਦੀ ਓਵਰਡੋਜ਼ ਕਾਰਨ ਮਰ ਗਿਆ।

25 ਮਈ ਨੂੰ ਹੀ ਗੁਰਦਾਸਪੁਰ ਦੇ ਪਿੰਡ ਪਜੋ ਚੱਕ ਵਿਚ ਨਸ਼ੇ ਦੇ ਜ਼ਿਆਦਾ ਸੇਵਨ ਨਾਲ ਗੁਰਵਿੰਦਰ ਨਾਂ ਦੇ ਨੌਜਵਾਨ ਦੀ ਮੌਤ ਹੋ ਗਈ।

26 ਮਈ ਨੂੰ ਨਸ਼ੇ ਦੀ ਓਵਰਡੋਜ਼ ਨਾਲ ਰੋਪੜ ਦੇ ਵਡਾਲੀ ਪਿੰਡ ਵਿਚ ਨੈਬ ਸਿੰਘ ਨਾਂ ਦੇ ਨੌਜਵਾਨ ਦੀ ਜਾਨ ਚਲੀ ਗਈ।

29 ਮਈ ਨੂੰ ਨਵਾਂਸ਼ਹਿਰ ਦੇ ਪਿੰਡ ਔਲਵਾਲ ਵਿਚ ਆਪਣੇ ਬੇਟੇ ਦੀ ਨਸ਼ੇ ਦੀ ਆਦਤ, ਕਰਜ਼ੇ ਅਤੇ ਬੀਮਾਰੀ ਤੋਂ ਪਰੇਸ਼ਾਨ ਵਿਅਕਤੀ ਨੇ ਜ਼ਹਿਰੀਲੀ ਦਵਾਈ ਖਾ ਲਈ। ਉਸ ਨੂੰ ਦੇਖ ਕੇ ਉਸ ਦੇ ਬੇਟੇ ਨੇ ਵੀ ਦਵਾਈ ਖਾ ਲਈ, ਜਿਸ ਦੇ ਸਿੱਟੇ ਵਜੋਂ ਦੋਹਾਂ ਹੀ ਮੌਤ ਹੋ ਗਈ।

30 ਮਈ ਨੂੰ ਬਟਾਲਾ ਦੇ ਪਿੰਡ ਭੋਮਾ ਵਿਚ ਇਕ ਨੌਜਵਾਨ ਨੇ ਪਿੰਡ ਦੇ ਕੁਝ ਵਿਅਕਤੀਆਂ ਵਲੋਂ ਬਹੁਤ ਜ਼ਿਆਦਾ ਨਸ਼ਾ ਖੁਆ ਦੇਣ ਕਾਰਨ ਦਮ ਤੋੜ ਦਿੱਤਾ।

1 ਜੂਨ ਨੂੰ ਬਲਾਕ ਮਲੋਟ ਦੇ ਪਿੰਡ ਲਖਮੀਰੇਆਣਾ ਵਿਚ ਪਹਿਲਾਂ ਹੀ ਕਰਜ਼ੇ ਦੇ ਬੋਝ ਹੇਠ ਦੱਬੇ ਪਰਿਵਾਰ 'ਤੇ ਉਸ ਸਮੇਂ ਦੁੱਖਾਂ ਦਾ ਇਕ ਹੋਰ ਪਹਾੜ ਟੁੱਟ ਪਿਆ ਜਦੋਂ ਇਸ ਪਰਿਵਾਰ ਦੇ ਇਕਲੌਤੇ ਕਮਾਊ ਮੈਂਬਰ ਗਮਦੂਰ ਸਿੰਘ (35) ਦੀ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਹੋ ਗਈ। ਮ੍ਰਿਤਕ ਦੇ ਮਾਤਾ-ਪਿਤਾ, ਪਤਨੀ ਰਾਜਵੀਰ ਕੌਰ, 18 ਸਾਲਾਂ ਦੀਆਂ ਦੋ ਬੇਟੀਆਂ ਖ਼ੁਸ਼ਪ੍ਰੀਤ ਕੌਰ, ਜਸ਼ਨਪ੍ਰੀਤ ਕੌਰ ਅਤੇ 12 ਸਾਲਾਂ ਦਾ ਬੇਟਾ ਕਰਨਵੀਰ ਸਿੰਘ ਸਦਮੇ ਵਿਚ ਹਨ। ਗਮਦੂਰ ਸਿੰਘ ਆਪਣੇ ਪਰਿਵਾਰ ਦੇ ਨਾਲ-ਨਾਲ ਆਪਣੇ ਅਪਾਹਜ ਭਰਾ ਦੇ ਪਰਿਵਾਰ ਦਾ ਵੀ ਪਾਲਣ ਪੋਸ਼ਣ ਕਰ ਰਿਹਾ ਸੀ।

ਬਾਕੀ ਸਫ਼ਾ 28 'ਤੇ

# ਹਿੰਦੂ ਰਾਸ਼ਟਰਵਾਦ ਤੇ ਪੁਲਵਾਮਾ ਹਮਲੇ ਦਾ ਲਾਹਾ ਲੈ ਗਈ ਭਾਜਪਾ

## ਮੋਦੀ ਦੀ ਸੱਤਾ ਲਈ ਚੈਲਿੰਜ ਬਣ ਸਕਦੀ ਹੈ ਭਗਵੀਂ ਹਿੰਸਾ

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਹਾਲ ਹੀ ਦੀਆਂ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਇਕੱਲਿਆਂ 300 ਤੋਂ ਵਧੇਰੇ ਸੀਟਾਂ ਲੈ ਗਈ ਅਤੇ ਸਹਿਯੋਗੀ ਪਾਰਟੀਆਂ ਸਮੇਤ 350 ਦਾ ਅੰਕੜਾ ਪ੍ਰਾਪਤ ਕਰ ਲਿਆ। ਇਹ ਗੱਲ ਮੰਨਣੀ ਪਵੇਗੀ ਕਿ ਇਸ ਪਿੱਛੇ ਆਰ ਐਸ ਐਸ ਦੀ ਗੰਭੀਰ ਸੋਚ ਤੇ ਲੰਬੇ ਸਮੇਂ ਦੀ ਤਪੱਸਿਆ ਹੈ। ਸਾਵਰਕਰ, ਗੋਲਵਲਕਰ, ਭਾਗਵਤ ਤੱਕ ਤੁਸੀਂ ਇਤਿਹਾਸ ਪੜ੍ਹ ਲਵੋ ਕਿ ਉਹ ਭਗਵਾਂ ਰਾਸ਼ਟਰ ਸਿਰਜਣ ਦੀ ਤਿਆਰੀ ਕਰ ਰਹੇ ਹਨ। ਉਹਨਾਂ ਨੇ ਇਕ ਕੌਮੀਅਤ 'ਤੇ ਆਪਣਾ ਵਜੂਦ ਸਿਰਜ ਲਿਆ ਹੈ।

ਭਾਰਤ ਦੀ 50 ਫ਼ੀਸਦੀ ਹਿੰਦੂ ਵੋਟ ਵੱਖ-ਵੱਖ ਪਾਰਟੀਆਂ ਤੋਂ ਕਿਨਾਰਾ ਕਰਕੇ ਭਾਜਪਾ ਦੀ ਝੋਲੀ ਵਿਚ ਪੈ ਚੁੱਕੀ ਹੈ। ਇਸ ਵਾਰ ਭਾਜਪਾ ਨੇ 106 ਕਮਜ਼ੋਰ ਸੰਸਦ ਮੈਂਬਰਾਂ ਉੱਪਰ ਕਾਟਾ ਫੇਰ ਕੇ ਨਵੇਂ ਚਿਹਰੇ ਉਤਾਰੇ, ਜਿਨ੍ਹਾਂ ਵਿਚੋਂ 100 ਨੇ ਜਿੱਤ ਪ੍ਰਾਪਤ ਕੀਤੀ। ਹਾਰੀਆਂ ਹੋਈਆਂ 120 ਸੀਟਾਂ ਲਈ ਲੰਬੇ ਸਮੇਂ ਤੋਂ ਮਿਹਨਤ ਕੀਤੀ ਗਈ। ਉਨ੍ਹਾਂ 7 ਰਾਜਾਂ ਵਿਚ ਜੰਗੀ ਪੱਧਰ 'ਤੇ ਸਰਗਰਮੀਆਂ ਕੀਤੀਆਂ ਤੇ ਭਾਜਪਾ ਦਾ ਆਧਾਰ ਸਿਰਜਿਆ। ਇਕ ਵਾਰ ਫਿਰ ਮੋਦੀ ਨੂੰ ਕੇਂਦਰ ਬਣਾਇਆ ਗਿਆ। ਆਰ ਐਸ ਐਸ ਵਲੋਂ ਪਿੰਡ-ਪਿੰਡ, ਸ਼ਹਿਰ-ਸ਼ਹਿਰ ਅਤੇ ਬੂਥ ਪੱਧਰ 'ਤੇ ਦੋ ਕਰੋੜ ਸੱਤਰ ਲੱਖ ਮੈਂਬਰਾਂ ਦੀ ਫ਼ੌਜ ਤਿਆਰ ਕੀਤੀ। ਸਹਿਯੋਗੀ ਪਾਰਟੀਆਂ ਨਾਲ ਮਜ਼ਬੂਤ ਗੱਠਜੋੜ ਉਸਾਰ ਕੇ ਏਨੀ ਵੱਡੀ ਸੱਤਾ ਸਿਰਜੀ ਗਈ। ਮਹਾਰਾਸ਼ਟਰ ਵਿਚ ਭਾਜਪਾ-ਸ਼ਿਵ ਸੈਨਾ ਨੇ ਸਾਰੀਆਂ 41 ਸੀਟਾਂ ਜਿੱਤ ਪ੍ਰਾਪਤ ਕੀਤੀ। ਬਿਹਾਰ ਵਿਚ ਭਾਜਪਾ-ਜਦਯੂ ਗੱਠਜੋੜ ਨੇ 38 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ। ਉੜੀਸ਼ਾ ਵਿਚ 8 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ। ਪੁਲਵਾਮਾ ਹਮਲੇ ਤੇ ਹਿੰਦੂ ਰਾਸ਼ਟਰਵਾਦ ਦਾ ਪਰਚਾਰ ਨੇ ਭਾਜਪਾ ਨੂੰ ਕਾਮਯਾਬ ਕੀਤਾ। ਭਾਜਪਾ ਨੂੰ ਬੰਗਾਲ ਵਿਚ ਵੀ ਚੰਗਾ ਹੁੰਗਾਰਾ ਮਿਲਿਆ।

ਪੰਜਾਬ ਵਿਚ ਕਾਂਗਰਸ ਨੂੰ ਸਰਕਾਰ ਹੋਣ ਦਾ ਲਾਭ ਮਿਲਿਆ ਤੇ ਅਕਾਲੀ ਦਲ, ਬੇਅਦਬੀਆਂ ਪ੍ਰਤੀ ਨਾਰਾਜ਼ਗੀ ਕਾਰਨ ਬਾਦਲ ਦਲ ਫਿਰੋਜ਼ਪੁਰ ਤੇ ਬਠਿੰਡਾ ਸੀਟ ਜਿੱਤ ਸਕਿਆ ਤੇ ਭਾਜਪਾ ਹੁਸ਼ਿਆਰਪੁਰ ਤੇ ਗੁਰਦਾਸਪੁਰ ਤੋਂ। ਅਕਾਲੀ ਦਲ ਨੂੰ ਹਿੰਦੂ ਵੋਟ ਵੱਧ ਪਈ, ਸ਼ਹਿਰੀ ਸੀਟਾਂ 'ਤੇ ਵੋਟ ਵਧ ਪੈਣ ਦਾ ਕਾਰਨ ਇਹੀ ਹੈ। ਪੰਜਾਬ ਦੀ ਰਾਜਨੀਤੀ ਵਿੱਚ ਇਹ ਰੁਝਾਨ ਲੰਮੇ ਸਮੇਂ ਤੋਂ ਰਿਹਾ ਹੈ, ਕਿ ਜਿਸ ਪਾਰਟੀ ਦੀ ਸਰਕਾਰ ਹੋਵੇ , ਮੱਧਕਾਲ ਵਿੱਚ ਆਉਦੀਆਂ ਲੋਕ ਸਭਾ ਚੋਣਾਂ ਵਿੱਚ, ਉਹ ਪਿੱਛੇ ਰਹਿੰਦੀ ਹੈ। ਸਾਲ 2004 ਦੀਆਂ ਲੋਕ ਸਭਾ ਚੋਣਾਂ ਸਮੇਂ , ਪੰਜਾਬ ਵਿੱਚ ਕਾਂਗਰਸ ਸਰਕਾਰ ਸੀ , ਪਰ ਲੋਕ ਸਭਾ ਚੋਣਾਂ ਵਿੱਚ ਅਕਾਲੀ ਦਲ 8 ਤੇ ਸਹਿਯੋਗੀ ਭਾਜਪਾ 3 ਸੀਟਾਂ ਜਿੱਤ ਗਈ ਸੀ ਤੇ ਕਾਂਗਰਸ ਕੇਵਲ 2 ਸੀਟਾਂ ਤੇ ਸਿਮਟ ਗਈ ਸੀ। ਵੋਟ ਪ੍ਰਤੀਸ਼ਤ ਵੀ ਅਕਾਲੀ ਦਲ 34.28% ਭਾਜਪਾ 10.48% ਕਾਂਗਰਸ 34.17% ਅਤੇ ਬਸਪਾ 7.67% ਤੇ ਹੋਰ 13.40% ਸੀ। ਫੇਰ 2007 ਵਿੱਚ ਅਕਾਲੀ-ਭਾਜਪਾ ਗਠਜੋੜ ਸਰਕਾਰ ਬਣੀ ਤਾਂ 2009 ਦੀਆਂ ਲੋਕ ਸਭਾ ਚੋਣਾਂ ਸਮੇਂ ਕਾਂਗਰਸ 45.23% ਵੋਟਾਂ ਲੈ ਕੇ 8 ਸੀਟਾਂ ਜਿੱਤ ਗਈ ਤੇ ਅਕਾਲੀ ਦਲ 33.85% ਵੋਟਾਂ ਨਾਲ 4 ਤੇ ਭਾਜਪਾ 10.06% ਵੋਟਾਂ ਨਾਲ ਕੇਵਲ 1 ਸੀਟ ਹੀ ਜਿੱਤ ਸਕੀ। ਸਾਲ 2012 ਵਿੱਚ ਇੱਕ ਵਾਰ ਫੇਰ ਪੰਜਾਬ ਵਿੱਚ ਅਕਾਲੀ ਸਰਕਾਰ ਬਣੀ। 2014 ਦੀਆਂ ਲੋਕ ਸਭਾ ਚੋਣਾਂ ਸਮੇਂ, ਕੇਂਦਰ ਦੀ ਮਨਮੋਹਣ ਸਰਕਾਰ ਵਿਰੁੱਧ, ਭ੍ਰਿਸ਼ਟਾਚਾਰ ਦੇ ਦੋਸ਼ ਸਨ ਤੇ ਮੋਦੀ ਲਹਿਰ ਸੀ, ਪਰ ਪੰਜਾਬ ਅੰਦਰ ਇਸ ਦਾ ਬਹੁਤਾ ਲਾਭ ਭਾਜਪਾ ਤੇ ਅਕਾਲੀ ਦਲ ਨੂੰ, ਆਪਣੀ ਸਰਕਾਰ ਹੁੰਦਿਆਂ ਵੀ ਨਹੀ ਹੋਇਆ, ਕਾਂਗਰਸ ਕੇਵਲ 3 ਸੀਟਾਂ ਤੇ 33.10% ਵੋਟਾਂ ਨਾਲ ਸਿਮਟ ਗਈ। ਅਕਾਲੀ ਦਲ ਦੀ ਵੋਟ ਪ੍ਰਤੀਸ਼ਤ 26.30% ਰਹਿ ਗਈ ਤੇ ਕੇਵਲ 4 ਸੀਟਾਂ ਮਿਲੀਆਂ, ਭਾਜਪਾ ਆਪਣੇ ਹਿੱਸੇ ਦੀਆਂ 3 ਵਿੱਚੋਂ 2 ਸੀਟਾਂ 8.70% ਵੋਟ ਪ੍ਰਤੀਸ਼ਤ ਨਾਲ ਜਿੱਤ ਗਈ। 4 ਸੀਟਾਂ ਨਵੀਂ ਬਣੀ 'ਆਪ' 24.40% ਵੋਟਾਂ ਨਾਲ ਜਿੱਤ ਕੇ ਤੀਜਾ ਬਦਲ ਪ੍ਰਗਟ ਹੋਇਆ। 2019 ਦੀਆਂ ਲੋਕ ਸਭਾ ਚੋਣਾਂ ਵਿੱਚ ਵੋਟ ਪ੍ਰਤੀਸ਼ਤ ਤੇ ਪੰਜਾਬ ਦੇ ਚੋਣ ਨਤੀਜੇ ਇਸ ਗੱਲ ਵੱਲ ਇਸ਼ਾਰਾ ਕਰਦੇ ਹਨ ਕਿ ਭਾਰਤ ਵਿੱਚ ਭਾਵੇਂ ਕਾਂਗਰਸ ਵਿਰੋਧੀ ਲਹਿਰ ਰਹੀ , ਪਰ ਪੰਜਾਬ ਵਿੱਚ 40.1% ਵੋਟਾਂ ਨਾਲ ਕਾਂਗਰਸ 8 ਸੀਟਾਂ ਜਿੱਤ ਕੇ ਅੱਵਲ ਰਹੀ। ਅਕਾਲੀ ਦਲ ਕੇਵਲ 27.4% ਵੋਟ ਹਾਸਲ ਕਰਕੇ , ਕੇਵਲ 2 ਸੀਟਾਂ ਹੀ ਜਿੱਤ ਸਕਿਆ ਤੇ ਭਾਜਪਾ ਫੇਰ ਤਿੰਨਾਂ ਵਿੱਚੋਂ 9.6% ਵੋਟਾਂ ਨਾਲ 2 ਸੀਟਾਂ ਜਿੱਤ ਗਈ। 'ਆਪ' ਦੀ ਵੋਟ ਪ੍ਰਤੀਸ਼ਤ ਵੀ 7.4 ਤੱਕ ਸੀਮਤ ਹੋ ਗਈ ਤੇ ਕੇਵਲ ਇਕ ਸੀਟ ਹੀ ਉਸਨੂੰ ਮਿਲੀ। ਇਸ ਤਰ੍ਹਾਂ ਪਹਿਲੀ ਵਾਰ ਪੰਜਾਬ ਵਿਚ ਕਾਂਗਰਸ ਸਰਕਾਰ ਹੋਣ ਤੇ ਵੀ , ਉਹ 8 ਸੀਟਾਂ ਜਿੱਤ ਸਕੀ ਤੇ ਅਕਾਲੀ-ਭਾਜਪਾ ਗੱਠਜੋੜ 27.4 + 9.6 ਕੁਲ 37% ਵੋਟਾਂ ਨਾਲ 4 ਸੀਟਾਂ ਤੇ ਰੁਕ ਗਈ। ਇਹਨਾਂ ਚੋਣਾਂ ਸਮੇਂ ਮੋਦੀ ਦੇ ਹੱਕ ਵਿਚ ਲਹਿਰ ਨਜ਼ਰ ਆਉਦੀ ਸੀ , ਇਸ ਲਈ ਵੋਟ ਕੇਵਲ ਉਹਨਾਂ ਦੇ ਨਾਂ ਤੇ ਮੰਗੀ ਗਈ। ਅਕਾਲੀ ਦਲ ਨੇ ਆਪਣੇ ਪੰਥਕ ਤੇ ਪੰਜਾਬ ਦੇ ਮੁੱਦੇ ਪਿਛੇ ਸੁੱਟ ਦਿੱਤੇ ਸਨ।

ਪੇਂਡੂ ਹਲਕਿਆਂ ਵਿਚ ਅਕਾਲੀ ਦਲ ਬੁਰੀ ਤਰ੍ਹਾਂ ਪਛੜਿਆ। ਇਹ ਰੁਝਾਨ ਬਾਦਲ ਦਲ ਲਈ ਖ਼ਤਰੇ ਦੀ ਘੰਟੀ ਹੈ। ਇਸ ਰੁਝਾਨ ਨੂੰ ਹੁਣੇ ਜਿਹੇ ਬਾਦਲ ਦਲ ਦੀ ਕੋਰ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਿਆ ਗਿਆ ਤੇ ਪਾਰਟੀ ਦੇ ਸੀਨੀਅਰ ਆਗੂਆਂ ਨੇ ਦਿਹਾਤੀ ਖੇਤਰ ਵਿੱਚ ਅਧਾਰ ਮਜ਼ਬੂਤ ਕਰਨ ਲਈ ਕਦਮ ਚੁੱਕਣ 'ਤੇ ਜ਼ੋਰ ਦਿੱਤਾ। ਫਤਿਹਗੜ੍ਹ ਸਾਹਿਬ ਤੋਂ ਪਾਰਟੀ ਦੇ ਉਮੀਦਵਾਰ ਰਹੇ ਦਰਬਾਰਾ ਸਿੰਘ ਗੁਰੂ, ਫ਼ਰੀਦਕੋਟ ਤੋਂ ਉਮੀਦਵਾਰ ਗੁਲਜ਼ਾਰ ਸਿੰਘ ਰਣੀਕੇ, ਲੁਧਿਆਣਾ ਤੋਂ ਉਮੀਦਵਾਰ ਮਹੇਸ਼ਇੰਦਰ ਸਿੰਘ ਗਰੇਵਾਲ ਅਤੇ ਹੋਰਨਾਂ ਹਾਰੇ ਹੋਏ ਉਮੀਦਵਾਰਾਂ ਦਾ ਮੰਨਣਾ ਸੀ ਕਿ ਸੰਸਦੀ ਚੋਣਾਂ ਦੇ ਨਤੀਜਿਆਂ ਅਨੁਸਾਰ ਪਾਰਟੀ ਨੂੰ ਪੰਜਾਬ ਦੇ ਪਿੰਡਾਂ ਵਿੱਚੋਂ ਵੋਟ ਸ਼ਹਿਰਾਂ ਦੇ ਮੁਕਾਬਲੇ ਘੱਟ ਪਈ ਹੈ। ਮੀਟਿੰਗ ਦੌਰਾਨ ਕੁੱਝ ਅਕਾਲੀ ਆਗੂਆਂ ਨੇ ਇਸ ਗੱਲ 'ਤੇ ਤਸੱਲੀ ਪ੍ਰਗਟਾਈ ਕਿ ਸ਼ਹਿਰਾਂ ਵਿੱਚੋਂ ਗੱਠਜੋੜ ਪਾਰਟੀਆਂ ਦੇ ਉਮੀਦਵਾਰਾਂ ਨੂੰ ਜੋ ਵੋਟ ਮਿਲੀ ਹੈ ਉਹ ਪ੍ਰਧਾਨ ਮੰਤਰੀ ਮੋਦੀ ਦੇ ਨਾਂ 'ਤੇ ਹੀ ਪਈ ਹੈ।

ਕਾਂਗਰਸ ਨੇ 8 ਸੀਟਾਂ ਪ੍ਰਾਪਤ ਕਰਕੇ ਕਾਂਗਰਸ ਦੀ ਇਜ਼ਤ ਕਾਇਮ ਰੱਖ ਲਈ। 'ਆਪ' ਦਾ ਭਗਵੰਤ ਮਾਨ ਆਪਣੇ ਉੱਦਮ ਸਦਕਾ ਜਿੱਤਿਆ। ਇਸ ਵਿਚ 'ਆਪ' ਦੀ ਕੋਈ ਪ੍ਰਾਪਤੀ ਨਹੀਂ। ਸੰਨੀ ਦਿਓਲ ਦਾ ਫ਼ਿਲਮੀ ਹੀਰੋ ਹੋਣ ਕਰਕੇ ਦਾਅ ਲੱਗ ਗਿਆ, ਜਦ ਕਿ ਸੁਨੀਲ ਜਾਖੜ ਕਾਫੀ ਮਿਹਨਤੀ ਵਰਕਰ ਸਨ। ਇਸ ਨਾਲ ਕਾਂਗਰਸ ਨੂੰ ਵੱਡਾ ਧੱਕਾ ਲੱਗਾ ਹੈ। ਬੀਬੀ ਪਰਮਜੀਤ ਕੌਰ ਖਾਲੜਾ ਦੀ ਹਾਰ ਪੰਥ ਲਈ ਨਮੋਸ਼ੀਜਨਕ ਹੈ। ਕਾਰਨ ਇਹੀ ਹੈ ਕਿ ਇਸ ਸੀਟ 'ਤੇ ਮਿਹਨਤ ਨਹੀਂ ਹੋਈ। ਜੇਕਰ ਆਰ ਐਸ ਐਸ ਵਾਂਗ ਮਿਹਨਤ ਕੀਤੀ ਜਾਂਦੀ ਤੇ ਅਕਾਲੀ ਦਲ ਨੂੰ ਇਸ ਸੀਟ ਨੂੰ ਛੱਡਣ ਲਈ ਮਨਾਇਆ ਜਾਂਦਾ, ਪੰਜਾਬ ਪੱਖੀ ਤੇ ਮਨੁੱਖੀ ਅਧਿਕਾਰਾਂ ਦੀ ਲਹਿਰ ਉਸਾਰੀ ਜਾਂਦੀ ਤਾਂ ਇਹ ਸੀਟ ਕੱਢੀ ਜਾ ਸਕਦੀ ਹੈ। ਬਸਪਾ ਦਾ ਬਲਵਿੰਦਰ ਅੰਬੇਡਕਰ ਵੀ ਆਪਣੀ ਮਿਹਨਤ ਸਦਕਾ ਦੋ ਲੱਖ ਤੋਂ ਵਧ ਵੋਟਾਂ ਲੈ ਗਿਆ। ਅਨੰਦਪੁਰ ਤੇ ਹੁਸ਼ਿਆਰਪੁਰ ਤੋਂ ਵੀ ਬਸਪਾ ਲੱਖ ਤੋਂ ਉੱਪਰ ਵੋਟਾਂ ਲੈ ਗਈ। ਇਹ ਗੱਲ ਬਿਲਕੁਲ ਸਮਝਣੀ ਜ਼ਰੂਰੀ ਹੈ ਕਿ ਪੰਜਾਬ ਦੀ ਹੋਂਦ ਕਾਇਮ ਰੱਖਣ ਦੇ ਲਈ ਸ਼੍ਰੋਮਣੀ ਅਕਾਲੀ ਦਲ ਦਾ ਪੰਥਕ ਸਰੂਪ ਕਾਇਮ ਰੱਖਣਾ ਅਤਿਅੰਤ ਜ਼ਰੂਰੀ ਹੈ। ਪਰਿਵਾਰ ਤੱਕ ਜਾਂ ਕੇਂਦਰੀ ਰਾਜਨੀਤੀ ਤੱਕ ਅਕਾਲੀ ਦਲ ਨੂੰ ਸੀਮਤ ਕੀਤਾ ਗਿਆ ਤਾਂ ਅਕਾਲੀ ਦਲ ਦਾ ਹੋਰ ਨੁਕਸਾਨ ਹੋਵੇਗਾ। ਅਕਾਲੀ ਦਲ ਦਾ ਮੁਖ ਆਧਾਰ ਤੇ ਸ਼ਕਤੀ ਪੰਜਾਬ ਤੇ ਪੰਥ ਹੈ।



### ਅਕਾਲੀਆਂ ਦੀ ਭੈੜੀ ਕਾਰਗੁਜ਼ਾਰੀ-

ਇਹਨਾ ਚੋਣਾਂ ਵਿਚ ਪੰਜਾਬੀਆਂ ਇਹ ਸਿੱਧ ਕਰ ਦਿੱਤਾ ਕਿ ਉਹ ਅਕਾਲੀ-ਭਾਜਪਾ ਸਰਕਾਰ ਦੇ ਦੌਰਾਨ ਕੀਤੇ ਗਲਤ ਫੈਸਲਿਆਂ ਨੂੰ ਮੁੱਖ ਤੌਰ ਤੇ ਅਕਾਲੀਆਂ ਨੂੰ ਜ਼ਿੰਮੇਵਾਰ ਮੰਨਦੇ ਹਨ, ਭਾਜਪਾ ਨੂੰ ਪੂਰੀ ਤਰ੍ਹਾਂ ਨਹੀਂ। ਇਸੇ ਕਰਕੇ ਵੱਖੋ-ਵੱਖਰੇ ਥਾਵਾਂ ਉਤੇ, ਜਿਥੇ ਭਾਜਪਾ ਦੇ ਉਮੀਦਵਾਰ ਖੜੇ ਸਨ, ਭਾਵੇਂ ਉਹ ਗੁਰਦਾਸਪੁਰ ਸੀ ਜਾਂ ਹੁਸ਼ਿਆਰਪੁਰ ਜਾਂ ਅੰਮ੍ਰਿਤਸਰ, ਭਾਜਪਾ ਵਾਲੇ ਚੰਗੀਆਂ ਚੋਖੀਆਂ ਵੋਟਾਂ ਲੈ ਗਏ ਅਤੇ ਦੋ ਸੀਟਾਂ ਬਹੁਤ ਹੀ ਆਰਾਮ ਨਾਲ ਜਿੱਤ ਗਏ।

2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ 77, ਅਕਾਲੀ ਦਲ (ਬਾਦਲ) 15, ਆਪ 20, ਭਾਜਪਾ 3, ਲੋਕ ਇਨਸਾਫ ਪਾਰਟੀ 2 ਉੱਤੇ ਜੇਤੂ ਰਹੀ ਜਦ ਕਿ 2012 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ 56, ਭਾਜਪਾ 12, ਕਾਂਗਰਸ 46 ਅਤੇ ਹੋਰ ਤਿੰਨਾਂ ਤੇ ਜੇਤੂ ਰਹੇ ਸਨ। ਭਾਵ ਅਕਾਲੀ-ਭਾਜਪਾ ਦੇ ਗੱਠਜੋੜ ਨੇ ਇਹਨਾ ਚੋਣਾਂ ਵਿਚ ਜਿੱਤ ਪ੍ਰਾਪਤ ਕੀਤੀ ਸੀ। ਪਰ 2017 ਦੀਆਂ ਚੋਣਾਂ ਵਿਚ ਭਾਜਪਾ-ਅਕਾਲੀ ਦਲ ਚੰਗੀ ਕਾਰਗੁਜ਼ਾਰੀ ਨਾ ਕਰ ਸਕਿਆ। ਅਕਾਲੀ ਸਰਕਾਰ ਦੇ ਲੋਕ ਵਿਰੋਧੀ ਕਾਰਨਾਮਿਆਂ ਦਾ ਖਮਿਆਜ਼ਾ ਭਾਈਵਾਲ ਪਾਰਟੀ ਭਾਜਪਾ ਨੂੰ ਵੀ ਭੁਗਤਣਾ ਪਿਆ ਅਤੇ ਇਹਨਾ ਚੋਣਾਂ ਵਿੱਚ ਭਾਜਪਾ ਵੀ ਪੂਰੇ ਪੰਜਾਬ ਵਿੱਚ ਤਿੰਨ ਸੀਟਾਂ ਉਤੇ ਸਿਮਟ ਕੇ ਰਹਿ ਗਈ। 2017 ਦੀਆਂ ਚੋਣਾਂ ਤੋਂ ਪਹਿਲਾਂ ਇਸ ਗੱਲ ਦੀ ਵੱਡੀ ਚਰਚਾ ਸੀ ਕਿ ਭਾਜਪਾ ਪੰਜਾਬ ਵਿੱਚ ਇੱਕਲੇ ਚੋਣਾਂ ਲੜੇਗੀ ਪਰ ਦਿੱਲੀ ਦੀ ਭਾਜਪਾ ਹਾਈ ਕਮਾਂਡ ਇਸ ਗੱਲ ਲਈ ਰਾਜੀ ਨਾ ਹੋਈ। ਇਹਨਾਂ ਚੋਣਾਂ ਦੌਰਾਨ ਭਾਜਪਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਮੁਕਾਬਲੇ ਆਪਣੀ ਸਾਖ ਵਧਾਈ ਹੈ, ਜਿਸਦਾ ਲਾਭ ਆਉਣ ਵਾਲੇ ਸਮੇਂ ਵਿਚ ਭਾਜਪਾ ਨੂੰ ਮਿਲੇਗਾ ਅਤੇ ਭਾਜਪਾ ਵਲੋਂ ਆਪਣੇ ਦੋ ਅਤੇ ਅਕਾਲੀ ਦਲ ਨੂੰ ਇੱਕ ਮੰਤਰੀ ਦਾ ਅਹੁਦਾ ਦੇ ਕੇ ਇਹ ਸੰਦੇਸ਼ ਦਿੱਤਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਉਹ ਪੰਜਾਬ ਵਿੱਚੋਂ ਕਾਂਗਰਸ ਰਾਜ ਦਾ ਖਾਤਮਾ ਚਾਹੁੰਦੀ ਹੈ। ਸੀਟਾਂ ਦੇ ਹਿਸਾਬ ਨਾਲ ਜੇਕਰ ਲੇਖਾ-ਜੋਖਾ ਕੀਤਾ ਜਾਵੇ ਤਾਂ ਲੋਕ ਸਭਾ ਚੋਣਾਂ ਵਿਚ ਭਾਜਪਾ ਦੀ ਸਥਿਤੀ 2014 ਦੀਆਂ ਚੋਣਾਂ ਤੋਂ 2019 ਦੀਆਂ ਚੋਣਾਂ ਵਿਚ ਵੱਖਰੀ ਨਹੀਂ ਹੋਈ, ਦੋ ਸੀਟਾਂ ਉਸਦੇ ਪੱਲੇ ਸਨ, ਦੋ ਸੀਟਾਂ ਹੁਣ ਪੱਲੇ ਰਹਿ ਗਈਆਂ। ਪਰ ਵਿਧਾਨ ਸਭਾਂ ਚੋਣਾਂ ਵਿਚ ਅਕਾਲੀਆਂ ਨਾਲ ਗੱਠਜੋੜ ਵਿਚ 2012 ਦੇ ਮੁਕਾਬਲੇ 2017 ਵਿਚ ਭਾਜਪਾ ਦਾ ਗ੍ਰਾਫ ਹੇਠਾਂ ਆਇਆ, ਉਹ ਸਿਰਫ਼ ਤਿੰਨ ਸੀਟਾਂ ਉਤੇ ਸਿਮਟ ਕੇ ਰਹਿ ਗਈ। 2014 ਵਿੱਚ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੀ ਸਰਕਾਰ ਸੀ ਅਤੇ ਉਸਨੂੰ ਆਸ ਸੀ ਕਿ ਉਹ ਅੰਮ੍ਰਿਤਸਰ ਤੋਂ ਭਾਜਪਾ ਦੇ ਵਡੇ ਨੇਤਾ ਨੂੰ ਵੱਡੇ ਫ਼ਰਕ ਨਾਲ ਜਿੱਤਾ ਦੇਣਗੇ, ਪਰ ਇਸ ਸੀਟ ਤੋਂ ਅਰੁਣ ਜੇਤਲੀ ਦੇ ਹਾਰਨ ਨਾਲ ਭਾਜਪਾ-ਅਕਾਲੀਆਂ ਵਿਚ ਤ੍ਰੇੜਾਂ ਦਿਖਣ ਨੂੰ ਮਿਲੀਆਂ। ਉਂਜ ਵੀ ਅਕਾਲੀ-ਭਾਜਪਾ ਸਰਕਾਰ ਦੇ 10 ਵਰ੍ਹਿਆਂ ਵਿਚ ਭਾਜਪਾ ਵਾਲੇ ਨੇਤਾ, ਵਰਕਰ ਇਸ ਗੱਲ ਉਤੇ ਰੋਸ ਪ੍ਰਗਟ ਕਰਦੇ ਰਹੇ ਕਿ ਸਰਕਾਰੇ-ਦਰਬਾਰੇ ਉਹਨਾ ਦੀ ਪੁੱਛ ਪ੍ਰਤੀਤ ਨਹੀਂ ਹੁੰਦੀ ਅਤੇ ਉਹ ਪੰਜਾਬ ਵਿੱਚ ਆਉਣ ਵਾਲੀਆਂ ਚੋਣਾਂ ਇੱਕਲੇ ਹੀ ਲੜਨਾ ਚਾਹੁੰਦੇ ਹਨ। ਇਸ ਸਬੰਧੀ ਕੇਂਦਰੀ ਭਾਜਪਾ ਕੋਲ ਪਹੁੰਚ ਵੀ ਹੋਈ, ਇਸ ਉਤੇ ਮੰਥਨ ਵੀ ਹੋਇਆ, ਪਰ ਪ੍ਰਕਾਸ਼ ਸਿੰਘ ਬਾਦਲ ਦੇ ਸਮੇਂ ਸਮੇਂ ਦਖ਼ਲ ਨਾਲ ਅਕਾਲੀ-ਭਾਜਪਾ ਗੱਠਜੋੜ ਬਣਿਆ ਰਿਹਾ।

ਲੋਕ ਸਭਾ ਚੋਣਾਂ ਵਿਚ ਦੋ ਵਿਧਾਇਕ ਲੋਕ ਸਭਾ ਮੈਂਬਰ ਬਣੇ ਹਨ, ਸੁਖਬੀਰ ਸਿੰਘ ਬਾਦਲ (ਅਕਾਲੀ) ਸੋਮ ਪ੍ਰਕਾਸ਼ (ਭਾਜਪਾ)। ਆਮ ਆਦਮੀ ਪਾਰਟੀ ਦੇ ਕੁੱਝ ਵਿਧਾਇਕਾਂ ਨੇ ਅਸਤੀਫ਼ੇ ਦਿੱਤੇ ਹਨ ਅਤੇ ਇਸ ਸੂਰਤ ਵਿਚ ਜੇਕਰ ਇਹ ਸਾਰੀਆਂ ਸੀਟਾਂ ਖਾਲੀ ਕਰਾਰ ਦਿੱਤੀਆਂ ਜਾਂਦੀਆਂ ਹਨ ਤਾਂ ਪੰਜਾਬ ਵਿਚ 7 ਸੀਟਾਂ ਉਤੇ ਉਪ ਚੋਣਾਂ, ਇਸ ਸਾਲ ਦੇ ਵਿੱਚ-ਵਿੱਚ ਹੋਣਗੀਆਂ। ਆਪਣੀ ਲੋਕ ਸਭਾ ਵਿਚ ਜਿੱਤ ਤੋਂ ਉਤਸ਼ਾਹ ਅਤੇ ਅਕਾਲੀਆਂ ਦੀ ਭੈੜੀ ਕਾਰਗੁਜ਼ਾਰੀ ਕਾਰਨ ਕੀ ਭਾਜਪਾ ਇਹਨਾ 7 ਉਪ ਚੋਣਾਂ ਵਿੱਚ ਆਪਣੇ ਕੋਟੇ ਤੋਂ ਵੱਧ ਸੀਟਾਂ ਦੀ ਮੰਗ ਕਰੇਗੀ, ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਕਿਉਂਕਿ ਭਾਜਪਾ ਦੇ ਹੇਠਲੇ ਵਰਕਰਾਂ ਵਿਚ ਇਸ ਗੱਲ ਦੀ ਚਰਚਾ ਮੁੜ ਛਿੜੀ ਹੋਈ ਹੈ ਕਿ ਭਾਜਪਾ ਜੇਕਰ ਅਕਾਲੀਆਂ ਨੂੰ ਵੱਖਰੇ ਹੋਕੇ, ਕੁਝ ਸਿੱਖ ਚਿਹਰਿਆਂ ਸਮੇਤ ਸੁਖਦੇਵ ਸਿੰਘ ਢੀਂਡਸਾ ਨੂੰ ਭਾਜਪਾ ਦੇ ਖੇਮੇ ਵਿਚ ਆਪਣੀ ਕੇਂਦਰ ਸਰਕਾਰ ਦੇ ਪ੍ਰਭਾਵ ਨਾਲ ਸ਼ਾਮਲ ਕਰਨ ਵਿਚ ਕਾਮਯਾਬ ਹੁੰਦੀ ਹੈ ਤਾਂ ਉਹ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਵਾਲੇ ਅਕਾਲੀ ਦਲ ਤੋਂ, ਜਿਸ ਦੇ ਘਰ ਦੇ ਦੋ ਜੀਆਂ ਤੋਂ ਬਿਨ੍ਹਾਂ ਹੋਰ ਕੋਈ ਅਕਾਲੀ ਪੰਜਾਬ ਵਿਚ ਐਮ.ਪੀ. ਦੀ ਸੀਟ ਜਿੱਤ ਨਹੀਂ ਸਕਿਆ, ਆਪਣਾ ਨਾਤਾ ਤੋੜ ਸਕਦੀ ਹੈ। ਕਿਉਂਕਿ ਭਾਜਪਾ ਲੀਡਰਸ਼ਿਪ ਇਹਨਾਂ ਤੱਥਾਂ ਤੋਂ ਜਾਣੂ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਜਿਸਦਾ ਪਿੰਡਾਂ ਵਿੱਚ ਚੰਗਾ ਆਧਾਰ ਸੀ ਅਤੇ ਪੇਂਡੂਆਂ ਵਿਚ ਅਸਰ ਰਸੂਖ ਸੀ, ਉਹ ਆਧਾਰ ਗੁਆ ਰਹੀ ਹੈ, ਉਸਦਾ ਰਸੂਖ ਖੁਸ ਰਿਹਾ ਹੈ। ਇਹੋ ਜਿਹੇ ਹਾਲਾਤ ਵਿੱਚ ਭਾਜਪਾ, ਜਿਹੜੀ ਇਸ ਵੇਲੇ ਦੇਸ਼ ਦੀਆਂ ਘੱਟ ਗਿਣਤੀਆਂ ਵਿੱਚ ਆਪਣੇ ਆਧਾਰ ਨੂੰ ਮਜ਼ਬੂਤ ਕਰਨ ਦੀ ਚਾਹਵਾਨ ਹੈ, ਪੰਜਾਬ ਅਤੇ ਖਾਸ ਕਰਕੇ ਸਿੱਖਾਂ ਵਿੱਚ ਉਹਨਾਂ ਲੋਕਾਂ ਦੀ ਭਾਲ ਕਰੇਗੀ, ਉਹਨਾ ਨਾਲ ਭਾਈਵਾਲੀ ਕਰੇਗੀ ਜਿਹੜੇ ਸਿੱਖਾਂ ਜਾਂ ਪੰਜਾਬੀਆਂ ਵਿਚ ਹਰਮਨ ਪਿਆਰੇ ਹਨ।

### ਪੰਜਾਬ ਤੇ ਪੰਥਕ ਸਮੱਸਿਆਵਾਂ ਦੇ ਹੱਲ ਕਿਵੇਂ ਹੋਣਗੇ ?

ਕੀ ਅਕਾਲੀ ਦਲ 1985 ਤੇ 1997 ਵਾਂਗ ਆਪਣੇ ਬਲਬੂਤੇ ਤੇ ਪੰਜਾਬ ਵਿਚ ਦੁਬਾਰਾ ਸਰਕਾਰ ਬਣਾ ਸਕੇਗਾ? ਬਾਦਲ ਦਲ ਉੱਪਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਲਈ ਨਰਮ ਰਵੱਈਆ ਅਪਨਾਉਣ ਤੇ ਨਿਹੱਥੇ ਪ੍ਰਦਰਸ਼ਨਕਾਰੀਆਂ ਤੇ ਪੁਲਿਸ ਵਲੋਂ ਗੋਲੀ ਚਲਾਉਣ ਦੇ ਗੰਭੀਰ ਦੋਸ਼ ਲੱਗੇ ਹਨ। ਕੀ ਬਾਦਲ ਦਲ ਇਸ ਬਾਰੇ ਆਪਣੀ ਸਥਿਤੀ ਸਪਸ਼ਟ ਕਰ ਸਕੇਗਾ? ਪੰਜਾਬ ਵਿਚ ਕਿਸੇ ਹੋਰ ਮਜਬੂਤ ਰਾਜਸੀ ਸੰਗਠਨ ਦੀ ਅਣਹੋਂਦ ਕਿਧਰੇ ਕਾਂਗਰਸ ਨੂੰ 1947 ਤੋਂ 1980 ਤੱਕ ਵਾਂਗ ਇਕ ਮਜਬੂਤ ਰਾਜਸੀ ਸ਼ਕਤੀ ਤਾਂ ਨਹੀ ਬਣੀ ਰਹਿਣ ਦੇਵੇਗੀ ?

ਪੰਜਾਬ ਇੱਕ ਅੰਤਰ ਰਾਸ਼ਟਰੀ ਸਰਹੱਦ ਨਾਲ ਲੱਗਦਾ ਸੂਬਾ ਹੈ। ਅੰਤਰ ਰਾਸ਼ਟਰੀ ਸਮਗਲਿੰਗ ਤੇ ਨਸ਼ਿਆਂ ਦਾ ਕਾਰੋਬਾਰ ਵੀ ਇੱਥੋ ਦੀ ਮੁੱਖ ਸਮੱਸਿਆ ਹੈ। ਅੱਜ ਪੰਜਾਬ ਦਾ ਕਿਸਾਨ ਕੰਗਾਲੀ ਦੇ ਹਾਲਾਤ ਵਿੱਚ ਖੁਦਕੁਸ਼ੀਆਂ ਕਰ ਰਿਹਾ ਹੈ। ਪਿਛਲੇ ਕਰੀਬ 40 ਸਾਲ ਤੋਂ ਕੁਝ ਡੇਰੇਦਾਰਾਂ ਵੱਲੋਂ ਸਿੱਖ ਧਰਮ ਵਿਰੋਧੀ ਕਾਰਵਾਈਆਂ ਨਾਲ ਪੰਜਾਬ ਅਸਥਿਰ ਹੈ। ਜੇਲ੍ਹੀ ਬੰਦ ਸਿੱਖ ਕੈਦੀ ਦੀ ਸਜ਼ਾ ਪੂਰੀ ਹੋਣ 'ਤੇ ਰਿਹਾਈ ਦੀ ਮੰਗ ਇੱਕ ਮੁੱਦਾ ਹੈ। ਦੂਜੇ ਪਾਸੇ ਇਸ ਸਮੇਂ ਦੌਰਾਨ ਸਰਕਾਰੀ ਤੰਤਰ ਵੱਲੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਮਾਮਲਾ ਵੀ ਕੌਮਾਂਤਰੀ ਪੱਧਰ ਤੇ ਉਠਾਇਆ ਜਾ ਰਿਹਾ ਹੈ। ਪ੍ਰਵਾਸੀ ਪੰਜਾਬੀ ਵੀ ਇਨ੍ਹਾਂ ਮੁੱਦਿਆਂ 'ਤੇ ਭਾਰਤ ਸਰਕਾਰ ਵਿਰੁੱਧ ਆਵਾਜ਼ ਉਠਾਉਦੇ ਆ ਰਹੇ ਹਨ। ਬੇਰੁਜਗਾਰੀ ਕਾਰਨ ਪੰਜਾਬੀ ਯੂਥ ਨੇ ਵਿਦੇਸ਼ਾਂ ਵੱਲ ਰੁਝਾਨ ਕੀਤਾ ਹੋਇਆ ਹੈ। ਪਿਛਲੇ ਕਰੀਬ ਸੱਤ ਸਾਲ ਤੋਂ ਤਾਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸੰਬੰਧਿਤ ਘਟਨਾਵਾਂ ਹੀ ਸਭ ਤੋਂ ਗੰਭੀਰ ਸਮੱਸਿਆ ਹੈ, ਅਸਲ ਦੋਸ਼ੀ ਫੜ ਕੇ ਇਸ ਦਾ ਸਦੀਵੀ ਹੱਲ ਕਿਵੇਂ ਤੇ ਕਦੋਂ ਹੋਏਗਾ ? ਅਜੇ ਇਸ ਬਾਰੇ ਕੁਝ ਨਜਰ ਨਹੀ ਆਉਂਦਾ।

### ਮੁਸਲਮਾਨਾਂ ਤੇ ਦਲਿਤਾਂ ਵਿਰੁਧ ਹਿੰਸਾ-

ਲੋਕ ਸਭਾ ਚੋਣਾਂ ਵਿਚ ਮੋਦੀ ਦੀ ਵੱਡੀ ਜਿੱਤ ਉਪਰੰਤ ਭਗਵੇਂਵਾਦੀਆਂ ਦੇ ਹਿੰਸਕ ਗਰੁੱਪਾਂ ਵਲੋਂ ਥਾਂ-ਥਾਂ 'ਤੇ ਮੁਸਲਮਾਨਾਂ ਤੇ ਦਲਿਤਾਂ ਵਿਰੁਧ ਹਿੰਸਾ ਫੈਲਾਈ ਜਾ ਰਹੀ ਹੈ। ਤ੍ਰਿਪੁਰਾ ਵਿਚ ਕਾਂਗਰਸ ਤੇ ਸੀਪੀਆਈ (ਐੱਮ) ਦਾ ਮੰਨਣਾ ਹੈ ਕਿ ਹਿੰਸਾ ਭਾਜਪਾ ਦੇ ਕਾਰਕੁਨ ਕਰ ਰਹੇ ਹਨ। ਤ੍ਰਿਪੁਰਾ ਵਿਚ ਸੀਪੀਆਈ (ਐੱਮ) ਦੇ ਸੈਕਟਰੀ ਤੇ ਪੱਤਰਕਾਰਾਂ ਦੇ ਘਰ 'ਤੇ ਹਮਲੇ ਹੋਏ ਅਤੇ ਪੱਥਰ ਮਾਰੇ ਗਏ। 22 ਮਈ ਨੂੰ ਮੱਧ ਪ੍ਰਦੇਸ਼ ਦੇ ਸਿਓਨੀ ਜ਼ਿਲ੍ਹੇ ਵਿਚ ਕਥਿਤ ਤੌਰ 'ਤੇ ਗਊ-ਮਾਸ ਲਿਜਾ ਰਹੇ ਦੋ ਮੁਸਲਮਾਨਾਂ ਦੀ ਕੁੱਟਮਾਰ ਕੀਤੀ ਗਈ ਅਤੇ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਤਸਵੀਰਾਂ ਅਨੁਸਾਰ ਇਕ ਵਿਅਕਤੀ ਨੂੰ ਔਰਤ ਦੀ ਕੁੱਟਮਾਰ ਕਰਨ ਲਈ ਮਜਬੂਰ ਕੀਤਾ ਗਿਆ ਅਤੇ ਉਸ ਤੋਂ "ਜੈ ਸ੍ਰੀਰਾਮ" ਦੇ ਨਾਅਰੇ ਲਗਵਾਏ ਗਏ। ਬਿਹਾਰ ਦੇ ਬੇਗੂਸਰਾਏ ਜ਼ਿਲ੍ਹੇ ਵਿਚ ਇਕ ਵਿਅਕਤੀ ਤੋਂ ਉਹਦਾ ਨਾਂ ਪੁੱਛਿਆ ਗਿਆ ਅਤੇ ਇਹ ਪਤਾ ਲੱਗਣ ਤੋਂ ਬਾਅਦ ਕਿ ਉਹ ਇਕ ਮੁਸਲਮਾਨ ਹੈ, ਤਾਂ ਉਸ ਨੂੰ ਪਾਕਿਸਤਾਨ ਜਾਣ ਲਈ ਕਿਹਾ ਗਿਆ ਤੇ ਉਸ 'ਤੇ ਗੋਲੀ ਚਲਾਈ ਗਈ। ਬੀਤੇ ਸ਼ਨਿਚਰਵਾਰ ਨੂੰ ਗੁੜਗਾਉਂ ਵਿਚ ਵੀ ਘੱਟਗਿਣਤੀ ਨਾਲ ਸਬੰਧਿਤ ਮੁਸਲਮਾਨ ਦੀ ਟੋਪੀ ਉਤਰਾ ਕੇ ਜ਼ਲੀਲ ਕੀਤਾ ਗਿਆ ਅਤੇ ਉਸ ਤੋਂ "ਜੈ ਸ੍ਰੀਰਾਮ" ਦੇ ਨਾਅਰੇ ਲਗਵਾਏ ਗਏ।

ਯੂ ਪੀ ਵਿਚ ਗੋਵਰਧਨ ਖੇਤਰ ਵਿਚ ਬੀਤੇ ਮੰਗਲਵਾਰ ਨੂੰ ਪਰਿਕਰਮਾ ਮਾਰਗ 'ਤੇ ਇੱਕ ਭਗਵੇਂਵਾਦੀ ਨੇ ਵਿਦੇਸ਼ੀ ਸ਼ਰਧਾਲੂ ਲਾਤਵਿਆਈ ਨਾਗਰਿਕ ਜੇਮਿਤ੍ਰਿਜ਼ ਦੀ ਗਰਦਨ 'ਤੇ ਚਾਕੂ ਮਾਰ ਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ। ਉਹ ਭਾਰਤ ਘੁੰਮਣ ਆਇਆ ਸੀ। ਹਮਲਾਵਰ ਨੌਜਵਾਨ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਪਤਾ ਚੱਲਿਆ ਕਿ ਹਮਲਾਵਰ ਨੇ ਵਿਦੇਸ਼ੀ ਸ਼ਰਧਾਲੂ ਨੂੰ ਰਾਮ-ਰਾਮ ਕਿਹਾ, ਪਰ ਉਸ ਨੇ ਕੋਈ ਜਵਾਬ ਨਹੀਂ ਦਿੱਤਾ। ਦੱਸਿਆ ਜਾਦਾ ਹੈ ਕਿ ਦੋਸ਼ੀ ਦੇ ਦੁਬਾਰਾ ਰਾਮ ਕਹਿਣ 'ਤੇ ਵਿਦੇਸ਼ੀ ਨਾਗਰਿਕ ਨੇ ਉਸ ਨੂੰ ਥੱਪੜ ਮਾਰ ਦਿੱਤਾ। ਇਸ ਕਾਰਨ ਗੁੱਸੇ ਵਿਚ ਆਏ ਨੌਜਵਾਨ ਨੇ ਉਸ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ।

ਮਸ਼ਹੂਰ ਡਾਕਟਰ ਅਤੇ ਲੇਖਕ ਡਾ. ਅਰੁਣ ਗਡਰੇ 'ਤੇ ਵੀ ਰਾਜਧਾਨੀ ਦਿੱਲੀ ਦੇ ਪਾਸ਼ ਇਲਾਕੇ ਕਨਾਟ ਪਲੇਸ ਵਿਚ ਭਗਵੇਂਵਾਦੀ ਗੁੰਡਿਆਂ ਨੇ ਜ਼ਬਰਦਸਤੀ ਜੈ ਸ੍ਰੀ ਰਾਮ ਦੇ ਨਾਅਰੇ ਲਾਉਣ ਦਾ ਦਬਾਅ ਪਾਇਆ। ਇਹ ਘਟਨਾ ਤਾਂ 26 ਮਈ ਦੀ ਹੈ, ਪਰ ਲਗਾਤਾਰ ਸੋਸ਼ਲ ਮੀਡੀਆ 'ਤੇ ਇਸ ਉਪਰ ਚਰਚਾ ਜਾਰੀ ਹੈ। ਹਾਲਾਂਕਿ ਉਨ੍ਹਾਂ ਇਸ ਘਟਨਾ ਨੂੰ ਲੈ ਕੇ ਅਧਿਕਾਰਤ ਰੂਪ ਵਿਚ ਪੁਲਸ ਕੋਲ ਰਿਪੋਰਟ ਦਰਜ ਨਹੀਂ ਕਰਾਈ।

ਜੇ ਇਸੇ ਤਰ੍ਹਾਂ ਭਗਵੇਂ ਗੁੰਡਿਆਂ ਦੀ ਹਿੰਸਾ ਨੂੰ ਸੱਤਾ ਦਾ ਥਾਪੜਾ ਮਿਲਦਾ ਰਿਹਾ ਤਾਂ ਭਾਰਤ ਦੇ ਹਾਲਾਤ ਸਾਹਮਣੇ ਬਹੁਤ ਮੁਸ਼ਕਲ ਹੋ ਜਾਣਗੇ। ਮੋਦੀ ਦੀ ਅਗਵਾਈ ਵਿਚ ਭਾਜਪਾ ਨੂੰ ਏਨਾ ਵੱਡਾ ਬਹੁਮਤ ਮਿਲਿਆ ਹੈ ਤਾਂ ਉਹਨਾਂ ਨੂੰ ਚਾਹੀਦਾ ਹੈ ਕਿ ਭਾਰਤ ਦੀਆਂ ਅਸਲ ਮੁਸ਼ਕਲਾਂ ਗਰੀਬੀ, ਰੁਜ਼ਗਾਰ, ਵਿਦਿਆ, ਸਿਹਤ, ਵਾਤਾਵਰਨ ਤੇ ਵਿਕਾਸ ਵਲ ਧਿਆਨ ਦੇਣ। ਇਹ ਭਗਵੀਂ ਹਿੰਸਾ ਮੋਦੀ ਦੀ ਸੱਤਾ ਲਈ ਚੈਲਿੰਜ ਬਣ ਸਕਦੀ ਹੈ, ਜੇਕਰ ਇਸ ਨੂੰ ਕੰਟਰੋਲ ਨਾ ਕੀਤਾ ਗਿਆ।

ਅੰਮ੍ਰਿਤਸਰ ਟਾਈਮਜ਼ AMRITSAR TIMES

05 ਜੂਨ 2019 ਤੋਂ 11 ਜੂਨ 2019

# ਸਿੱਖ ਸਿਧਾਂਤ 'ਤੇ ਚੌਤਰਫਾ ਹਮਲਾ-2

**-ਮਨਜੀਤ ਸਿੰਘ ਟਿਵਾਣਾ**

ਅਸੀਂ ਹਰ ਸਾਲ ਜੂਨ-੮੪ ਵਿਚ ਹਿੰਦੋਸਤਾਨੀ ਫੌਜ ਵੱਲੋਂ ਸਿੱਖ ਕੌਮ ਦੇ ਮੁਕੱਦਸ ਅਸਥਾਨ ਦਰਬਾਰ ਸਾਹਿਬ ਉਤੇ ਕੀਤੇ ਗਏ ਹਮਲੇ ਨੂੰ ਯਾਦ ਕਰਦੇ ਹਾਂ। ਨਿਰਸੰਦੇਹ 35 ਸਾਲ ਪਹਿਲਾਂ ਪਹਿਲੀ ਜੂਨ ਤੋਂ ਸੱਤ ਜੂਨ ਤਕ ਹਿੰਦੋਸਤਾਨੀ ਫੌਜਾਂ ਨੇ ਜੋ ਜ਼ੁਲਮ ਦਰਬਾਰ ਸਾਹਿਬ ਕੰਪਲੈਕਸ 'ਚ ਸਿੱਖਾਂ ਉਤੇ ਢਾਹਿਆ, ਉਹ ਬਹੁਤ ਕਹਿਰਾਂ ਦਾ ਸੀ। ਇਹ ਹਮਲਾ ਸਿਰਫ ਦਰਬਾਰ ਸਾਹਿਬ ਕੰਪਲੈਕਸ ਜਾਂ ਅਕਾਲ ਤਖਤ ਸਾਹਿਬ ਦੀਆਂ ਪਵਿੱਤਰ ਤੇ ਇਤਿਹਾਸਕ ਇਮਾਰਤਾਂ ਉਪਰ ਹੀ ਨਹੀਂ ਸੀ, ਸਗੋਂ ਸਿੱਖ ਕੌਮ ਦੀ ਆਤਮਾ ਉਤੇ ਸੀ। ਇਹ ਹਮਲਾ ਸਿੱਖਾਂ ਨੂੰ ਇਹ ਅਹਿਸਾਸ ਕਰਵਾਉਣ ਲਈ ਵੀ ਸੀ ਕਿ ਉਹ ਇਸ ਦੇਸ਼ ਵਿਚ ਦੂਜੇ ਦਰਜੇ ਦੇ ਸ਼ਹਿਰੀ ਹਨ। ਇਹ ਹਮਲਾ ਸਿੱਖਾਂ ਨੂੰ ਆਪਣੀਆਂ ਜਾਨਾਂ ਵਾਰ ਕੇ ਅੰਗਰੇਜ਼ਾਂ ਕੋਲੋਂ ਲਈ ਕਥਿਤ ਅਜ਼ਾਦੀ ਦੀ ਅਸਲੀਅਤ ਦੱਸਣ ਲਈ ਵੀ ਸੀ ਕਿ ਉਹ ਅਜੇ ਵੀ ਗੁਲਾਮ ਹੀ ਹਨ। ਇਸ ਹਮਲੇ ਦੇ 35 ਵਰ੍ਹੇ ਬੀਤ ਜਾਣ ਬਾਅਦ ਵੀ ਬਹੁਤ ਸਾਰੇ ਸਿੱਖ ਇਸ ਸਚਾਈ ਨੂੰ ਮੰਨਣ ਤੋਂ ਇਨਕਾਰੀ ਹਨ। ਸਿੱਖ ਬਹੁਗਿਣਤੀ ਦੇ ਇਸੇ ਅਵੇਸਲੇਪਣ ਕਾਰਨ ਹੀ ਹੁਣ ਸਿੱਖ ਸਿਧਾਂਤ ਦੀਆਂ ਜੜ੍ਹਾਂ ਉਤੇ ਸੂਖਮ ਤੇ ਸਥੂਲ ਹਮਲਿਆਂ ਦੀ ਧਾਰ ਤੇਜ਼ ਹੋ ਗਈ ਹੈ। ਗੱਲ ਗੁਰੂ ਨਾਨਕ ਸਾਹਿਬ ਜੀ ਦੇ ਬੁੱਤ ਲਗਾਉਣ ਤਕ ਪਹੁੰਚ ਗਈ ਹੈ।

ਇਸ ਸਮੇਂ ਜਦੋਂ ਸਿੱਖ ਕੌਮ ਦੇ ਜਾਗਰੂਕ ਹਿੱਸੇ ਵੱਲੋਂ "ਦਾਸਤਾਨ-ਏ-ਮੀਰੀ-ਪੀਰੀ" ਨਾਮਕ ਕਾਰਟੂਨ/ਐਨੀਮੇਸ਼ਨ ਫਿਲਮ ਨੂੰ ਰੋਕਣ ਲਈ ਆਵਾਜ਼ ਉਠਾਈ ਜਾ ਰਹੀ ਹੈ, ਤਾਂ ਅਜਿਹੀ ਹੀ ਇਕ ਹੋਰ ਫਿਲਮ ਰਾਹੀਂ ਮਾਤਾ ਸਾਹਿਬ ਕੌਰ ਜੀ ਦਾ ਕਾਰਟੂਨ ਰੂਪ ਵਿਚ ਸਵਾਂਗ ਰਚਣ ਦਾ ਮਾਮਲਾ ਸਾਹਮਣੇ ਆ ਗਿਆ ਹੈ। "ਦਾਸਤਾਨ-ਏ-ਮੀਰੀ-ਪੀਰੀ" ਵਿਰੁੱਧ ਸਿੱਖਾਂ ਦੇ ਰੋਹ ਦੇ ਚੱਲਦਿਆਂ ਹੀ ਇਕ ਹੋਰ ਅਜਿਹੀ ਹੀ ਫਿਲਮ ਦਾ ਆਉਣਾ, ਇਸ ਗੱਲ ਦੀ ਗਵਾਹੀ ਦੇ ਰਿਹਾ ਹੈ ਕਿ ਇਹ ਸਭ ਇਕ ਵੱਡੀ ਵਿਉਂਤਬੰਦੀ ਨਾਲ ਹੋ ਰਿਹਾ ਹੈ। ਯਾਦ ਰਹੇ ਕਿ ਇਸ ਤੋਂ ਪਹਿਲਾਂ "ਨਾਨਕ ਸ਼ਾਹ ਫਕੀਰ" ਫਿਲਮ ਸਿੱਖ ਪੰਥ ਵਲੋਂ ਦੋ ਵਾਰ- ਸਾਲ 2015 ਅਤੇ 2017 ਵਿਚ ਸਖਤ ਵਿਰੋਧ ਕਰਕੇ ਬੰਦ ਕਰਵਾਈ ਗਈ ਸੀ। ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਸਿੱਖ ਕੌਮ ਅਜਿਹੀਆਂ ਸਿੱਖ ਸਿਧਾਂਤ ਵਿਰੋਧੀ ਕਾਰਵਾਈਆਂ ਦਾ ਲਗਾਤਾਰ ਵਿਰੋਧ ਕਰ ਰਹੀ ਹੈ, ਤਾਂ ਮੁੜ-ਮੁੜ ਇਹੋ ਜਿਹੇ ਵਰਤਾਰੇ ਸਾਹਮਣੇ ਆਉਣ ਦਾ ਕੀ ਕਾਰਨ ਹੈ ? ਸਪਸ਼ਟ ਹੈ ਕਿ ਇਹ ਸਭ ਜਾਣਬੁੱਝ ਕੇ ਸਿੱਖਾਂ ਨੂੰ ਜਿੱਚ ਕਰਨ ਲਈ, ਸਿੱਖ ਸਿਧਾਂਤ ਨੂੰ ਮਲੀਆਮੇਟ ਕਰ ਕੇ ਬਿਪਰਵਾਦੀ ਰੀਤ ਵਿਚ ਰੰਗਣ ਦੀ ਇਕ ਵੱਡੀ ਸਾਜ਼ਿਸ਼ ਤਹਿਤ ਹੋ ਰਿਹਾ ਹੈ।

ਗੌਰਤਲਬ ਹੈ ਕਿ ਸਿੱਖ ਇਤਿਹਾਸ ਉਤੇ ਅਜਿਹੀਆਂ ਐਨੀਮੇਟਿਡ ਫਿਲਮਾਂ ਦਾ ਦੌਰ ਸਾਲ 2005 ਵਿਚ ਵਿਸਮਾਦ ਨਾਮੀ ਅਦਾਰੇ ਵਲੋਂ ਫਿਲਮ "ਚਾਰ ਸਾਹਿਬਜ਼ਾਦੇ" ਬਣਾਉਣ ਨਾਲ ਸ਼ੁਰੂ ਹੋਇਆ ਸੀ। ਉਸ ਵੇਲੇ ਵੀ ਇਸ ਵਿਰੁੱਧ ਅਕਾਲ ਤਖ਼ਤ ਸਾਹਿਬ ਵਿਖੇ ਵਿਰੋਧ ਦਰਜ ਕਰਵਾਇਆ ਗਿਆ ਸੀ ਕਿ ਇਹ ਕਾਰਵਾਈ ਗੁਰੂ ਸਿਧਾਂਤ ਦੀ ਉਲੰਘਣਾ ਹੈ। ਇਸ ਤੋਂ ਬਾਅਦ 'ਮੂਲਾ ਖੱਤਰੀ' ਫਿਲਮ ਵੇਲੇ ਵੀ ਵਿਰੋਧ ਦਰਜ ਕਰਵਾਇਆ ਗਿਆ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਜਥੇਦਾਰ ਸਾਹਿਬਾਨ ਨੇ ਇਸ ਬਾਰੇ ਕੋਈ ਠੋਸ ਫੈਸਲਾ ਨਾ ਲਿਆ। ਅਫਸੋਸਨਾਕ ਗੱਲ ਇਹ ਵੀ ਹੈ ਕਿ ਸ਼੍ਰੋਮਣੀ ਕਮੇਟੀ ਦੇ ਮਾਹਿਰ ਵਿਦਵਾਨ ਅਤੇ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਾਹਿਬ ਦੇ ਸਲਾਹਕਾਰਾਂ ਵਿਚ ਸ਼ਾਮਲ ਸਿੱਖ ਵਿਦਵਾਨ ਖੁਦ ਹੀ ਗੁਰੂ ਸਾਹਿਬ ਦਾ ਸਵਾਂਗ ਰਚਣ ਵਾਲੀ ਫਿਲਮ ਬਣਾਉਣ ਵਾਲ਼ਿਆਂ ਵਿਚ ਸ਼ਾਮਲ ਦੱਸੇ ਜਾ ਰਹੇ ਹਨ। ਡਾ. ਇੰਦਰਜੀਤ ਸਿੰਘ ਗੋਗੋਆਣੀ ਵਲੋਂ "ਦਾਸਤਾਨ-ਏ-ਮੀਰੀ-ਪੀਰੀ" ਫਿਲਮ ਦੀ ਮਸ਼ਹੂਰੀ ਕਰਨ ਦੀਆਂ ਖਬਰਾਂ ਆ ਚੁੱਕੀਆਂ ਹਨ। ਤਾਜ਼ਾ ਵਿਵਾਦ ਵਿਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਸਟੈਂਡ ਵੀ ਸਪਸ਼ਟ ਰੂਪ ਵਿਚ ਫਿਲਮ ਦੇ ਨਾ ਵਿਰੋਧ ਵਿਚ ਜਾ ਰਿਹਾ ਹੈ ਤੇ ਨਾ ਹੀ ਹੱਕ ਵਿਚ। ਉਨ੍ਹਾਂ ਇਹ ਤਾਂ ਕਿਹਾ ਹੈ ਕਿ ਗੁਰੂ ਸਾਹਿਬਾਨ ਦੇ ਰੋਲ ਵਾਲੀਆਂ ਫਿਲਮਾਂ ਜਾਂ ਗੁਰੂ ਸਾਹਿਬਾਨ ਉਤੇ ਚਲੰਤ ਐਨੀਮੇਸ਼ਨ ਬਣਾਉਣ ਦੀ ਇਜ਼ਾਜ਼ਤ ਕਿਸੇ ਕੀਮਤ ਉਤੇ ਨਹੀਂ ਦਿੱਤੀ ਜਾ ਸਕਦੀਪਰ ਉਨ੍ਹਾਂ ਨਾਲ ਹੀ ਇਹ ਵੀ ਕਹਿ ਦਿੱਤਾ ਹੈ ਕਿ ਸਿੱਖ ਇਤਿਹਾਸ ਦੇ ਸੂਰਬੀਰ ਯੋਧਿਆਂ ਜਾਂ ਬੰਦਗੀ ਵਾਲੀਆਂ ਰੂਹਾਂ ਉਪਰ ਚਲੰਤ ਐਨੀਮੇਸ਼ਨ ਬਣਾਉਣ ਜਾਂ ਨਾ ਬਣਾਉਣ ਬਾਰੇ ਗੁਰੂ ਪੰਥ ਦੀਆਂ ਪੰਥਕ ਸੰਸਥਾਵਾਂ ਤੇ ਸੰਪ੍ਰਦਾਵਾਂ ਉਚੇਚ ਕਰਕੇ ਸਿੱਖ ਬੁੱਧੀਜੀਵੀਆਂ, ਚਿੰਤਕਾਂ ਦੀਆਂ ਰਾਵਾਂ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਿਖੇ ਭੇਜਣ, ਤਾਂ ਜੋ ਇਸ ਸਬੰਧੀ ਭਵਿੱਖ ਵਿਚ ਠੋਸ ਫੈਸਲਾ ਲਿਆ ਜਾ ਸਕੇ। ਇਤਿਹਾਸਕ ਤੱਥ ਇਹ ਵੀ ਹੈ ਕਿ ਬੀਤੇ ਵਿਚ ਪੰਥ ਦੀਆਂ ਦਾਨਿਸ਼ਵਰ ਸਖਸ਼ੀਅਤਾਂ ਪ੍ਰੋ. ਜੋਧ ਸਿੰਘ, ਪ੍ਰੋ. ਤੇਜਾ ਸਿੰਘ, ਭਾਈ ਧਰਮਾਨੰਤ ਸਿੰਘ, ਜਥੇਦਾਰ ਮੋਹਨ ਸਿੰਘ ਅਤੇ ਭਾਈ ਕਾਹਨ ਸਿੰਘ ਨਾਭਾ ਅਧਾਰਤ ਧਾਰਮਿਕ ਸਲਾਹਕਾਰ ਕਮੇਟੀ ਵਲੋਂ 20 ਫਰਵਰੀ 1934 ਅਤੇ 7 ਅਗਸਤ 1940 ਨੂੰ ਪਾਸ ਕੀਤੇ ਗਏ ਮਤਿਆਂ ਵਿਚ ਪਹਿਲਾਂ ਹੀ ਇਸ ਕੰਮ ਤੋਂ ਵਰਜਿਆ ਜਾ ਚੁੱਕਾ ਹੈ।

ਸਿੱਖਾਂ ਵਿਚ ਅਜਿਹੀਆਂ ਘਟਨਾਵਾਂ ਕਾਰਨ ਰੋਸ ਵਧਦਾ ਜਾ ਰਿਹਾ ਹੈ। ਅਜਿਹੇ ਮੌਕੇ ਜਦੋਂ ਵੀ ਭਾਰਤ ਵਿਚ ਸਿੱਖ ਆਪਣੀ ਆਜ਼ਾਦੀ ਦੀ, ਆਪਣੇ ਅਧਿਕਾਰਾਂ ਦੀ ਗੱਲ ਕਰਦੇ ਹਨ, ਤਾਂ ਸਿੱਖਾਂ ਉਤੇ ਹੀ ਕਾਨੂੰਨੀ ਡੰਡਾ ਵਰ੍ਹਦਾ ਹੈ ਪ੍ਰੰਤੂ ਜਦੋਂ ਸਿੱਖ, ਭਾਰਤੀ ਸੰਵਿਧਾਨ ਦੇ ਦਾਇਰੇ ਵਿਚ ਰਹਿ ਕੇ ਦਲੀਲ ਨਾਲ ਗੱਲ ਕਰਨੀ ਚਾਹੁੰਦੇ ਹਨ, ਤਾਂ ਭਾਰਤੀ ਸੰਵਿਧਾਨ ਤੇ ਕਾਨੂੰਨ ਦੋਵੇਂ ਘੋਗਲ ਕੰਨੇ ਹੋ ਜਾਂਦੇ ਹਨ।

ਸਿੱਖ ਇਤਿਹਾਸਕਾਰਾਂ ਤੇ ਵਿਦਵਾਨਾਂ ਵੱਲੋਂ ਸਿੱਖ-ਸਿਧਾਂਤ ਬਾਰੇ ਜੋ ਤੱਥ ਪੇਸ਼ ਕੀਤੇ ਗਏ ਹਨ, ਉਹ ਸਾਬਿਤ ਕਰਦੇ ਹਨ ਕਿ ਸਿੱਖ ਗੁਰੂਆਂ ਤੇ ਤਵਾਰੀਖ ਬਾਰੇ ਚਾਲੂ ਫਿਲਮੀ ਵਰਤਾਰਾ ਬੱਜਰ ਕੁਤਾਹੀ ਅਤੇ ਜਾਣਬੁੱਝ ਕੇ ਕੀਤੀ ਗਈ 'ਸ਼ਰਾਰਤ' ਹੈ। ਜੋ ਗੱਲਾਂ ਸਿੱਖੀ ਫਲਸਫੇ ਵਿਚ ਵਰਜਿਤ ਹਨ, ਉਨ੍ਹਾਂ ਨੂੰ ਹੀ ਮੁੜ-ਮੁੜ ਉਭਾਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਵਾਲ ਖੜ੍ਹਾ ਹੁੰਦਾ ਹੈ ਕਿ ਕੀ ਸਿੱਖ ਕੌਮ ਤੇ ਇਸ ਦਾ ਸ਼ਾਨਾਮੱਤਾ ਇਤਿਹਾਸ ਲਵਾਰਿਸ ਹੈ ? ਆਏ ਦਿਨ ਕੋਈ ਜਣਾ-ਖਣਾ ਇਸ ਨਾਲ ਜਿਵੇਂ ਮਰਜ਼ੀ ਖਿਲਵਾੜ ਕਰ ਸਕਦਾ ਹੈ ? ਇਸ ਕੌੜੀ ਸਚਾਈ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਸਾਡੀ ਕੌਮ ਦੇ ਅਵੇਸਲੇਪਣ ਅਤੇ ਸਾਡੇ ਆਗੂਆਂ ਦੀ ਸਵਾਰਥੀ ਸੋਚ ਸਦਕਾ ਹੀ ਇਹ ਸਥਿਤੀ ਪੈਦਾ ਹੋਈ ਹੈ। ਸਿੱਖ ਕੌਮ ਦੀ ਹੋਂਦ ਨੂੰ ਖ਼ਤਮ ਕਰਨ ਦੀ ਗਿਣੀ-ਮਿਥੀ ਘਿਨਾਉਣੀ ਸਾਜਿਸ਼ ਹੋ ਰਹੀ ਹੈ। ਆਪਣੇ ਮੂਲ ਨਾਲੋਂ ਟੁੱਟ ਕੇ ਸਦਾ-ਸਦਾ ਲਈ ਆਪਣੀ ਵਿਲੱਖਣ ਪਹਿਚਾਣ ਗੁਆਉਣਾ ਗੁਰੂ ਦੇ ਕਿਸੇ ਵੀ ਸੱਚੇ ਸਿੱਖ ਨੂੰ ਮਨਜ਼ੂਰ ਨਹੀਂ ਹੋ ਸਕਦਾ। ਇਸ ਕਰ ਕੇ ਸਮੂਹ ਸਿੱਖ ਜਗਤ ਨੂੰ ਇਸ ਵਰਤਾਰੇ ਦਾ ਡਟ ਕੇ ਵਿਰੋਧ ਕਰਨਾ ਚਾਹੀਦਾ ਹੈ।

# ਭਾਰਤ ਸਰਕਾਰ ਨੇ ਦਰਬਾਰ ਸਾਹਿਬ ਤੇ ਹਮਲੇ ਲਈ 'ਸ਼ਹੀਦੀ ਦਿਹਾੜੇ' ਵਾਲਾ ਦਿਨ ਹੀ ਕਿਉਂ ਚੁਣਿਆ ਸੀ ?

**ਗੁਰਪ੍ਰੀਤ ਸਿੰਘ ਮੰਡਿਆਣੀ**





ਭਾਰਤੀ ਫੌਜ ਵੱਲੋਂ ਜੂਨ 1984 ਵਿਚ ਦਰਬਾਰ ਸਾਹਿਬ (ਅੰਮ੍ਰਿਤਸਰ) 'ਤੇ ਕੀਤੇ ਗਏ ਹਮਲੇ ਲਈ ਚੁਣੇ ਗਏ ਦਿਨ ਬਾਰੇ ਅੱਜ ਤੱਕ ਕੋਈ ਤਸੱਲੀ ਬਖ਼ਸ਼ ਸਰਕਾਰੀ ਬਿਆਨ ਸਾਹਮਣੇ ਨਹੀਂ ਆਇਆ। 3 ਜੂਨ 1984 ਨੂੰ ਗੁਰੂ ਅਰਜਨ ਪਾਤਸ਼ਾਹ ਦਾ ਸ਼ਹੀਦੀ ਦਿਹਾੜਾ ਸੀ। ਇਹ ਦਿਹਾੜਾ ਮਨਾਉਣ ਖ਼ਾਤਰ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਦਰਬਾਰ ਸਾਹਿਬ ਇਕੱਠੀਆਂ ਹੁੰਦੀਆਂ ਆਈਆਂ ਸਨ ਤੇ 3 ਜੂਨ 1984 ਨੂੰ ਵੀ ਆਈਆਂ। ਇਨ੍ਹਾਂ 'ਚੋਂ ਵਧੇਰੇ ਗਿਣਤੀ ਵਿੱਚ ਦੂਰ-ਦੁਰਾਡਿਓਂ ਆਉਣ ਵਾਲੀਆਂ ਸੰਗਤਾਂ ਹੁੰਦੀਆਂ ਸਨ ਤੇ ਉਹ ਰਾਤ ਵੀ ਦਰਬਾਰ ਸਾਹਿਬ ਵਿੱਚ ਹੀ ਬਿਤਾਉਂਦੀਆਂ ਆਈਆਂ ਸਨ। 3 ਜੂਨ ਸ਼ਾਮ ਨੂੰ ਕਰਫਿਉ ਲੱਗ ਗਿਆ ਜਿਸ ਕਰਕੇ ਸਾਰੀਆਂ ਸੰਗਤਾਂ ਇੱਥੇ ਹੀ ਘਿਰ ਗਈਆਂ। ਇਸ ਗੱਲ ਦਾ ਫੌਜ, ਖ਼ੂਫ਼ੀਆ ਏਜੰਸੀਆਂ ਤੇ ਸਰਕਾਰ ਸਮੇਤ ਸਭ ਨੂੰ ਇਲਮ ਸੀ ਕਿ ਇਸ ਦਿਨ ਕੀਤੇ ਗਏ ਫੌਜੀ ਹਮਲੇ ਵਿੱਚ ਹਜ਼ਾਰਾਂ ਬੇਗੁਨਾਹ ਬੱਚੇ, ਬੁੱਢੇ ਤੇ ਔਰਤਾਂ ਮਾਰੇ ਜਾ ਸਕਦੇ ਹਨ। ਇਸ ਦੇ ਬਾਵਜੂਦ ਵੀ ਇਹ ਦਿਨ ਹੀ ਕਿਉਂ ਚੁਣਿਆ ਗਿਆ। ਸਰਕਾਰ ਵੱਲੋਂ ਜਾਰੀ ਕੀਤੇ ਗਏ ਵਾਈਟ ਪੇਪਰ ਵਿੱਚ ਵੀ ਇਸ ਗੱਲ ਦੀ ਕੋਈ ਵਜ਼ਾਹਤ ਨਜ਼ਰ ਨਹੀਂ ਆਉਂਦੀ।

ਫੌਜੀ ਹੱਲੇ ਦੇ ਮੁਹਰੈਲ ਰਹੇ ਜਨਰਲ ਕੁਲਦੀਪ ਸਿੰਘ ਬਰਾੜ ਆਪਣੇ ਵੱਲੋਂ ਲਿਖੀ ਗਈ ਕਿਤਾਬ 'ਓਪਰੇਸ਼ਨ ਬਲੂ ਸਟਾਰ ਅਸਲ ਕਹਾਣੀ' ਦੇ ਮੁੱਢ ਵਿੱਚ ਸਫ਼ਾ 17 'ਤੇ ਦੱਸਦਾ ਹੈ ਕਿ ਇਸ ਗੱਲ ਦਾ ਮੈਂ ਅਗਾਂਹ ਜਾ ਕੇ ਜਵਾਬ ਦੇਵਾਂਗਾ ਕਿ ਇਹ ਦਿਨ ਹੀ ਕਿਉਂ ਚੁਣਿਆ ਗਿਆ।

ਅਗਾਂਹ ਜਾ ਕੇ ਜਿਹੜਾ ਉਹਨੇ ਜਵਾਬ ਦਿੱਤਾ ਹੈ ਉਹ ਕੱਚੀ ਕੌਡੀ ਵਰਗਾ ਵੀ ਨਹੀਂ। ਸਫ਼ਾ 81 'ਤੇ ਉਹ ਇਸ ਜਵਾਬ ਦਿੰਦਾ ਹੋਇਆ ਲਿਖਦਾ ਹੈ ਕਿ 'ਬਲੂ ਸਟਾਰ' ਕਾਰਵਾਈ ਤੋਂ ਪਿੱਛੋਂ ਹੋਈ ਚਰਚਾ ਦੌਰਾਨ ਇਸ ਦੇ ਜਿਹੜੇ ਪੱਖ ਉੱਤੇ ਸਭ ਤੋਂ ਜ਼ਿਆਦਾ ਬਹਿਸ ਹੋਈ,ਉਹ ਇਸ ਨੂੰ ਆਰੰਭ ਕਰਨ ਦੀ ਤਾਰੀਖ ਹੈ। ਸਰਕਾਰ ਨੂੰ ਉਸ ਦੇ ਇਸ ਫੈਸਲੇ ਵਾਸਤੇ ਦੋਸ਼ੀ ਠਹਿਰਾਇਆ ਗਿਆ ਹੈ ਕਿ ਉਸ ਨੇ ਗੁਰੂ ਅਰਜਨ ਦੇਵ ਦੇ ਸ਼ਹੀਦੀ ਪੁਰਬ ਦੇ ਮੌਕੇ ਸੈਨਾ ਨੂੰ ਹਰਮਿੰਦਰ ਸਾਹਿਬ ਅੰਦਰ ਭੇਜਣ ਦਾ ਹੁਕਮ ਦਿੱਤਾ ਜਿਸ ਦੇ ਫਲਸਰੂਪ ਸ਼ਰਧਾਲੂਆਂ ਦੀ ਬਹੁਤ ਵੱਡੀ ਗਿਣਤੀ ਅੰਦਰ ਫਸ ਗਈ ਅਤੇ ਉਹਨਾਂ ਵਿੱਚੋਂ ਕਈਆਂ ਦੀਆਂ ਕਾਰਵਾਈ ਦੌਰਾਨ ਜਾਨਾਂ ਗਈਆਂ। ਮੈਨੂੰ ਇਹ ਮੰਨਣ ਵਿੱਚ ਕੋਈ ਝਿਜਕ ਨਹੀਂ ਕਿ ਮੈਂ ਜ਼ੋਰਦਾਰ ਢੰਗ ਨਾਲ ਮਹਿਸੂਸ ਕਰਦਾ ਹਾਂ ਕਿ ਇਹ ਇਲਜ਼ਾਮ ਸਰਾਸਰ ਅਕਾਲੀ ਆਗੂਆਂ ਉੱਤੇ ਲਗਦਾ ਹੈ ਜਿਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ 3 ਜੂਨ ਨੂੰ ਰਾਜ ਵਿਆਪੀ ਮੋਰਚਾ ਲਾਉਣ ਦਾ ਐਲਾਨ ਕੀਤਾ। ਜਿਸ ਵੇਲੇ ਪੰਜਾਬ ਵਿੱਚ ਹਿੰਸਾ ਤੇ ਲਾ-ਕਾਨੂਨੀ ਅਸਹਿਣਯੋਗ ਹੱਦਾਂ-ਬੰਨੇ ਟੱਪ ਗਈ ਸੀ ਅਤੇ ਵੱਖਵਾਦੀ ਸਰਗਰਮੀਆਂ ਆਪਣੀ ਸਿਖਰ ਉਤੇ ਸਨ, ਲੌਂਗੋਵਾਲ ਵੱਲੋਂ ਐਲਾਨੇ ਮੋਰਚੇ ਨੇ ਮਾਮਲੇ ਦੀ ਗੰਭੀਰਤਾ ਵਿੱਚ ਹੋਰ ਵਾਧਾ ਹੀ ਕੀਤਾ ਅਤੇ ਸ੍ਰੀਮਤੀ ਇੰਦਰਾ ਗਾਂਧੀ ਲਈ ਹੋਰ ਕੋਈ ਚਾਰਾ ਨਾ ਰਹਿਣ ਦਿੱਤਾ। ਅਕਾਲੀਆਂ ਨੂੰ ਇਸ ਗੱਲ ਵਾਸਤੇ ਪ੍ਰੇਰਿਆ ਕਿਉਂ ਨਾ ਜਾ ਸਕਿਆ ਕਿ ਉਹ ਆਪਣਾ ਮੋਰਚਾ ਕੁਝ ਦਿਨ ਬਾਅਦ ਵਿੱਚ ਲਾ ਲੈਣ ?'

ਬਰਾੜ ਆਪਣੇ ਇਸ ਜਵਾਬ ਵਿੱਚ ਇਹ ਦੱਸਦਾ ਹੈ ਕਿ ਕਿਉਂਕਿ ਅਕਾਲੀਆਂ ਨੇ 3 ਜੂਨ ਨੂੰ ਰਾਜ ਵਿਆਪੀ ਮੋਰਚਾ ਲਾਉਣ ਦਾ ਐਲਾਨ ਕੀਤਾ। ਇੱਥੇ ਉਹ ਮੋਰਚੇ ਦੀ ਕਿਸਮ ਦੱਸਣੀ ਭੁਲ ਗਿਆ ਹੈ। ਅਕਾਲੀ ਦਲ ਦਾ ਧਰਮ ਯੁੱਧ ਮੋਰਚਾ ਤਾਂ ਪਹਿਲਾਂ ਹੀ ਚੱਲ ਰਿਹਾ ਸੀ ਇਸ ਵਿੱਚ ਉਹਨੇ ਇੱਕ ਨਵਾਂ ਐਕਸ਼ਨ ਐਲਾਨਿਆ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ 3 ਜੂਨ ਨੂੰ ਉਹ ਪੰਜਾਬ ਵਿੱਚੋਂ ਬਾਹਰਲੇ ਸੂਬਿਆਂ ਨੂੰ ਭੇਜੇ ਜਾ ਰਹੇ ਅਨਾਜ ਦੀ ਸਪਲਾਈ ਨੂੰ ਰੋਕਣਗੇ। ਪੰਜਾਬ ਵਿੱਚੋਂ ਅਨਾਜ ਦੀ ਸਪਲਾਈ ਕੁਝ ਦਿਨਾਂ ਵਾਸਤੇ ਰੁਕਣ ਨਾਲ ਦੇਸ਼ ਨੂੰ ਕੋਈ ਫੌਰੀ ਆਫ਼ਤ ਨਹੀਂ ਸੀ ਆਉਣ ਲੱਗੀ। ਅਨਾਜ ਦੀ ਸਪਲਾਈ ਰੋਕਣ ਦੀ ਸਵਿੱਚ ਵੀ ਕੋਈ ਦਰਬਾਰ ਸਾਹਿਬ ਵਿੱਚ ਨਹੀਂ ਸੀ ਲੱਗੀ ਹੋਈ, ਜੋ ਕਿ ਉੱਥੇ ਜਾ ਕੇ ਹੀ ਕੱਟਣੀ ਪੈਂਦੀ। ਜਿੱਥੇ-ਜਿੱਥੇ ਅਨਾਜ ਦੀ ਸਪਲਾਈ ਰੋਕੀ ਜਾਂਦੀ ਸਰਕਾਰ ਉੱਥੇ ਤਾਕਤ ਵਰਤ ਸਕਦੀ ਸੀ। ਨਾਲੇ ਸਾਰੇ ਦੇਸ਼ ਵਿੱਚ 6 ਮਹੀਨਿਆਂ ਜੋਗਾ ਅੰਨ ਭੰਡਾਰ ਹਮੇਸ਼ਾ ਮੌਜੂਦ ਰਹਿੰਦਾ ਹੈ। ਸੋ ਇਹ ਬਹਾਨਾ ਕਿਸੇ ਵੀ ਤਰੀਕੇ ਨਾਲ ਯੋਗ ਨਹੀਂ ਮੰਨਿਆ ਜਾ ਸਕਦਾ।

ਬਰਾੜ ਲਿਖਦਾ ਹੈ ਕਿ ਅਕਾਲੀ ਮੋਰਚੇ ਨੇ ਮਸਲੇ ਦੀ ਗੰਭੀਰਤਾ ਵਿੱਚ ਹੋਰ ਵਾਧਾ ਕੀਤਾ ਹੈ ਅਤੇ ਇੰਦਰਾ ਗਾਂਧੀ ਕੋਲ ਹੋਰ ਕੋਈ ਚਾਰਾ ਨਾ ਰਹਿਣ ਦਿੱਤਾ। ਬਰਾੜ ਨੇ 'ਹੋਰ ਕੋਈ ਚਾਰਾ' ਦਾ ਅਰਥ ਤਾਂ ਨਹੀਂ ਦੱਸਿਆ ਪਰ ਜਦੋਂ ਉਹ 3 ਜੂਨ ਦਾ ਦਿਨ ਚੁਣੇ ਜਾਣ ਦਾ ਜਵਾਬ ਦੇ ਰਿਹਾ ਹੈ ਤਾਂ ਇਹਦਾ ਅਰਥ ਇਹੀ ਸਮਝਿਆ ਜਾ ਸਕਦਾ ਹੈ ਕਿ ਇੰਦਰਾ ਗਾਂਧੀ ਕੋਲ ਫੌਜੀ ਹਮਲੇ ਖ਼ਾਤਰ 3 ਜੂਨ ਦਾ ਦਿਨ ਮੁਕੱਰਰ ਕਰਨ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ ਸੀ। ਪਾਠਕ ਖ਼ੁਦ ਸਮਝ ਸਕਦੇ ਹਨ ਕਿ ਬਰਾੜ ਵੱਲੋਂ ਕੀਤੀ ਗਈ ਇਹ ਵਜ਼ਾਹਤ ਕਿੰਨੀ ਕੱਚੀ ਪਿੱਲੀ ਹੈ ਕਿਉਂਕਿ ਅਨਾਜ ਦੀ ਸਪਲਾਈ ਰੋਕਣ ਦੀ ਕਾਰਵਾਈ ਦੀ ਤੁਲਨਾ ਦੇਸ਼ 'ਤੇ ਕਿਸੇ ਬਾਹਰੀ ਹਮਲੇ ਦੇ ਖ਼ਤਰੇ ਨਾਲ ਨਹੀਂ ਕੀਤੀ ਜਾ ਸਕਦੀ ਕਿ ਜਿਸ ਖ਼ਾਤਰ ਫੌਜ ਨੂੰ ਐਨਾ ਫੌਰੀ ਐਕਸ਼ਨ ਲੈਣਾ ਪੈਂਦਾ ਕਿ ਕਿਸੇ ਤਰੀਕ-ਤਰੂਕ ਦੀ ਪ੍ਰਵਾਹ ਨਾ ਕੀਤੀ ਜਾਂਦੀ। ਚਲੋ ਤਰੀਕ ਦੀ ਵੀ ਗੱਲ ਛੱਡੋ ਜੇ ਸਰਕਾਰ ਦੀ ਨਜ਼ਰ ਵਿੱਚ ਆਮ ਲੋਕਾਂ ਨੂੰ ਫੌਜੀ ਹਮਲੇ ਦੀ ਮਾਰ ਹੇਠ ਆਉਣ ਤੋਂ ਬਚਾਉਣ ਦਾ ਮਕਸਦ ਮੂਹਰੇ ਹੁੰਦਾ ਤਾਂ ਸੰਗਤਾਂ ਨੂੰ ਕਰਫਿਊ ਲਾ ਕੇ ਜਾਂ ਕਿਸੇ ਹੋਰ ਤਰੀਕੇ ਨਾਲ ਸ਼ਹੀਦੀ ਪੁਰਬ ਵਾਲੇ ਦਿਨ ਉੱਥੇ ਇਕੱਠਾ ਹੋਣੋਂ ਰੋਕ ਸਕਦੀ ਸੀ। ਕਿਉਂਕਿ ਸਰਕਾਰ ਨੇ ਤਾਂ ਹਮਲੇ ਦਾ ਸਾਰਾ ਟਾਈਮ ਟੇਬਲ ਕਈ ਹਫ਼ਤੇ ਪਹਿਲਾਂ ਹੀ ਬਣਾ ਲਿਆ ਸੀ। ਫੌਜੀ ਕੁਮਕ 29 ਮਈ ਤੋਂ ਹੀ ਅੰਮ੍ਰਿਤਸਰ ਛਾਉਣੀ ਵਿੱਚ ਦੂਰ-ਦੁਰਾਉਡਿਓਂ ਚੱਲ ਕੇ ਆਉਣੀ ਸ਼ੁਰੂ ਹੋ ਗਈ ਸੀ। 9-ਇਨਫੈਂਟਰੀ ਬ੍ਰਿਗੇਡ ਦੀਆਂ ਕੁਝ ਟੁਕੜੀਆਂ 465 ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਮੇਰਠ ਤੋਂ ਅੰਮ੍ਰਿਤਸਰ ਪੁੱਜ ਚੁੱਕੀਆਂ ਸਨ। ਇਹਦਾ ਭਾਵ ਇਹ ਕਿ ਇਹ ਫੌਜ 27 ਮਈ ਨੂੰ ਮੇਰਠੋਂ ਚੱਲੀ ਹੋਵੇਗੀ। ਘੱਟੋ-ਘੱਟ 2 ਦਿਨ ਉਹਨੇ ਤਿਆਰੀ ਵਿੱਚ ਵੀ ਲਾਏ ਹੋਣਗੇ। ਘੱਟੋ ਘੱਟ 1 ਦਿਨ ਪਹਿਲਾਂ ਇਸ ਦਾ ਅਫ਼ਸਰਾਂ ਨੇ ਫੈਸਲਾ ਲੈ ਲਿਆ ਹੋਵੇਗਾ। ਇਸ ਦਾ ਮਤਲਬ ਇਹ ਬਣਿਆ ਕਿ ਫੌਜੀ ਆਪ੍ਰੇਸ਼ਨ ਦੀ ਸ਼ੁਰੂਆਤ ਘੱਟੋ ਘੱਟ 24 ਮਈ ਨੂੰ ਹੀ ਸ਼ੁਰੂ ਹੋ ਗਈ ਸੀ। ਜੇ 3 ਤੇ 4 ਜੂਨ ਦੀ ਰਾਤ ਨੂੰ ਹੀ ਫੌਜ ਵੱਲੋਂ ਹਮਲਾ ਕੀਤੇ ਜਾਣ ਦੀ ਕੋਈ ਮਜਬੂਰੀ ਵੀ ਸੀ ਤਾਂ 3 ਜੂਨ ਨੂੰ ਸ਼ਹੀਦੀ ਪੁਰਬ ਦੇ ਮੱਦੇਨਜ਼ਰ ਸੰਗਤਾਂ ਨੂੰ ਉੱਥੇ ਇਕੱਠੀਆਂ ਹੋਣ ਤੋਂ ਰੋਕਣ ਖ਼ਾਤਰ ਕੋਈ ਤਰੀਕਾ ਅਖ਼ਤਿਆਰ ਕਰਨ ਖ਼ਾਤਰ ਸਰਕਾਰ ਕੋਲ ਕਾਫ਼ੀ ਸਮਾਂ ਸੀ। ਬਰਾੜ ਸਣੇ ਕਿਸੇ ਹੋਰ ਨੇ ਵੀ ਸਰਕਾਰੀ ਪੱਧਰ 'ਤੇ ਅਜਿਹਾ ਤਰੀਕਾ ਏ ਕਾਰ ਅਖਤਿਆਰ ਨਾ ਕਰ ਸਕਣ ਦੀ ਕੋਈ ਵਜ਼ਾਹਤ ਨਹੀਂ ਕੀਤੀ ਗਈ। ਪੰਜਾਬ ਵਿੱਚ ਇਸ ਦੌਰਾਨ 7 ਡਵੀਜ਼ਨ ਫੌਜ ਦੀ ਤਾਇਨਾਤੀ ਕੀਤੀ ਗਈ ਸੀ ਜੋ ਕਿ ਜ਼ਿਆਦਾਤਰ ਪੰਜਾਬ ਦੇ ਬਾਹਰੋਂ ਢੋਹੀ ਗਈ। ਇਹ ਸੜਕਾਂ ਰਾਹੀਂ ਹੀ ਆਈ। ਜੋ ਕਿ ਹਰੇਕ ਜਣੇ-ਖਣੇ ਨੂੰ ਨਜ਼ਰ ਪੈਂਦੀ ਸੀ। ਪੰਜਾਬ ਅਤੇ ਦੇਸ਼ ਦੇ ਹੋਰ ਸਾਰੇ ਅਖ਼ਬਾਰਾਂ ਨੇ ਪੰਜਾਬ ਵਿੱਚ ਆ ਰਹੀ ਫੌਜ ਬਾਰੇ ਕੋਈ ਖ਼ਬਰ ਨਸ਼ਰ ਨਹੀਂ ਕੀਤੀ। ਉਨ੍ਹੀ ਦਿਨੀਂ ਤਾਰਾਂ ਵਾਲੇ ਟੈਲੀਫੋਨ ਵੀ ਟਾਵੇਂ ਟੱਲੇ ਹੀ ਹੁੰਦੇ ਸਨ। ਕੋਈ ਮੋਬਾਈਲ ਫੋਨ ਨਹੀਂ ਸੀ ਹੁੰਦਾ। ਕੋਈ ਪ੍ਰਾਈਵੇਟ ਟੀਵੀ. ਚੈਨਲ ਦੀ ਹੋਂਦ ਨਹੀਂ ਸੀ। ਖ਼ਬਰ ਦਾ ਇੱਕੋ ਇੱਕ ਸਾਧਨ ਅਖ਼ਬਾਰ ਹੀ ਹੁੰਦੇ ਸਨ ਜਿਨ੍ਹਾਂ ਨੇ ਪੰਜਾਬ ਵਿੱਚ ਆ ਰਹੀ ਫੌਜ ਦੀ ਜਾਣਕਾਰੀ ਨੂੰ ਲੋਕਾਂ ਤੋਂ ਜਾਣਬੁੱਝ ਕੇ ਲਕੋ ਕੇ ਰੱਖਿਆ। ਜੇ ਇਸ ਗੱਲ ਦੀ ਜਾਣਕਾਰੀ ਮਿਲ ਜਾਂਦੀ ਤਾਂ ਸ਼ਹੀਦੀ ਪੁਰਬ 'ਤੇ ਸੰਗਤਾਂ ਦਾ ਇਕੱਠ ਬਹੁਤ ਥੋੜ੍ਹਾ ਹੋਣਾ ਸੀ। ਉਸ ਵੇਲੇ ਇੰਡੀਅਨ ਐਕਸਪ੍ਰੈਸ ਅਖ਼ਬਾਰ ਦੇ ਉੱਘੇ ਪੱਤਰਕਾਰ ਰਹੇ ਕੰਵਰ ਸੰਧੂ ਨੇ ਆਪਣੀ ਡਾਕੂਮੈਂਟਰੀ ਵਿੱਚ ਦੱਸਿਆ ਹੈ ਕਿ 'ਮੈਂ ਫੌਜ ਦੀ ਆਮਦ ਸਬੰਧੀ 30 ਮਈ ਨੂੰ ਇੱਕ ਖ਼ਬਰ ਆਪਣੇ ਅਖ਼ਬਾਰ ਨੂੰ ਘੱਲੀ ਤੇ ਅਖ਼ਬਾਰ ਦੇ ਦਿੱਲੀ ਵਿਚਲੇ ਹੈਡਕੁਆਟਰ ਨੇ ਖ਼ਬਰ ਇਹ ਕਹਿ ਕੇ ਰੋਕ ਲਈ ਹੈ ਕਿ ਇਸ ਵਿੱਚ ਕੋਈ ਸਚਾਈ ਨਹੀਂ।' ਸੰਧੂ ਆਖਦੇ ਹਨ ਕਿ ਉਨ੍ਹਾਂ ਨੇ 1 ਜੂਨ ਨੂੰ ਦੁਬਾਰਾ ਖ਼ਬਰ ਘੱਲੀ ਤੇ ਦਿੱਲੀ ਹੈਡ ਆਫਿਸ ਨੇ ਇਹ ਕਹਿ ਕੇ ਖ਼ਬਰ ਛਾਪਣੋਂ ਨਾਂਹ ਕਰ ਦਿੱਤੀ ਕਿ ਇਹ ਖ਼ਬਰ ਅਫਵਾਹਾਂ 'ਤੇ ਅਧਾਰਤ ਹੈ। ਸੰਧੂ ਦਾ ਕਹਿਣਾ ਹੈ ਕਿ ਜੇ ਅਜਿਹੀਆਂ ਖ਼ਬਰਾਂ ਛਪ ਜਾਂਦੀਆਂ ਤਾਂ ਕੁਝ ਜਾਨੀ ਨਕਸਾਨ ਹੋਣੋਂ ਬਚ ਸਕਦਾ ਸੀ। ਉਨ੍ਹਾਂ ਕਿਹਾ ਕਿ ਮੈਨੂੰ ਇਹ ਕਹਿਣ ਵਿੱਚ ਕੋਈ ਝਿਜਕ ਨਹੀਂ ਕਿ ਪੰਜਾਬ ਦਾ ਅਤੇ ਕੌਮੀ ਮੀਡੀਆ ਇਸ ਦਾ ਨੋਟਿਸ ਲੈਣ ਵਿੱਚ ਨਾਕਾਮ ਰਿਹਾ ਹੈ। ਸੰਧੂ ਦਾ ਪੰਜਾਬ ਅਤੇ ਕੌਮੀ ਮੀਡੀਆ ਨੂੰ 'ਨਾਕਾਮ' ਕਹਿਣਾ ਅਸਲ 'ਚ ਇਨ੍ਹਾਂ ਦੇ ਕਸੂਰ ਨੂੰ ਘਟਾਉਣਾ ਹੀ ਹੈ। ਨਾਕਾਮ ਲਫ਼ਜ ਉੱਥੇ ਵਰਤਿਆ ਜਾਂਦਾ ਹੈ ਜਿੱਥੇ ਕੋਈ ਜਣਾ ਕੋਈ ਕੰਮ ਕਰਨ ਖ਼ਾਤਰ ਆਪਣੇ ਵੱਲੋਂ ਪੂਰਾ ਜ਼ੋਰ ਲਾ ਰਿਹਾ ਹੋਵੇ ਪਰ ਇਸ ਦੇ ਬਾਵਜੂਦ ਕੰਮ ਸਿਰੇ ਨਾ ਚੜ੍ਹ ਸਕੇ ਤਾਂ ਉਸ ਨੂੰ ਨਾਕਾਮ ਆਖਿਆ ਜਾਂਦਾ ਹੈ। ਪਰ ਜੇ ਕੋਈ ਜਾਣਬੁੱਝ ਕੇ

**ਬਾਕੀ ਸਫ਼ਾ 29 'ਤੇ**

# ਜੂਨ '84 ਦੀ ਲਹੂ ਭਿੱਜੀ ਗਾਥਾ

**ਬਘੇਲ ਸਿੰਘ ਧਾਲੀਵਾਲ**
(99142-58142)



ਜਿੰਨਾ ਦਰਦ ਜੂਨ ਦੇ ਮਹੀਨੇ ਦੀ ਆਮਦ 'ਤੇ ਹੁੰਦਾ ਹੈ, ਉਹ ਸ਼ਾਇਦ ਇਸ ਕਰਕੇ ਜ਼ਿਆਦਾ ਹੈ, ਕਿਉਂਕਿ ਜੂਨ ਮਹੀਨਾ ਸਿੱਖ ਕੌਮ ਦੇ ਪੁਰਖਿਆਂ ਨੂੰ ਵੀ ਕਦੇ ਰਾਸ ਨਹੀ ਸੀ ਆਇਆ। ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਹੋਵੇ, ਭਾਵੇਂ ਮੁੱਠੀ ਭਰ ਸਿੱਖ ਸੂਰਮਿਆਂ ਨਾਲ ਸਰਹੰਦ ਦੇ ਸੂਬੇਦਾਰ ਦੀਆਂ ਫੌਜਾਂ ਦੀ ਲਹੂ ਡੋਲਵੀਂ ਲੜਾਈ ਦੀ ਯਾਦ ਦਿਵਾਉਂਦੀ ਖਿਦਰਾਣੇ ਦੀ ਢਾਬ ਜਾਂ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਦਾ ਸਮਾ,ਹਮੇਸਾਂ ਇਹ ਅੱਤ ਦੀ ਗਰਮੀ ਨੇ ਸਿੱਖਾਂ 'ਤੇ ਹੋਏ ਜਬਰ ਜ਼ੁਲਮ ਦੀ ਕਹਾਣੀ ਨੂੰ ਹੋਰ ਗਰਮਾਇਸ਼ ਦਿੱਤੀ ਹੈ। ਪਰੰਤੂ ਇਹਨਾਂ ਜ਼ੁਲਮਾਂ ਦੀ ਹੱਦ ਨੇ ਸਾਰੇ ਹੱਦਾਂ ਬੰਨੇ ਉਦੋ ਪਾਰ ਕਰ ਦਿੱਤੇ ਜਦੋਂ ਆਪਣੇ ਆਪਦੇ ਆਖੇ ਜਾਣ ਵਾਲੇ ਮੁਲਕ ਭਾਰਤ ਦੀਆਂ 10 ਲੱਖ ਦੇ ਕਰੀਬ ਫੌਜਾਂ ਨੇ ਸਿੱਖ ਕੌਮ ਦੇ ਸਭ ਤੋ ਪਵਿੱਤਰ ਅਸਥਾਨ ਦਰਬਾਰ ਸਾਹਿਬ ਤੇ ਟੈਂਕਾਂ ਤੋਪਾਂ ਨਾਲ ਹਮਲਾ ਕਰਕੇ ਨਾ ਸਿਰਫ ਦਰਬਾਰ ਸਾਹਿਬ ਨੂੰ ਨਿਸਾਨਾ ਬਣਾਇਆ ਅਤੇ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕਰ ਦਿੱਤਾ, ਸਗੋਂ ਉਥੇ ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਲਈ ਇਕੱਤਰ ਹੋਈਆਂ ਲੱਖਾਂ ਸਿੱਖ ਸੰਗਤਾਂ ਨੂੰ ਕੋਹ ਕੋਹ ਕੇ ਸ਼ਹੀਦ ਕੀਤਾ।

ਇਹ ਉਹ ਸਮਾਂ ਸੀ ਜਦੋ ਦਰਬਾਰ ਸਾਹਿਬ ਕੰਪਲੈਕਸ ਵਿੱਚ ਸਿੱਖ ਕੌਮ ਦੀ ਆਨ-ਸ਼ਾਨ ਦੇ ਰਾਖੇ ਅਤੇ ਵੀਹਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ ਆਪਣੇ ਸਾਥੀਆਂ ਸਮੇਤ ਅਕਾਲੀ ਦਲ ਦੀ ਅਗਵਾਈ ਵਿੱਚ ਚੱਲਦੇ ਧਰਮ ਯੁੱਧ ਮੋਰਚੇ ਨੂੰ ਕਾਮਯਾਬ ਕਰਕੇ ਸਿੱਖ ਮੰਗਾਂ ਮਨਵਾਉਣ ਵਾਲੇ ਕੌਮੀ ਕਾਰਜ ਲਈ ਡਟੇ ਹੋਏ ਸਨ,ਪਰੰਤੂ ਸਿੱਖ ਕੌਮ ਦੀ ਤਰਾਸਦੀ ਇਹ ਹੈ ਕਿ ਇਹਨਾਂ ਦੇ ਆਗੂਆਂ ਨੇ ਸੰਨ 1849 ਵਿੱਚ ਅਪਣਾ ਰਾਜਭਾਗ ਖੋ ਦੇਣ ਤੋ ਬਾਅਦ ਕਦੇ ਵੀ ਆਪਣੇ ਤਖਤਾਂ ਤਾਜਾਂ ਨੂੰ ਵਾਪਸ ਲੈਣ ਲਈ ਚਾਰਾਜੋਈ ਨਹੀ ਕੀਤੀ, ਬਲਕਿ ਆਪਣੇ ਪਿਛੋਕੜ ਨੂੰ ਅਸਲੋਂ ਹੀ ਭੁੱਲ ਕੇ ਅਤੇ ਅਪਣੇ ਖੁੱਸੇ ਰਾਜ ਭਾਗ ਦਾ ਚੇਤਾ ਵਿਸਾਰ ਕੇ ਆਪ ਤਾਂ ਬੇਗੈਰਤ ਹੋਣਾ ਸਵੀਕਾਰ ਕਰ ਲਿਆ। ਭਾਰਤ ਦੇਸ਼ ਨੂੰ ਅਜਾਦ ਕਰਵਾਉਣ ਲਈ 90 ਫੀਸਦੀ ਤੋ ਵੱਧ ਕੁਰਬਾਨੀਆਂ ਦੇ ਕੇ ਭਾਰਤ ਨੂੰ ਅੰਗਰੇਜ ਹਕੂਮਤ ਦੀ ਗੁਲਾਮੀ ਤੋਂ ਅਜ਼ਾਦ ਜ਼ਰੂਰ ਕਰਵਾ ਕੇ ਦਿੱਤਾ। ਸੰਨ 1982 ਵਿੱਚ ਲਾਏ ਗਏ ਇਸ ਧਰਮ ਯੁੱਧ ਮੋਰਚੇ ਤੋ ਵੀ ਤਤਕਾਲੀ ਅਕਾਲੀ ਆਗੂਆਂ ਨੇ ਇਮਾਨਦਾਰੀ ਨਾਲ ਭਾਰਤ ਸਰਕਾਰ ਤੋ ਕੁੱਝ ਪ੍ਰਾਪਤ ਕਰਨ ਦੀ ਬਜਾਏ ਆਪਣੇ ਹੀ ਸਿੱਖ ਭਰਾਵਾਂ ਨੂੰ ਰਸਤੇ ਦੇ ਕੰਡੇ ਸਮਝ ਕੇ ਰਸਤੇ ਤੋ ਹਟਾਉਣ ਨੂੰ ਜਿਆਦਾ ਤਰਜੀਹ ਦਿੱਤੀ ਅਤੇ ਸਿੱਖ ਕੌਮ ਦੀ ਮੁੱਢੋਂ ਹੀ ਦੁਸ਼ਮਣ ਰਹੀ ਦਿੱਲੀ ਦਾ ਸਾਥ ਦੇ ਕੇ ਮਹਾਰਾਜਾ ਰਣਜੀਤ ਸਿੰਘ ਦਾ ਵਿਸ਼ਾਲ ਖਾਲਸਾ ਰਾਜ ਮਿੱਟੀ ਵਿੱਚ ਮਿਲਾਉਣ ਵਾਲੇ ਡੋਗਰਿਆਂ ਦੀ ਗਦਾਰੀ ਨੂੰ ਛੋਟਾ ਕਰ ਦਿੱਤਾ,ਜਿਸ ਦਾ ਖਮਿਆਜਾ ਸਿੱਖ ਕੌਮ ਨੂੰ ਇੱਕ ਪੂਰੀ ਨਸਲ ਦੀ ਤਬਾਹੀ ਕਰਵਾ ਕੇ ਝੱਲਣਾ ਪਿਆ। ਜੂਨ ਮਹੀਨੇ ਦੀ ਆਮਦ ਨਾਲ ਇਹ ਨਸੂਰ ਬਣੇ ਜ਼ਖਮ ਜਿਆਦਾ ਇਸ ਕਰਕੇ ਰਿਸਦੇ ਤੇ ਦਰਦ ਦਿੰਦੇ ਹਨ,ਕਿਉਕਿ ਇਹ ਜਖਮ ਉਹਨਾਂ ਅਕ੍ਰਿਤਘਣ ਲੋਕਾਂ ਦੀ ਹਕੂਮਤ ਨੇ ਦਿੱਤੇ ਸਨ,ਜਿੰਨਾਂ ਨੂੰ ਸੈਕੜੇ ਸਾਲਾਂ ਦੀ ਗੁਲਾਮੀ ਤੋ ਨਿਜ਼ਾਤ ਦਿਵਾਉਣ ਲਈ ਦੁਨੀਆਂ ਤੇ ਰਾਜ ਕਰਨ ਵਾਲੀ ਸਿੱਖ ਕੌਮ ਦੇ ਬਹਾਦਰ ਪੁੱਤਰਾਂ ਨੇ ਕੁਰਬਾਨੀਆਂ ਦੇ ਕੇ ਰਾਜਭਾਗ ਦੇ ਮਾਲਕ ਬਣਾਇਆ ਸੀ। ਭਾਰਤੀ ਹਕੂਮਤ ਦਾ ਇਹ ਅਕਿਰਤਘਣ ਚਿਹਰਾ ਤਾਂ ਦੇਸ਼ ਅਜਾਦ ਹੁੰਦਿਆਂ ਉਸ ਮੌਕੇ ਹੀ ਨੰਗਾ ਹੋ ਗਿਆ ਸੀ, ਜਦੋਂ ਅਜ਼ਾਦ ਮੁਲਕ ਦੀ ਨਵੀ ਬਣੀ ਦੇਸ਼ੀ ਮੁਤੱਸਬੀ ਹਕੂਮਤ ਨੇ ਸਿੱਖਾਂ ਨੂੰ ਜਰਾਇਮ ਪੇਸ਼ਾ ਕੌਮ ਐਲਾਨ ਕੇ ਉਹਨਾਂ ਵੱਲੋਂ ਦੇਸ਼ ਅਜ਼ਾਦ ਕਰਵਾਉਣ ਲਈ ਕੀਤੀਆਂ ਕੁਰਬਾਨੀਆਂ ਦਾ ਮੁੱਲ ਮੋੜ ਕੇ ਇਹ ਅਹਿਸਾਸ ਕਰਵਾਉਣ ਦਾ ਪਹਿਲਾ ਯਤਨ ਕੀਤਾ ਸੀ ਕਿ ਹੁਣ ਸਿੱਖ ਭਾਰਤ ਦੀ ਹਿੰਦ ਹਕੂਮਤ ਦੇ ਹਮੇਸਾਂ ਲਈ ਗੁਲਾਮ ਹੋ ਚੁੱਕੇ ਹਨ, ਇਸ ਲਈ ਹੁਣ ਉਹਨਾਂ ਨੂੰ ਅਜ਼ਾਦੀ ਨਾਲ ਜਿਉਣ ਦਾ ਕੋਈ ਅਧਿਕਾਰ ਨਹੀ ਰਹਿ ਗਿਆ।

ਸੰਨ 1955 ਵਿੱਚ ਸ੍ਰੀ ਦਰਬਾਰ ਸਾਹਿਬ ਤੇ ਫੌਜਾਂ ਚਾੜ ਕੇ ਅਜਿਹਾ ਹੀ ਸੁਨੇਹਾ ਜਵਾਹਰ ਲਾਲ ਨਹਿਰੂ ਦੀ ਹਕੂਮਤ ਨੇ ਦਿੱਤਾ ਸੀ ਕਿ ਅਜਾਦ ਭਾਰਤ ਦੀ ਹਿੰਦ ਹਕੂਮਤ ਨੂੰ ਸਿੱਖ ਅਬਦਾਲੀਆਂ ਦੁਰਾਨੀਆਂ ਤੋ ਵੱਖ ਕਰਕੇ ਦੇਖਣ ਦੀ ਗੁਸਤਾਖੀ ਨਾ ਕਰਨ, ਨਹੀ ਤਾਂ ਅਜਿਹਾ ਹਸਰ ਕੀਤਾ ਜਾਵੇਗਾ ਕਿ ਅਤੀਤ ਦੇ ਇਤਿਹਾਸ ਵਿੱਚ ਸਿੱਖਾਂ 'ਤੇ ਹੋਏ ਜ਼ੁਲਮ ਬਹੁਤ ਬੌਨੇ ਪਰਤੀਤ ਹੋਣਗੇ। ਸੋ ਆਪਣੇ ਪਿਤਾ ਦੇ ਉਸ ਸੰਦੇਸ਼ ਨੂੰ ਹੀ ਕੇਂਦਰ ਦੀ ਇੰਦਰਾ ਗਾਂਧੀ ਦੀ ਕਾਂਗਰਸ ਸਰਕਾਰ ਨੇ ਆਰ ਐਸ ਐਸ ਦੇ ਕੱਟੜ ਰੰਗ ਵਿੱਚ ਰੰਗੇ ਭਾਜਪਾ ਆਗੂਆਂ ਦੀ ਮਦਦ ਨਾਲ ਸੱਚ ਕਰਕੇ ਦਿਖਾ ਦਿੱਤਾ। ਜਿਉਂ ਜਿਉਂ ਸਮਾਂ ਬੀਤਦਾ ਜਾਂਦਾ ਹੈ, ਸਾਲਾਂ ਦੀ ਗਿਣਤੀ ਵਿੱਚ ਵਾਧਾ ਹੁੰਦਾ ਜਾ ਰਿਹਾ ਹੈ ਤਾਂ ਇਹਨਾਂ ਜੁਲਮਾਂ ਦੀ ਟੀਸ ਹੋਰ ਜ਼ਿਆਦਾ ਇਸ ਕਰਕੇ ਉੱਠਣ ਲੱਗਦੀ ਹੈ ਕਿ 35 ਸਾਲਾਂ ਦੇ ਲੰਮੇ ਅਰਸੇ ਦੇ ਬੀਤ ਜਾਣ ਦੇ ਬਾਵਜੂਦ ਵੀ ਸਿੱਖ ਆਪਣੇ ਅੰਦਰਲੇ ਉਹਨਾਂ ਕੌਮ ਧਰੋਹੀਆਂ ਦਾ ਨਿਖੇੜਾ ਕਰਨ ਵਿੱਚ ਸਫਲ ਨਹੀ ਹੋ ਸਕੇ, ਜਿਹੜੇ ਸ੍ਰੀ ਦਰਬਾਰ ਸਾਹਿਬ ਤੇ ਹੋਏ ਹਮਲੇ ਦੇ ਓਨੇ ਹੀ ਗੁਨਾਹਗਾਰ ਹਨ, ਜਿੰਨ੍ਹਾਂ ਸਿੱਖ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸਰਕਾਰ ਨੂੰ ਸਮਝਦੇ ਹਨ। ਇਸ ਤੋਂ ਵੀ ਵੱਧ ਦੁੱਖ ਅਤੇ ਚਿੰਤਾ ਇਸ ਗੱਲ ਦੀ ਹੈ ਕਿ ਉਹ ਲੋਕ ਹੀ ਸੂਬੇ ਦੇ ਰਾਜਭਾਗ ਦੇ ਵਾਰਸ ਬਣੇ ਰਹੇ ਹਨ, ਜਿੰਨ੍ਹਾਂ ਨੇ ਭਾਰਤੀ ਹਕੂਮਤ ਦਾ ਸਾਥ ਦੇ ਕੇ ਜਿੱਥੇ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕਰਵਾਇਆ,ਓਥੇ ਸਿੱਖ ਜਵਾਨੀ ਦੀ ਨਸਲਕੁਸ਼ੀ ਕਰਨ ਵਿੱਚ ਵੀ ਕੇਂਦਰੀ ਤਾਕਤਾਂ ਦੇ ਮੋਢੇ ਨਾਲ ਮੋਢਾ ਲਾ ਕੇ ਇਹਨਾਂ ਜ਼ੁਲਮਾਂ ਵਿਚ ਬਰਾਬਰ ਦੇ ਭਾਗੀਦਾਰ ਬਣੇ ਹਨ। ਜੂਨ ਦਾ ਇਹ ਦਿਨ ਸਿੱਖ ਕੌਮ ਲਈ ਉਹਨਾਂ ਮਹਾਨ ਸੂਰਬੀਰਾਂ ਦੀਆਂ ਕੁਰਬਾਨੀਆਂ ਨੂੰ ਬੜੇ ਫਖ਼ਰ ਨਾਲ ਸਿਜਦਾ ਕਰਨ ਦਾ ਗੌਰਵਮਈ ਦਿਹਾੜਾ ਹੈ, ਜਿੰਨ੍ਹਾਂ ਨੇ ਆਪਣੀਆਂ ਸ਼ਹਾਦਤਾਂ ਦੇ ਕੇ ਜਿੱਥੇ ਚਮਕੌਰ ਦੀ ਕੱਚੀ ਗੜ੍ਹੀ ਦੇ ਇਤਿਹਾਸ ਨੂੰ ਮੁੜ ਤੋ ਦੁਹਰਾ ਕੇ ਹਿੰਦ ਹਕੂਮਤ ਦੇ ਭਰਮ ਭੁਲੇਖੇ ਦੂਰ ਕਰ ਦਿੱਤੇ ਸਨ, ਉਥੇ ਪੂਰੇ ਸੰਸਾਰ ਪੱਧਰ ਤੇ ਵੀ ਇਹ ਅਹਿਸਾਸ ਕਰਵਾਉਣ ਅਤੇ ਸੁਨੇਹਾ ਪਹੁੰਚਾਉਣ ਵਿੱਚ ਕਾਮਯਾਬ ਹੋਏ ਸਨ ਕਿ ਇੱਕ ਅਕਾਲ ਪੁਰਖ ਦੀ ਰਜ਼ਾ ਵਿੱਚ ਰਹਿਣ ਵਾਲੀ ਬਹਾਦਰ ਸਿੱਖ ਕੌਮ ਨੂੰ ਦੁਨਿਆਵੀ ਹਕੂਮਤਾਂ ਦੇ ਜਬਰ ਜੁਲਮ ਕਦੇ ਵੀ ਗੁਲਾਮ ਬਣਾ ਕੇ ਰੱਖ ਸਕਣ ਦੇ ਸਮਰੱਥ ਨਹੀ ਹੋ ਸਕਦੇ।

# ਕਨੇਕਟਿਕਟ 'ਚ '1984-ਸਾਕੇ' ਦੀ ਯਾਦਗਾਰ 'ਤੇ ਸੰਤ ਭਿੰਡਰਾਂਵਾਲਿਆਂ ਦੀ ਤਸਵੀਰ ਲੱਗੀ

## *ਅਸੀਂ ਯਹੂਦੀਆਂ ਤੋਂ ਵੱਧ ਬਿਨਾਂ ਸਹਾਰੇ ਤੋਂ ਮਨੁੱਖਤਾ ਦੇ ਹਿੱਤ ਵਿਚ ਇਤਿਹਾਸ ਸਿਰਜਿਆ, ਅਮਰੀਕਾ 'ਚ ਸਿੱਖ ਪੰਥ ਦੇ ਉੱਦਮ ਸਦਕਾ ਨਸਲੀ ਹਮਲੇ ਘਟੇ : ਸਵਰਨਜੀਤ ਸਿੰਘ ਖਾਲਸਾ*

**ਕਨੈਕਟੀਕਟ/ਏਟੀ ਨਿਊਜ਼ :**
ਸ਼ਹੀਦ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਇਕ ਵੱਡੀ ਤਸਵੀਰ ਅਮਰੀਕਾ ਦੇ ਕੰਨੇਕਟਿਕਟ ਸੂਬੇ ਵਿਚ ਬਣੀ "1984 ਸਿੱਖ ਕਤਲੇਆਮ" ਦੀ ਪਹਿਲੀ ਯਾਦਗਾਰ 'ਤੇ ਲਗਾਈ ਗਈ। ਕੰਨੇਕਟਿਕਟ ਸੂਬਾ ਸਰਕਾਰ ਨੇ ਸੰਨ 1984 ਵਿਚ ਦਰਬਾਰ ਸਾਹਿਬ 'ਤੇ ਹੋਏ ਹਮਲੇ ਦੀ ਨਿੰਦਾ ਕੀਤੀ ਤੇ ਸਿੱਖ ਸ਼ਹੀਦਾਂ ਨੂੰ ਮੁੱਖ ਰੱਖ ਕੇ ਜੂਨ 1 ਨੂੰ "ਸਿੱਖ ਮੈਮੋਰੀਅਲ ਡੇ" ਵਜੋਂ ਮਾਨਤਾ ਦਿੱਤੀ। ਇਸ ਮੌਕੇ ਗਵਰਨਰ ਵਲੋਂ ਜੂਨ ਦਾ ਮਹੀਨਾ "ਸਿੱਖ ਮੈਮੋਰੀਅਲ ਮੰਥ" ਵਜੋਂ ਐਲਾਨਿਆ ਗਿਆ।

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਅਮਰੀਕਾ ਦੇ ਪ੍ਰਧਾਨ ਨੇ ਦੱਸਿਆ ਕਿ ਕਿ ਅਮਰੀਕਾ ਦੇ ਸੂਬੇ ਕੰਨੇਕਟਿਕਟ ਨੇ ਪਿਛਲੇ ਸਾਲ ਜਿਥੇ ਨਵੰਬਰ 1 ਨੂੰ ਬਿੱਲ ਪਾਸ ਕਰਕੇ ਹਰ ਸਾਲ "ਸਿੱਖ ਜਨੋਸਾਈਡ ਰਿਮੈਂਬਰਨਸ ਡੇ" ਵਜੋਂ ਮਨਾਉਣ ਦਾ ਐਲਾਨ ਕੀਤਾ ਸੀ ਅਤੇ ਇਸੇ ਸਾਲ ਅਪ੍ਰੈਲ 14 ਨੂੰ "ਨੈਸ਼ਨਲ ਸਿੱਖ ਡੇ" ਵਜੋਂ ਮਾਨਤਾ ਦੇਣ ਉਪਰੰਤ ਹੁਣ 1984 ਸਿੱਖ ਕਤਲੇਆਮ ਦੀ ਯਾਦਗਾਰ ਬਣਾ ਕਿ ਵਿਸ਼ਵ ਵਿਚ ਵਸਦੇ ਸਿੱਖਾਂ ਦਾ ਦਿਲ ਜਿੱਤਿਆ ਹੈ। ਜੂਨ 1 ਨੂੰ ਵਿਸ਼ੇਸ ਸਮਾਗਮ ਨੋਰਵਿੱਚ ਦੀ ਸਿਟੀ ਲਾਇਬ੍ਰੇਰੀ (ਓਟਿਸ ਲਾਇਬ੍ਰੇਰੀ) ਵਿਚ ਇਸ ਘੱਲੂਘਾਰੇ ਦਿਵਸ ਬਾਰੇ ਸਮਾਗਮ ਕੀਤਾ ਗਿਆ, ਜਿਥੇ ਨੋਰਵਿੱਚ ਦੇ ਮੇਯਰ ਅਤੇ ਸਟੇਟ ਦੇ ਲੀਡਰਾਂ ਵਲੋਂ ਯਾਦਗਾਰ ਦਾ ਉਦਘਾਟਨ ਕੀਤਾ ਗਿਆ ਅਤੇ ਕੰਨੇਕਟਿਕਟ ਜਰਨਲ ਅਸੈਂਬਲੀ ਵਲੋਂ ਜੂਨ 1ਨੂੰ"ਸਿੱਖ ਮੇਮੋਰਿਯਲ ਡੇ" ਅਤੇ ਜੂਨ ਦੇ ਮਹੀਨੇ ਨੂੰ "ਸਿੱਖ ਮੈਮੋਰੀਅਲ ਮੰਥ" ਵਜੋਂ ਪਾਸ ਕੀਤਾ।

ਇਸ ਯਾਦਗਾਰ ਵਿਚ ਜਿਥੇ 1984 ਦੇ ਦੁਖਾਂਤ ਨੂੰ ਜਿਥੇ ਸਿੱਖ ਨੁਕਤਾ ਨਿਗ੍ਹਾ ਨਾਲ ਕਲਮਬੰਦ ਕੀਤਾ, ਉਥੇ ਅਮਰ ਸ਼ਹੀਦ ਸੰਤ ਭਿੰਡਰਾਂਵਾਲਿਆਂ ਦੀ ਇਕ ਵੱਡੀ ਚਿੱਤਰਕਾਰੀ ਵਾਲੀ ਫੋਟੋ ਲਗਾਈ ਗਈ।



ਕੰਨੇਕਟਿਕਟ ਦੇ ਗਵਰਨਰ ਨੇ ਡਲਾਮੋਂਟ ਵਲੋਂ ਜੂਨ ਦਾ ਮਹੀਨਾ "ਸਿੱਖ ਮੈਮੋਰੀਅਲ ਮੰਥ" ਵਜੋਂ ਐਲਾਨਿਆ ਤੇ ਸਿੱਖਾਂ ਦੀ ਖੁਦਮੁਖਤਿਆਰੀ ਦੀ ਗੱਲ ਵੀ ਕੀਤੀ।

ਇਸ ਮੌਕੇ ਸਵਰਨਜੀਤ ਸਿੰਘ ਖਾਲਸਾ ਪ੍ਰਧਾਨ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਯੂਸਏ ਵਲੋਂ ਸਿੱਖ ਸੰਗਤਾਂ ਦੇ ਸ਼ਾਮਿਲ ਹੋਣ ਲਈ ਧੰਨਵਾਦ ਕੀਤਾ ਅਤੇ ਦੱਸਿਆ ਕਿ ਇਸ ਪ੍ਰੋਜੈਕਟ ਨੂੰ ਪੰਜ ਸਾਲ ਦਾ ਸਮਾਂ ਲੱਗਾ ਅਤੇ ਹੁਣ ਇਹ ਯਾਦਗਾਰ ਦਾ ਕੰਮ ਮੁਕੰਮਲ ਹੈ ਅਤੇ ਵਿਸ਼ਵ ਵਿਚ ਵਸਦੇ ਸਿੱਖਾਂ ਨੂੰ ਆ ਕੇ ਇਸ ਨੂੰ ਵੇਖਣਾ ਚਾਹੀਦਾ।

ਸਵਰਜੀਤ ਸਿੰਘ ਖਾਲਸਾ ਨੇ ਦੱਸਿਆ ਕਿ ਇਹ ਖ਼ੂਨੀ ਸਾਕਾ ਬਹੁਗਿਣਤੀ ਦੀ ਸਿਆਸਤ ਦਾ ਬੋਲਬਾਲਾ ਰੱਖਣ ਦੇ ਲਈ ਰਚਿਆ ਗਿਆ ਤੇ ਸਿੱਖ ਕੌਮ ਦੇ ਕੇਂਦਰ ਦਰਬਾਰ ਸਾਹਿਬ, ਅਕਾਲ ਤਖ਼ਤ ਸਾਹਿਬ ਉੱਤੇ ਕੀਤੇ ਫੌਜੀ ਹਮਲੇ ਵਿਚ ਅਕਾਲ ਤਖ਼ਤ ਸਾਹਿਬ ਜੀ, ਨੂੰ ਤਹਿਤ ਨਹਿਸ ਕੀਤਾ ਗਿਆ ਤੇ ਦਰਬਾਰ ਸਾਹਿਬ ਕੰਪਲੈਕਸ ਵਿੱਚ ਦਰਸ਼ਨ ਕਰਨ ਆਈਆਂ ਸੰਗਤਾਂ ਨੂੰ ਸ਼ਹੀਦ ਤੇ ਜ਼ਲੀਲ ਕੀਤਾ ਗਿਆ।

ਅਜੇ ਤੱਕ ਇਸ ਕਾਂਡ ਦੀ ਮਾਫੀ ਭਾਰਤ ਸਰਕਾਰ ਵਲੋਂ ਨਹੀਂ ਮੰਗੀ ਗਈ। ਇਹ ਹਮਲਾ ਨਸਲਵਾਦੀ ਹਮਲਾ ਸੀ। ਸਾਡਾ ਮਕਸਦ ਅਮਰੀਕਾ ਰਾਹੀਂ ਇਹ ਗੱਲ ਪਸਾਰਨੀ ਹੈ ਕਿ ਸਿੱਖ ਧਰਮ ਮਨੁੱਖਤਾ ਦਾ ਧਰਮ ਹੈ ਤੇ ਇਸ ਦਾ ਮਨੋਰਥ ਸਮੁੱਚੇ ਸੰਸਾਰ ਦਾ ਭਲਾ ਮੰਗਣਾ ਹੈ। ਉਹਨਾਂ ਇਹ ਵੀ ਦੱਸਿਆ ਕਿ ਉਹ ਲਗਾਤਾਰ ਸਿੱਖ ਇਤਿਹਾਸ ਦਾ ਪਸਾਰ ਕਰ ਰਹੇ ਹਨ ਤਾਂ ਜੋ ਸਭ ਦੁਨੀਆਂ ਨੂੰ ਸਿੱਖਾਂ 'ਤੇ ਮਾਣ ਹੋ ਸਕੇ ਕਿ ਉਹਨਾਂ ਨੇ ਯਹੂਦੀਆਂ ਤੋਂ ਵੱਧ ਬਿਨਾਂ ਸਹਾਰੇ ਤੋਂ ਮਨੁੱਖਤਾ ਦੇ ਹਿੱਤ ਵਿਚ ਇਤਿਹਾਸ ਸਿਰਜਿਆ। ਉਹਨਾਂ ਇਹ ਵੀ ਦੱਸਿਆ ਕਿ ਅਮਰੀਕਾ ਦੀ ਮਦਦ ਸਦਕਾ ਜੋ ਅਸੀਂ ਉੱਦਮ ਕੀਤੇ ਹਨ, ਉਸ ਨਾਲ ਸਿੱਖਾਂ 'ਤੇ ਨਸਲੀ ਹਮਲੇ ਘਟੇ ਹਨ।

ਇਸ ਮੌਕੇ ਸਿੱਖ ਵਿਦਵਾਨ ਡਾ. ਅਮਰਜੀਤ ਸਿੰਘ ਵਾਸ਼ਿੰਗਟਨ, ਅਵਤਾਰ ਸਿੰਘ ਪੰਨੂ, ਪਾਵਨ ਸਿੰਘ, ਮਨਮੋਹਨ ਸਿੰਘ, ਮਹਿੰਦਰ ਸਿੰਘ, ਕੰਵਲਜੀਤ ਸਿੰਘ, ਕੁਲਜੀਤ ਸਿੰਘ ਖਾਲਸਾ, ਗੁਰਪ੍ਰੀਤ ਸਿੰਘ, ਜਗਦੀਪ ਸਿੰਘ, ਗੁਰਮੀਤਸਿੰਘ, ਬਖਸ਼ੀਸ਼ ਸਿੰਘ, ਮੰਗਾ ਸਿੰਘ, ਜਸਪਾਲ ਸਿੰਘ ਆਦਿ ਤੋਂ ਇਲਾਵਾ ਪੰਥਕ ਜਥੇਬੰਦੀਆਂ ਦੇ ਆਗੂ ਤੇ ਵੱਖ-ਵੱਖ ਧਰਮਾਂ ਦੇ ਧਾਰਮਿਕ ਲੀਡਰ, ਵਿਦਵਾਨ ਹਾਜ਼ਰ ਸਨ, ਜਿਨ੍ਹਾਂ ਨੇ ਸਿੱਖ ਘੱਲੂਘਾਰੇ 84 ਦੇ ਸੰਤਾਪ ਬਾਰੇ ਸਿੱਖ ਪੰਥ ਨਾਲ ਹਮਦਰਦੀ ਪ੍ਰਗਟਾਈ।

## ਪੰਥਕ ਧਿਰਾਂ ਕੋਲੋਂ ਸਿੱਖ ਸੰਗਤਾਂ ਨੇ ਪਾਸਾ ਵੱਟਿਆ

**ਚੰਡੀਗੜ੍ਹ/ਏਟੀ ਨਿਊਜ਼ :** ਪੰਥਕ ਲੀਡਰ ਲੋਕਾਂ ਦਾ ਸਾਥ ਨਾ ਮਿਲਣ ਤੋਂ ਹੈਰਾਨ ਹਨ। ਸ਼੍ਰੋਮਣੀ ਅਕਾਲੀ ਦਲ (ਬਾਦਲ) ਤੇ ਕਾਂਗਰਸ ਪ੍ਰਤੀ ਰੋਸ ਹੋਣ ਦੇ ਬਾਵਜੂਦ ਸਿੱਖ ਵੋਟਰਾਂ ਨੇ ਪੰਥਕ ਧਿਰਾਂ ਦੇ ਉਮੀਦਵਾਰਾਂ ਨੂੰ ਕੋਈ ਬਹੁਤਾ ਹੁੰਗਾਰਾ ਨਹੀਂ ਦਿੱਤਾ। ਪੰਥਕ ਲੀਡਰਾਂ ਦਾ ਦਰਦ ਬਰਗਾੜੀ ਵਿੱਚ ਕਰਵਾਏ 'ਪਸ਼ਚਾਤਾਪ ਸਮਾਗਮ' ਵਿੱਚ ਵੀ ਵਾਰ-ਵਾਰ ਸਾਹਮਣੇ ਆਇਆ। ਦਰਅਸਲ ਬਰਗਾੜੀ ਮੋਰਚੇ ਨੂੰ ਮਿਲੇ ਹੁੰਗਾਰੇ ਤੋਂ ਬਾਅਦ ਮੰਨਿਆ ਜਾ ਰਿਹਾ ਸੀ ਕਿ ਇਸ ਵਾਰ ਪੰਥਕ ਧਿਰਾਂ ਦੇ ਉਮੀਦਵਾਰ ਤਕੜੀ ਟੱਕਰ ਦੇਣਗੇ ਪਰ ਬਹੁਤੇ ਪੰਥਕ ਲੀਡਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ। ਬਠਿੰਡਾ ਤੇ ਫਿਰੋਜ਼ਪੁਰ ਵਿੱਚ ਪੰਥਕ ਧਿਰਾਂ ਦੇ ਪੂਰੇ ਜ਼ੋਰ ਤੋਂ ਬਾਅਦ ਵੀ ਅਕਾਲੀ ਦਲ (ਬ) ਦੋਵੇਂ ਸੀਟਾਂ ਲੈ ਗਿਆ ਤੇ ਅਕਾਲੀ ਦਲ ਨੇ ਆਪਣਾ ਵੋਟ ਬੈਂਕ ਵੀ ਪਹਿਲਾਂ ਨਾਲੋਂ ਵਧਾ ਲਿਆ ਹੈ। ਇਸ ਬਾਰੇ ਅਕਾਲ ਤਖ਼ਤ ਦੇ ਕਾਰਜਕਾਰੀ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਦਾ ਕਹਿਣਾ ਹੈ ਕਿ ਉਨ੍ਹਾਂ ਭਗਵੰਤ ਮਾਨ, ਸੁਖਪਾਲ ਖਹਿਰਾ, ਬੀਬੀ ਖਾਲੜਾ, ਸਿਮਰਨਜੀਤ ਮਾਨ, ਰਣਜੀਤ ਬ੍ਰਹਮਪੁਰਾ ਤੇ ਬਸਪਾ ਆਗੂ ਰਾਜੂ ਨਾਲ ਮੀਟਿੰਗਾਂ ਕਰਕੇ ਰਵਾਇਤੀ ਪਾਰਟੀਆਂ ਨੂੰ ਸਾਂਝੀ ਟੱਕਰ ਦੇਣ ਦੀਆਂ ਕੋਸ਼ਿਸ਼ਾਂ ਕੀਤੀਆਂ, ਪਰ ਸਫ਼ਲਤਾ ਨਹੀਂ ਮਿਲੀ। ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਸਭ ਕੁਝ ਜਾਣਦੇ ਹੋਏ ਵੀ ਲੋਕ ਸਹੀ ਪਾਸੇ ਨਹੀਂ ਚੱਲ ਰਹੇ। ਉਨ੍ਹਾਂ ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਧੁੰਮਾ, ਲੱਖੋਵਾਲ ਤੇ ਰਾਜੇਵਾਲ ਕਿਸਾਨ ਯੂਨੀਅਨਾਂ 'ਤੇ ਹਕੂਮਤਾਂ ਨਾਲ ਚੱਲਣ ਦਾ ਇਲਜ਼ਾਮ ਵੀ ਲਾਇਆ।

੧ੴ ਸਤਿਗੁਰ ਪ੍ਰਸਾਦਿ ।

ਜਨਮ ਮਰਨ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ।।
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ।।

# ਹਾਲੀਵੁੱਡ ਸਿੱਖ ਗੁਰਦੁਆਰਾ, ਲਾਸ ਏਂਜਲਸ

1966 N Vermont Ave. Los Angles CA-90027 Phone 323-665-7707

## ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 69 ਵੀਂ ਬਰਸੀ



ਸੰਤ ਪ੍ਰੇਮ ਸਿੰਘ ਸੇਵਾ ਸੋਸਾਇਟੀ ਅਤੇ ਹਾਲੀਵੁੱਡ ਸਿੱਖ ਗੁਰਦੁਆਰਾ ਸਾਹਿਬ ਦੀ ਸਾਰੀ ਕਮੇਟੀ ਦੇ ਸਹਿਯੋਗ ਨਾਲ

**ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 69 ਵੀਂ ਬਰਸੀ**

**ਐਤਵਾਰ, ਜੂਨ 16, 2019**

**ਨੂੰ ਮਨਾਈ ਜਾ ਰਹੀ ਹੈ**

ਆਪ ਸਾਰੀਆਂ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜੀ ਦੀ ਬਰਸੀ ਉਤੇ ਹੁੰਮ ਹੁਮਾ ਕੇ ਪੁੱਜੋ ਅਤੇ ਜੀਵਨ ਸਫ਼ਲ ਕਰੋ ਜੀ।

ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਸਿੱਖ ਪੰਥ ਵਿੱਚ ਇੱਕ ਅਦੁੱਤੀ ਸ਼ਖ਼ਸੀਅਤ ਹੋਏ ਹਨ, ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਵਾੜੀ ਨੂੰ ਅੱਗੇ ਵਧਾਇਆ। ਅੱਜ ਸਾਰਾ ਪੰਜਾਬ ਉਹਨਾਂ ਦੀ ਬਖ਼ਸ਼ਿਸ਼ ਸਦਕਾ ਹੀ ਸਾਰੇ ਸੰਸਾਰ ਵਿਚ ਉਜਵਲ ਇਤਿਹਾਸ ਸਿਰਜ ਰਿਹਾ ਹੈ।

### ਉਚੇਚੇ ਤੌਰ 'ਤੇ ਪਹੁੰਚ ਰਹੇ ਕੀਰਤਨੀ ਜਥੇ

ਭਾਈ ਰਵਿੰਦਰ ਸਿੰਘ ਰਸੀਆ ਅਤੇ ਜਥਾ
ਹਜ਼ੂਰੀ ਰਾਗੀ ਜਥਾ ਭਾਈ ਮਨਜੀਤ ਸਿੰਘ
ਭਾਈ ਅਜੀਤ ਸਿੰਘ ਅਤੇ ਜਥੇ ਤੋਂ ਇਲਾਵਾ
ਹੋਰ ਵੀ ਮਹਾਨ ਕੀਰਤਨੀ ਜਥੇ ਪਹੁੰਚ ਰਹੇ ਹਨ।

### ਪ੍ਰੋਗਰਾਮ ਦਾ ਵੇਰਵਾ :

**ਸ਼ੁੱਕਰਵਾਰ ਜੂਨ 14, 2019**
ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ 09:30 ਵਜੇ ਸਵੇਰੇ

**ਐਤਵਾਰ ਜੂਨ 16, 2019**
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ 10:00 ਵਜੇ ਸਵੇਰੇ
ਉਪਰੰਤ ਆਸਾ ਦੀ ਵਾਰ ਜੀ ਦੇ ਕੀਰਤਨ ਅਤੇ
ਕੀਰਤਨ ਦਰਬਾਰ ਸਜਾਏ ਜਾਣਗੇ।
ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਹੋਰ ਜਾਣਕਾਰੀ ਲਈ ਹੇਠ ਲਿਖੇ ਸੇਵਾਦਾਰਾਂ ਨਾਲ ਸੰਪਰਕ ਕਰੋ

ਗੁਰਦੁਆਰਾ ਸਾਹਿਬ ਫ਼ੋਨ ਨੰਬਰ : 323-665-7707, ਅਮਰੀਕ ਸਿੰਘ 818-331-1459, ਸ. ਹਰਭਜਨ ਸਿੰਘ 818-486-6579

### ਸੇਵਾਦਾਰ ਸੰਤ ਬਾਬਾ ਪ੍ਰੇਮ ਸਿੰਘ ਸੇਵਾ ਸੁਸਾਇਟੀ

ਪਾਲ ਸਿੰਘ ਲੁਬਾਣਾ ਬ੍ਰਦਰ, ਸੁਰਜੀਤ ਸਿੰਘ ਬਾਵਾ ਅਤੇ ਬ੍ਰਦਰ, ਸਤਪਾਲ ਗੋਤਰਾ ਅਤੇ ਬ੍ਰਦਰ ਜਗਦੀਪ ਸਿੰਘ, ਸੰਤ ਸਿੰਘ ਅਤੇ ਬ੍ਰਦਰ, ਬਲੀ ਗੋਤਰਾ, ਸੰਤੋਖ ਸਿੰਘ, ਗੁਰਬਚਨ ਸਿੰਘ ਮੁਲਤਾਨੀ, ਬਲਦੇਵ ਸਿੰਘ ਮੁਲਤਾਨੀ, ਨਿਰੰਜਨ ਸਿੰਘ, ਨਿਰਮਲ ਸਿੰਘ, ਫੌਜੀ ਕੁਲਵਿੰਦਰ ਸਿੰਘ ਮੁਲਤਾਨੀ, ਜਸਵਿੰਦਰ ਸਿੰਘ ਮੁਲਤਾਨੀ ਬ੍ਰਦਰ, ਜੋਗਿੰਦਰ ਸਿੰਘ, ਗੁਰਮੁਖ ਸਿੰਘ, ਸੁੱਚਾ ਸਿੰਘ, ਮਸਤਾਨ ਸਿੰਘ, ਤਜਿੰਦਰ ਸਿੰਘ ਖਲੀਲ ਐਂਡ ਬ੍ਰਦਰ, ਨਿਧਾਨ ਸਿੰਘ, ਅਮਰਦੀਪ ਸਿੰਘ ਜੌਨੀ, ਜੋਗਿੰਦਰ ਸਿੰਘ ਬਿੱਲਾ, ਅਜਮੇਰ ਸਿੰਘ, ਲਖਵੀਰ ਸਿੰਘ ਬ੍ਰਦਰ, ਜਗਜੀਤ ਸਿੰਘ ਗੋਤਰਾ, ਜਸਵਿੰਦਰ ਸਿੰਘ ਘੋਤੜਾ,ਬਲਕਾਰ ਸਿੰਘ, ਚਰਨਜੀਤ ਸਿੰਘ ਮੁਲਤਾਨੀ, ਪਰਮਜੀਤ ਸਿੰਘ ਮੁਲਤਾਨੀ ਬ੍ਰਦਰ, ਨਿਰਮਲ ਸਿੰਘ ਪਰਿਵਾਰ, ਰਨਜੀਤ ਸਿੰਘ ਬ੍ਰਦਰ, ਸੁਰਿੰਦਰ ਸਿੰਘ, ਪ੍ਰਕਾਸ਼ ਸਿੰਘ, ਮੇਹਰ ਸਿੰਘ, ਸੇਠੀ, ਅਮਰੀਕ ਸਿੰਘ, ਸੁਰਿੰਦਰ ਕੌਰ, ਜਸਵਿੰਦਰ ਸਿੰਘ, ਰੁਪਿੰਦਰ ਸਿੰਘ, ਅਮਰੀਕ ਸਿੰਘ ਰਸੀਆ, ਬਲਜਿੰਦਰ ਸਿੰਘ ਮੁਲਤਾਨੀ, ਮਨਜੀਤ ਸਿੰਘ ਖਲੀਲ, ਸੁਖਦੇਵ ਸਿੰਘ ਮੁਲਤਾਨੀ, ਗੁਰਮੀਤ ਸਿੰਘ ਮੁਲਤਾਨੀ, ਹਰਭਜਨ ਸਿੰਘ ਮੁਲਤਾਨੀ, ਕੁਲਵਿੰਦਰ ਸਿੰਘ, ਰਵੀ ਸੇਠੀ, ਕਰਪਾਲ ਸਿੰਘ, ਜੰਗਸ਼ੇਰ ਸਿੰਘ, ਕਮਲਜੀਤ ਸਿੰਘ, ਸਤਨਾਮ ਸਿੰਘ, ਜਗਜੀਤ ਸਿੰਘ, ਮਨਜੀਤ ਸਿੰਘ ਬ੍ਰਦਰ, ਗੁਰਦੇਵ ਸਿੰਘ ਅਤੇ ਜਸਵਿੰਦਰ ਸਿੰਘ ਬਿੱਲਾ।

**Hollywood Sikh Temple, 1966 N, Vermont Ave, Los Angeles, CA 90027 (323-665-7707)**

www.hollywoodsikhtemple.com • Follow us on : Facebook

ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਅਤੇ ਜੂਨ 1984 ਦੇ ਸ਼ਹੀਦਾਂ ਦੀ ਮਿੱਠੀ ਯਾਦ ਵਿਚ

# ਨਗਰ ਕੀਰਤਨ

## Remembrance March & Freedom Rally





## ਐਤਵਾਰ 09 ਜੂਨ, 2019 ਨੂੰ ਸੈਨ ਫਰਾਂਸਿਸਕੋ ਵਿਖੇ

## Sunday June 9th, 2019 San Francisco

**11:00 am at 36 2nd Street, San Francisco**
**Followed by Rally At Civic Center Plaza**

ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹਾਦਤ ਅਤੇ ਉਨ੍ਹਾਂ ਵਲੋਂ ਪਾਏ ਪੂਰਨਿਆਂ 'ਤੇ ਚੱਲਦੇ ਹੋਏ ਜੂਨ 1984 ਅਤੇ ਬਾਅਦ ਵਿਚ ਸ਼ਹੀਦ ਹੋਰ ਸਿੰਘ ਸਿੰਘਣੀਆਂ ਦੀ ਯਾਦ ਵਿਚ 09 ਜੂਨ 2019 ਨੂੰ ਸੈਨ ਫਰਾਂਸਿਸਕੋ ਸ਼ਹਿਰ ਵਿਚ ਹਰ ਸਾਲ ਦੀ ਤਰ੍ਹਾਂ ਮਹਾਨ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ।

ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਖ਼ਾਲਸਾ ਰਾਜ ਦੀ ਮੁਕੰਮਲ ਪ੍ਰਾਪਤੀ ਲਈ ਇਸ ਮਾਰਚ 'ਚ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਅਤੇ ਨਵੀਂ ਪੀੜ੍ਹੀ ਨੂੰ ਖ਼ਾਲਸੇ ਦੀਆਂ ਪਰੰਪਰਾਵਾਂ ਤੋਂ ਜਾਣੂ ਕਰਵਾਈਏ।



### ਬੇਨਤੀ ਕਰਤਾ:

- ਗੁਰਦੁਆਰਾ ਸਾਹਿਬ ਫਰੀਮਾਂਟ
- ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲਪੀਟਸ
- ਗੁਰਦੁਆਰਾ ਸਾਹਿਬ ਸਟਾਕਟਨ
- ਗੁਰਦੁਆਰਾ ਸਾਹਿਬ ਐਲ ਸਬਰਾਂਟੇ
- ਗੁਰਦੁਆਰਾ ਸਾਹਿਬ ਸੈਨਹੋਜ਼ੇ
- ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ
- ਗੁਰਦੁਆਰਾ ਸੈਕਰਾਮੈਂਟੋ ਸਿੱਖ ਸੁਸਾਇਟੀ ਬਰੈਡਸ਼ਾਹ
- ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਟਰੇਸੀ
- ਸਿੱਖ ਟੈਂਪਲ ਮੋਡੇਸਟੋ
- ਗੁਰਦੁਆਰਾ ਸਾਹਿਬ ਸੈਲਮਾ
- ਗੁਰਦੁਆਰਾ ਸਿਲੀਕਨ ਵੈਲੀ ਸੈਂਟਾ ਕਲਾਰਾ
- ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਟਰੇਸੀ
- ਸਿੱਖ ਟੈਂਪਲ ਲੋਡਾਈ
- ਗੁਰਦੁਆਰਾ ਦਸ਼ਮੇਸ਼ ਦਰਬਾਰ ਸੈਕਰਾਮੈਂਟੋ
- ਗੁਰਦੁਆਰਾ ਟਾਇਰਾ ਬਿਉਨਾ ਯੂਬਾ ਸਿਟੀ
- ਗੁਰਦੁਆਰਾ ਸਾਹਿਬ ਟਰਲਕ
- ਗੁਰਦੁਆਰਾ ਸਾਹਿਬ ਮਡੇਰਾ
- ਗੁਰਦੁਆਰਾ ਸਾਹਿਬ ਨਾਨਕਸਰ ਚੈਰੀ ਰੋਡ ਫਰਿਜ਼ਨੋ

**ਹੋਰ ਜਾਣਕਾਰੀ ਲਈ ਸੰਪਰਕ ਕਰੋ : 1844 REM 1984**


SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ !
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet
over 100 gallons
open 6am to midnight
Phone: 765-478-6300


Star Alliance BROKERAGE
Indianapolis, Indiana...
ਵਿਚ ਬਣਾਓ ਆਪਣੇ
ਸੁਪਨਿਆਂ ਦਾ ਘਰ
■ ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■ 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
■ ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250

We are located in your neighborhood & provide the following services:

JK BROKERS
EQUAL HOUSING LENDER
CA DRE # 00908122 & NMLS. # 234426

**Real Estate**
Residential
Commercial
Multiple Units
Vacant Land
Businesses

**Mortgage Loans**
Purchase, Refinance,
No Closing Cost
Refinance Loans
(Subject to certain restrictions),
SBA - Commercial



Jagrup Singh Judge
Broker/Notary Public
Cell : (510) 512-6099
jagrupjudge@yahoo.com

**Jagrup Insurance Services**
CA DOI LIC # OG63077
COVERED CALIFORNIA
Health, Life, Auto, Home, Commercial

24000 Watkins St Hayward CA 94544 PH:(510) 733-6093



Kulmit K. Judge
Notary Public
Cell : (510) 589-8430

**JK Notary Services**
Mobile Services available, certain restrictions apply
*We are not attorneys & cannot provide legal services*

**JK Docprep Services**
Immigration Consultant (insured & Bonded)
- VISA, OCI (OVERSEES CITIZEN OF INDIA)
- RENUNCIATION, PASSPORT & MISC. SERVICES,
- AFFIDAVITS
- POWER OF ATTORNEYS (INDIA)
- TRANSLATIONS- PUNJABI TO ENGLISH
- NAME CHANGE, PAN CARD 8. MUCH MORE

**TOTAL TRANSPORTATION SOLUTIONS**
DMV Services / IFTA / IRP / Permits / DOT / Compliance

STILL WAITING IN LINE AT THE DMV ??
ਹੁਣ ਤੁਹਾਨੂੰ ਟਰੱਕਾਂ ਅਤੇ ਕਾਰਾਂ ਦੀਆਂ DMV ਸੇਵਾਵਾਂ ਲਈ ਲਾਈਨਾਂ ਵਿੱਚ ਖੜ੍ਹਨ ਦੀ ਲੋੜ ਨਹੀਂ।

- New Trucking Company Setup
- Corporation, LLC & DBA Filling
- IRP License Plates
- MC (ICC) Authority
- US DOT Number
- All Truck Permits
- IFTA Fuel Tax Returns
- UCR Permits, BOC-3 Filling
- CA#, MCP, EPN Enrollment
- Highway Use Tax (2290)
- ARB Registration

ਬੇ ਏਰੀਏ ਵਿੱਚ DMV ਸੇਵਾਵਾਂ

- Registration Renewal
- Replacement Sticker
- Title Transfer
- Duplicate Title
- Moving Permits
- Vin Verification
- Vin Inquiry
- Out of State Transfer



DMV Lic # 73533
Ph. 510 400 7300
Fax 510 601 6200
Email : TMSinc123@gmail.com
24010 Watkins St. Hayward CA 94544

**Royal Castle Banquet Hall**

FOR ALL TYPES OF FUNCTIONS & EVENTS



**Facilities**
- Wedding Reception
- Birthday Parties
- Naming Ceremony
- Business Meetings
- Graduation Parties
- And More







5560 Palm Ave Sacramento CA 95841
Phone : 209-918-9700 , www.royalcastlebanquethall.com
follow us on Facebook and Instagram #royalcastlebanquethall

Sandhu Herbals™

# ਸੰਧੂ ਹਰਬਲਜ਼ = ਤੰਦਰੁਸਤ ਸਿਹਤ

VEGETARIAN

Buy Sugar Destroyer Tea Get Karela Capsules Free

## SanGluco®




### ਸ਼ੂਗਰ ਲਈ

- ਅਮਰੀਕਾ ਵਿਚ ਵਿਗਿਆਨਕ ਤਰੀਕੇ ਨਾਲ ਪਰਖ ਕੇ ਕੁਦਰਤੀ ਆਯੁਰਵੈਦਿਕ ਜੜ੍ਹੀਆਂ ਬੂਟੀਆਂ ਨਾਲ ਤਿਆਰ ਕੀਤੀ ਗਈ ਹਰਬਲ ਚਾਹ
- 1 ਮਹੀਨੇ ਦੀ ਖੁਰਾਕ ਨਾਲ ਕਰੇਲੇ ਦੇ ਕੈਪਸੂਲ ਫਰੀ

- Supports blood sugar levels already within optimal range*
- Promotes healthy weight management*
- Bitter Melon also known as karela, it helps regulate normal glucose tolerance*

**Price : $ 30**

## SanPhala®

Soft • Gentle • Clean




### ਕਬਜ਼ ਅਤੇ ਪੇਟ ਸਾਫ਼ ਲਈ

- ਸਾਫ਼ ਪੇਟ ਵਧੀਆ ਸਿਹਤ, ਤਰਿਫਲਾ, ਇਸਬਗੋਲ ਅਤੇ ਹੋਰ ਕੁਦਰਤੀ ਹਰਬਲ ਦੇ ਨਾਲ ਨੁਕਸਾਨ ਰਹਿਤ ਅਮਰੀਕਾ ਵਿਚ ਤਿਆਰ ਕੀਤਾ ਗਿਆ ਨੁਸਖਾ

- Helps relieve occasional constipation*
- Provides a gentle colon cleanse and detox action. *
- Supports colon health, regulates intestines to remove stagnant waste.

**Buy now : $ 14.99**

FREE SHIPPING

## SanLipid®

Living Science




### ਕਲੈਸਟਰੋਲ ਲਈ

- ਨੁਕਸਾਨ ਰਹਿਤ ਵਧੀਆ ਕਲੈਸਟਰੋਲ ਅਤੇ ਤਾਕਤਵਰ ਦਿਲ ਲਈ ਕੁਦਰਤੀ ਫਾਰਮੂਲਾ

- Helps maintain cholesterol levels already within normal range*
- Supports heart health.*

**Buy now : $ 19.99**

## SanAshwa®

MINDFUL LIFE SCIENCE




### ਤਣਾਅ, ਚਿੰਤਾ ਅਤੇ ਤਾਕਤ ਲਈ

- ਅਰੋਗ ਤਨ ਤੇ ਸ਼ਾਂਤ ਮਨ ਤੁਹਾਡੀ ਚੰਗੀ ਸਿਹਤ ਅਤੇ ਖੁਸ਼ੀ ਲਈ ਸੁਰੱਖਿਅਤ ਅਤੇ ਪ੍ਰਭਾਵੀ ਰੋਜ਼ਾਨਾ ਖੁਰਾਕ ਪੂਰਕ ਵਿਗਿਆਨਕ ਤਰੀਕੇ ਨਾਲ ਪਰਖਿਆ ਫਾਰਮੂਲਾ

- SanAshwa® is a cutting-edge scientific formula rooted in the ancient wisdom of herbs to help you live a happier, healthier life*.
- Designed by pharmacists and herbal experts, SanAshwa® has undergone rigorous scientific testing to ensure it is safe and effective.*

**Price : $ 49.99**

# SANDHU HERBALS

## Livermore, CA 94551 U.S.A.

**ਵਧੇਰੇ ਜਾਣਕਾਰੀ ਲਈ ਕਾਲ ਕਰੋ : 1-800-570-8849**

www.sandhuherbals,com | Toll Free : 1 800 570 8849 | MON-SAT 9 AM TO 6 PM

# ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਨੂੰ ਸ਼ਾਇਰਾਨਾ ਸਿਜਦਾ

## ਪੰਜਾਬੀ ਕਲਚਰਲ ਸੈਂਟਰ ਯੂਐੱਸਏ. ਵਲੋਂ ਕਰਵਾਏ ਸ਼ਹੀਦੀ ਕਵੀ ਦਰਬਾਰ ਨੂੰ ਸ਼ਾਇਰਾਂ ਤੇ ਸਰੋਤਿਆਂ ਦਾ ਭਰਵਾਂ ਹੁੰਗਾਰਾ







**ਫਰਿਜ਼ਨੋ/ਏਟੀ ਨਿਊਜ਼ :**
ਪੰਜਾਬੀ ਕਲਚਰਲ ਸੈਂਟਰ ਯੂਐੱਸਏ. ਵਲੋਂ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਯਾਦ ਨੂੰ ਸਮਰਪਿਤ ਸ਼ਹੀਦੀ ਕਵੀ ਦਰਬਾਰ 'ਚ ਸ਼ਾਇਰੀ ਅਤੇ ਗਾਇਕੀ ਰਾਹੀਂ ਪੰਚਮ ਪਾਤਸ਼ਾਹ ਨੂੰ ਸਾਹਿਤਕ ਤੇ ਸੰਗੀਤਕ ਸਿਜਦਾ ਕੀਤਾ ਗਿਆ। ਪੰਜਾਬੀ ਰੇਡੀਓ ਯੂਐੱਸਏ. ਦੇ ਫਰਿਜ਼ਨੋ ਸਟੂਡੀਓ ਕੰਪਲੈਕਸ ਸਥਿਤ ਪੰਜਾਬੀ ਕਲਚਰਲ ਸੈਂਟਰ (Punjabi Cultural Center USA 2125 N Barton Ave, FRESNO, CA) ਦੇ ਮੁੱਖ ਹਾਲ ਵਿਖੇ ਪਹਿਲੀ ਜੂਨ-2019, ਸ਼ਨਿਚਰਵਾਰ ਨੂੰ ਕਰਵਾਏ ਇਸ ਪਲੇਠੇ ਕਵੀ ਦਰਬਾਰ 'ਚ ਗੁਰੂ ਜੀ ਪ੍ਰਤੀ ਅਥਾਹ ਸ਼ਰਧਾ ਤੇ ਸਤਿਕਾਰ ਡੁੱਲ੍ਹ-ਡੁੱਲ੍ਹ ਪੈਂਦਾ ਸੀ। ਬੇਏਰੀਆ, ਸੈਕਰਾਮੈਂਟੋ-ਯੂਬਾ ਸਿਟੀ ਤੋਂ ਇਲਾਵਾ ਫਰਿਜ਼ਨੋ ਅਤੇ ਆਸ ਪਾਸ ਦੇ ਕਵੀਆਂ ਦੀ ਸ਼ਮੂਲੀਅਤ ਵਾਲੇ ਇਸ ਪ੍ਰੋਗਰਾਮ ਦੀ ਕਾਰਵਾਈ ਸ਼ੁਰੂ ਕਰਦਿਆਂ ਪੰਜਾਬੀ ਰੇਡੀਓ ਯੂਐੱਸਏ. ਦੇ ਹੋਸਟ ਰਾਜਕਰਨਬੀਰ ਸਿੰਘ ਨੇ ਸ਼ਾਇਰਾਂ ਤੇ ਸਰੋਤਿਆਂ ਨੂੰ ਜੀ ਆਇਆਂ ਕਿਹਾ। ਪੰਜਾਬੀ ਕਲਚਰਲ ਸੈਂਟਰ ਦੇ ਕੋਆਰਡੀਨੇਟਰ ਦਲਜੀਤ ਸਿੰਘ ਸਰਾ ਨੇ ਸੈਂਟਰ ਦੀ ਸਥਾਪਨਾ ਦੇ ਮੰਤਵ ਅਤੇ ਭਵਿੱਖੀ ਯੋਜਨਾਵਾਂ ਸਬੰਧੀ ਵਿਚਾਰ ਸਾਂਝੇ ਕੀਤੇ। ਉੱਘੇ ਰੇਡੀਓ ਹੋਸਟ ਤੇ ਸ਼ਾਇਰ ਹਰਜਿੰਦਰ ਕੰਗ ਨੇ ਕਵੀ ਦਰਬਾਰ ਦੀ ਬਕਾਇਦਾ ਸ਼ੁਰੂਆਤ ਕਰਦਿਆਂ ਪੰਜਾਬੀ ਰੇਡੀਓ ਯੂਐੱਸਏ.ਪਰਿਵਾਰ ਦੀ ਮੈਂਬਰ ਗਾਇਕਾ ਜੋਤ ਰਣਜੀਤ ਨੂੰ ਆਪਣੀ ਰਚਨਾ ਪੇਸ਼ ਕਰਨ ਲਈ ਸੱਦਿਆ। ਜੋਤ ਨੇ ਅਪਣੀ ਦਮਦਾਰ ਆਵਾਜ਼ ਅਤੇ ਨਵੀਂ ਰਚਨਾ ਦੇ ਸ਼ਬਦਾਂ "ਤਵੀਆਂ 'ਤੇ ਬਹਿ ਕੇ ਪਾਤਸ਼ਾਹ, ਤਖ਼ਤਾਂ ਨੂੰ ਭੁੰਝੇ ਲਾਹ ਗਏ, ਪਾ ਝੋਲੀ ਸਾਡੇਸੁਖਮਨੀ, ਤੇਗਾਂ ਦਾ ਰਾਹ ਦਿਖਲਾ ਗਏ" ਰਾਹੀਂ ਮਾਹੌਲ ਨੂੰ ਸੁਰੀਲੇ ਰੰਗ 'ਚ ਰੰਗਿਆ। ਦੁਪਹਿਰ 12:00 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਤੱਕ ਚੱਲੇ ਇਸ ਕਵੀ ਦਰਬਾਰ 'ਚ ਹਰ ਕਵੀ ਨੇ ਗੁਰੂ ਜੀ ਦੀ ਮਹਾਨ ਦੇਣ ਸਬੰਧੀ ਸਰੋਤਿਆਂ ਨਾਲ ਅਪਣੇ ਜਜ਼ਬਾਤ ਸਾਝੇ ਕੀਤੇ। ਰਚਨਾਵਾਂ ਸੁਣਾਉਣ ਵਾਲੇ ਕਵੀਆਂ ਵਿੱਚ ਇੰਦਰਜੀਤ ਗਰੇਵਾਲ, ਲਾਜ ਨੀਲਮ ਸੈਣੀ, ਦਿਲ ਨਿੱਜਰ, ਪਿਸ਼ੌਰਾ ਸਿੰਘ ਢਿਲੋਂ, ਸਾਧੂ ਸਿੰਘ ਸੰਘਾ, ਗੋਗੀ ਸੰਧੂ, ਅਸ਼ਰਫ਼ ਗਿੱਲ, ਲਛਮਣ ਸਿੰਘ ਰਾਠੌਰ, ਸੰਤੋਖ ਮਿਨਹਾਸ, ਪਵਿੱਤਰ ਕੌਰ ਮਾਟੀ, ਗੁਰਦੀਪ ਸਿੰਘ ਨਿੱਝਰ, ਕੁੰਦਨ ਸਿੰਘ ਧਾਮੀ, ਗੁਰਸ਼ਰਨ ਸਿੰਘ, ਪਰਮਿੰਦਰ ਸਿੰਘ ਰਾਏ, ਅਵਤਾਰ ਸਿੰਘ ਹੀਰਾ, ਮਨਰੀਤ ਗਰੇਵਾਲ ਸਿੱਧੂ ਅਤੇ ਅਮਰੀਕ ਸਿੰਘ ਬਸਰਾ ਸ਼ਾਮਲ ਸਨ। ਬੇਏਰੀਆ ਤੋਂ ਗਜ਼ਲਗੋ ਕੁਲਵਿੰਦਰ ਅਤੇ ਉਨ੍ਹਾਂ ਦੀ ਜੀਵਨ ਸਾਥਣ ਮਨਜੀਤ ਪਲਾਹੀ ਉੱਚੇਚਾ ਪੁੱਜੇ। ਉੱਘੇ ਵਿਦਵਾਨ ਅਤੇ ਸ਼ਾਇਰ ਗੁਰੂਮੇਲ ਸਿੱਧੂ ਨੇ ਗੁਰੂ ਜੀ ਦੀ ਸ਼ਹਾਦਤ ਦੀ ਇਤਿਹਾਸਕ ਮਹੱਤਤਾ ਸਬੰਧੀ ਬੜੇ ਭਾਵਪੂਰਤ ਢੰਗ ਨਾਲ ਜਾਣੂੰ ਕਰਵਾਇਆ। ਉਨ੍ਹਾਂ ਦੀਆਂ ਸੱਜਰੀਆਂ ਕਾਵਿ ਰਚਨਾਵਾਂ ਦੇ ਦਾਰਸ਼ਨਿਕ ਬੋਲਾਂ;

"ਸਿਰਲੱਥਾਂ ਦੇ ਸਿਰਾਂ 'ਤੇ ਕਲਗੀ, ਮੁਕਟ, ਸੁਰਖ਼ਾਬ ਨਹੀਂ ਹੁੰਦੇ,
ਉਨ੍ਹਾਂ ਦੇ ਮਨਾਂ 'ਚ ਸਵਾਲਾਂ ਦੇ ਹੱਲ ਹੁੰਦੇ ਨੇ, ਜਵਾਬ ਨਹੀਂ ਹੁੰਦੇ।
ਕਈ ਤਾਜ਼ਦਾਰ, ਸ਼ਹਿਨਸ਼ਾਹ, ਬਾਦਸ਼ਾਹ ਆਏ ਤੇ ਤੁਰ ਗਏ,
ਪਾਤਸ਼ਾਹਾਂ ਦੀ ਤਾਂ ਇਬਾਦਤ ਹੁੰਦੀ ਹੈ, ਹਿਸਾਬ ਨਹੀਂ ਹੁੰਦੇ।
ਜਿਨ੍ਹਾਂ ਦੇ ਹੇਠ ਤੱਤੀ ਤਵੀ ਅਤੇ ਸਿਰਾਂ 'ਤੇ ਤਪਦੀ ਰੇਤ ਹੋਵੇ,
ਉਨ੍ਹਾਂ ਦੀ ਸ਼ਹਾਦਤ ਦੀ ਇਹ ਤਾਬੀਰ ਹੁੰਦੀ ਏ, ਖ਼ੁਆਬ ਨਹੀਂ ਹੁੰਦੇ।" ਨਾਲ ਕਵੀ ਦਰਬਾਰ ਦੀ ਸਮਾਪਤੀ ਹੋਈ।

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ/ਯੂਬਾ ਸਿਟੀ, ਇੰਡੋ ਅਮੈਰੀਕਨ ਫੋਰਮ, ਇੰਡੋ ਯੂਐੱਸ. ਹੈਰੀਟੇਜ ਫੋਰਮ ਦੇ ਸਹਿਯੋਗ ਅਤੇ ਪੰਜਾਬੀ ਰੇਡੀਓ ਯੂਐੱਸਏ. ਦੀ ਸਮੁੱਚੀ ਟੀਮ ਦੇ ਅਣਥੱਕ ਯਤਨਾਂ ਸਦਕਾ ਸਜੇ ਕਵੀ ਦਰਬਾਰ ਦੌਰਾਨ ਸੁਰਿੰਦਰ ਕੌਰ ਸਿਆਟਲ ਦੀ ਕਿਤਾਬ "ਸੂਰਜ ਡੁੱਬਣ ਦਾ ਆਇਆ ਵੇਲਾ" ਅਤੇ ਮਨਰੀਤ ਗਰੇਵਾਲ ਸਿੱਧੂ ਦੀ ਕਿਤਾਬ "ਮਿੱਟੀ ਦੇ ਰੰਗ" ਲੋਕ ਅਰਪਣ ਕੀਤੀਆਂ ਗਈਆਂ। ਪੰਜਾਬੀ ਭਾਈਚਾਰੇ ਦੀਆਂ ਨਾਮਵਰ ਸ਼ਖਸ਼ੀਅਤਾਂ ਚਰਨਜੀਤ ਸਿੰਘ ਬਾਠ, ਨਾਜ਼ਰ ਸਿੰਘ ਸਹੋਤਾ, ਰਾਣਾ ਗਿੱਲ, ਕੁਲਵਿੰਦਰ ਬਾਠ ਤੇ ਹੋਰਨਾਂ ਨੇ ਪੂਰਾ ਸਮਾਂ ਕਵੀ ਦਰਬਾਰ 'ਚ ਸ਼ਮੂਲੀਅਤ ਕਰਦਿਆਂ ਪ੍ਰਬੰਧਕਾਂ ਦੇ ਉੱਦਮ ਦੀ ਦਾਦ ਦਿੱਤੀ। ਇਸ ਮੌਕੇ ਸਰੋਤਿਆਂ ਦੀ ਭਰਵੀਂ ਸ਼ਮੂਲੀਅਤ ਸਿੱਖ ਇਤਿਹਾਸ ਦੇ ਸ਼ਹੀਦਾਂ ਦੀ ਸੂਰਬੀਰਤਾ ਪ੍ਰਤੀ ਕੌਮ ਦੀ ਪ੍ਰਤੀਬੱਧਤਾ ਦੀ ਗਵਾਹੀ ਭਰਦੀ ਸੀ।

ਅਖ਼ੀਰ ਵਿੱਚ ਸਭਨਾਂ ਲਈ ਗੁਰੂ ਕਾ ਲੰਗਰ ਅਤੁੱਟ ਵਰਤਿਆ।








Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# ਕੀ 2019 ਦੀਆਂ ਚੋਣਾਂ ਵਿਚ ਮੈਂ ਵੀ ਹਾਰ ਗਿਆ ਹਾਂ ?



**ਰਵੀਸ਼ ਕੁਮਾਰ**

23 ਮਈ 2019 ਦੇ ਦਿਨ ਜਦੋਂ ਨਤੀਜੇ ਆ ਰਹੇ ਸਨ, ਮੇਰੇ ਵਟਸਐਪ 'ਤੇ ਤਿੰਨ ਤਰ੍ਹਾਂ ਦੇ ਮੈਸੇਜ਼ ਆ ਰਹੇ ਸਨ। ਪਹਿਲਾਂ ਦੋ ਤਰ੍ਹਾਂ ਦੇ ਮੈਸੇਜ਼ਜ਼ ਦੀ ਗੱਲ ਕਰਾਂਗਾ ਅਤੇ ਆਖ਼ਰ ਵਿਚ



ਤੀਸਰੇ ਤਰ੍ਹਾਂ ਦੇ ਮੈਸੇਜ਼ਜ਼ ਦੀ। ਬਹੁਤ ਸਾਰੇ ਮੈਸੇਜ਼ ਅਜਿਹੇ ਸਨ ਕਿ ਅੱਜ ਦੇਖਦੇ ਹਾਂ ਕਿ ਰਵੀਸ਼ ਕੁਮਾਰ ਦੀ ਸੁੱਜੀ ਹੈ ਜਾਂ ਨਹੀਂ। ਉਸ ਦਾ ਚਿਹਰਾ ਮੁਰਝਾਇਆ ਹੈ ਜਾਂ ਨਹੀਂ। ਇਕ ਨੇ ਲਿਖਿਆ ਕਿ ਉਹ ਰਵੀਸ਼ ਕੁਮਾਰ ਨੂੰ ਜ਼ਲੀਲ ਹੁੰਦੇ ਦੇਖਣਾ ਚਾਹੁੰਦਾ ਹੈ। ਡੁੱਬ ਕੇ ਮਰ ਜਾਣਾ ਦੇਖਣਾ ਚਾਹੁੰਦਾ ਹੈ। ਪੰਕਚਰ ਲਾਉਂਦੇ ਹੋਏ ਦੇਖਣਾ ਚਾਹੁੰਦਾ ਹੈ। ਕਿਸੇ ਨੇ ਪੁੱਛਿਆ ਕਿ ਬਰਨੋਲ ਦੀ ਟਿਊਬ ਹੈ ਜਾਂ ਭਿਜਵਾ ਦਈਏ। ਕਿਸੇ ਨੇ ਭੇਜਿਆ ਕਿ ਆਪਣੀ ਸ਼ਕਲ ਦੀ ਤਸਵੀਰ ਭੇਜ ਦਿਓ ਜ਼ਰਾ ਅਸੀਂ ਦੇਖਣਾ ਚਾਹੁੰਦੇ ਹਾਂ। ਮੈਂ ਸਾਰਿਆਂ ਨੂੰ ਜਿੱਤ ਦੀਆਂ ਸ਼ੁੱਭ ਕਾਮਨਾਵਾਂ ਦਿੱਤੀਆਂ। ਬਲਕਿ ਲਾਈਵ ਕਵਰੇਜ ਦੌਰਾਨ ਇਸ ਤਰ੍ਹਾਂ ਦੇ ਮੈਸੇਜ਼ਜ਼ ਦਾ ਜ਼ਿਕਰ ਕੀਤਾ ਅਤੇ ਖ਼ੁਦ 'ਤੇ ਹੱਸਿਆ। ਦੂਸਰੇ ਤਰ੍ਹਾਂ ਦੇ ਮੈਸੇਜ਼ਜ਼ ਵਿਚ ਇਹ ਲਿਖਿਆ ਸੀ ਕਿ ਅੱਜ ਤੋਂ ਤੁਸੀਂ ਨੌਕਰੀ ਦੀ ਸਮੱਸਿਆ, ਕਿਸਾਨਾਂ ਦਾ ਦਰਦ ਅਤੇ ਪਾਣੀ ਦੀ ਤਕਲੀਫ਼ ਦਿਖਾਉਣਾ ਬੰਦ ਕਰ ਦਿਓ। ਇਹ ਜਨਤਾ ਇਸੇ ਲਾਇਕ ਹੈ। ਬੋਲਣਾ ਬੰਦ ਕਰ ਦਿਓ। ਕੀ ਤੁਹਾਨੂੰ ਨਹੀਂ ਲਗਦਾ ਹੈ ਕਿ ਤੁਸੀਂ ਵੀ ਰਿਜੈਕਟ ਹੋ ਗਏ ਹੋ। ਤੁਹਾਨੂੰ ਵਿਚਾਰਨਾ ਚਾਹੀਦਾ ਹੈ ਕਿ ਕਿਉਂ ਤੁਹਾਡੀ ਪੱਤਰਕਾਰੀ ਮੋਦੀ ਨੂੰ ਨਹੀਂ ਹਰਾ ਸਕੀ। ਮੈਂ ਮੁਗ਼ਾਲਤਾ (ਭਰਮ) ਨਹੀਂ ਪਾਲਦਾ। ਇਸ 'ਤੇ ਵੀ ਲਿਖ ਚੁੱਕਾ ਹਾਂ ਕਿ ਬਕਰੀ ਪਾਲ਼ ਲਓ ਪਰ ਮੁਗ਼ਾਲਤਾ ਨਾ ਪਾਲ਼ੋ। 2019 ਦਾ ਲੋਕਮਤ ਮੇਰੇ ਖ਼ਿਲਾਫ਼ ਕਿਵੇਂ ਆ ਗਿਆ ? ਮੈਂ ਜੋ ਪੰਜ ਸਾਲ ਵਿਚ ਲਿਖਿਆ-ਬੋਲਿਆ ਹੈ ਕੀ ਉਹ ਵੀ ਦਾਅ 'ਤੇ ਲੱਗਾ ਸੀ ? ਜਿਨ੍ਹਾਂ ਲੱਖਾਂ ਲੋਕਾਂ ਦੀ ਪੀੜ ਅਸੀਂ ਦਿਖਾਈ ਕੀ ਉਹ ਗ਼ਲਤ ਸੀ ? ਮੈਨੂੰ ਪਤਾ ਸੀ ਕਿ ਨੌਜਵਾਨ, ਕਿਸਾਨ ਅਤੇ ਬੈਂਕਾਂ ਵਿਚ ਗ਼ੁਲਾਮ ਵਾਂਗ ਕੰਮ ਕਰਨ ਵਾਲੇ ਲੋਕ ਭਾਜਪਾ ਦੇ ਸਮਰਥਕ ਹਨ। ਉਨ੍ਹਾਂ ਨੇ ਵੀ ਮੈਨੂੰ ਕਦੇ ਝੂਠ ਨਹੀਂ ਬੋਲਿਆ। ਸਾਰਿਆਂ ਨੇ ਪਹਿਲਾਂ ਜਾਂ ਬਾਅਦ ਵਿਚ ਇਹ ਕਿਹਾ ਕਿ ਉਹ ਨਰਿੰਦਰ ਮੋਦੀ ਦੇ ਸਮਰਥਕ ਹਨ। ਮੈਂ ਇਸ ਆਧਾਰ 'ਤੇ ਉਨ੍ਹਾਂ ਦੀ ਸਮੱਸਿਆ ਨੂੰ ਖਾਰਜ ਨਹੀਂ ਕੀਤਾ ਕਿ ਉਹ ਨਰਿੰਦਰ ਮੋਦੀ ਦੇ ਸਮਰਥਕ ਹਨ। ਬਲਕਿ ਉਨ੍ਹਾਂ ਦੀ ਸਮੱਸਿਆ ਅਸਲੀ ਸੀ, ਇਸ ਲਈ ਦਿਖਾਈ। ਅੱਜ ਇਕ ਸੰਸਦ ਮੈਂਬਰ ਨਹੀਂ ਕਹਿ ਸਕਦਾ ਕਿ ਉਸ ਨੇ ਪੰਜ ਹਜ਼ਾਰ ਤੋਂ ਵੱਧ ਲੋਕਾਂ ਨੂੰ ਨਿਯੁਕਤੀ ਪੱਤਰ ਦਿਵਾਇਆ ਹੈ। ਮੇਰੀ ਨੌਕਰੀ ਸੀਰੀਜ਼ ਕਾਰਨ ਦਿੱਲੀ ਤੋਂ ਲੈ ਕੇ ਬਿਹਾਰ ਤਕ ਵਿਚ ਲੋਕਾਂ ਨੂੰ ਨਿਯੁਕਤੀ ਪੱਤਰ ਮਿਲਿਆ ਹੈ। ਕਈ ਪਰੀਖਿਆਵਾਂ ਦੇ ਰਿਜ਼ਲਟ ਨਿਕਲੇ। ਉਨ੍ਹਾਂ ਵਿਚੋਂ ਬਹੁਤਿਆਂ ਨਿਯੁਕਤੀ ਪੱਤਰ ਮਿਲਣ 'ਤੇ ਮੁਆਫ਼ੀ ਮੰਗੀ ਕਿ ਉਹ ਮੈਨੂੰ ਗਾਲ੍ਹਾਂ ਕੱਢਦੇ ਸਨ। ਮੇਰੇ ਕੋਲ ਸੈਂਕੜੇ ਪੱਤਰ ਅਤੇ ਮੈਸੇਜ਼ਜ਼ ਦੇ ਸਕਰੀਨ ਸ਼ਾਰਟ ਪਏ ਹਨ, ਜਿਨ੍ਹਾਂ ਵਿਚ ਲੋਕਾਂ ਨੇ ਨਿਯੁਕਤੀ ਪੱਤਰ ਮਿਲਣ ਮਗਰੋਂ ਗਾਲ੍ਹਾਂ ਦੇਣ ਲਈ ਮੁਆਫ਼ੀ ਮੰਗੀ ਹੈ। ਇਨ੍ਹਾਂ ਵਿਚੋਂ ਇਕ ਵੀ ਇਹ ਪ੍ਰਮਾਣ ਨਹੀਂ ਦੇ ਸਕਦਾ ਕਿ ਮੈਂ ਕਦੇ ਕਿਹਾ ਹੋਵੇ ਕਿ ਨਰਿੰਦਰ ਮੋਦੀ ਨੂੰ ਵੋਟ ਨਹੀਂ ਦੇਣੀ। ਇਹ ਜ਼ਰੂਰ ਕਿਹਾ ਕਿ ਵੋਟ ਆਪਣੇ ਮਨ ਨਾਲ ਦਿਓ, ਵੋਟ ਦੇਣ ਮਗਰੋਂ ਨਾਗਰਿਕ ਬਣ ਜਾਣਾ।

ਪੰਜਾਹ ਹਜ਼ਾਰ ਤੋਂ ਵੱਧ ਨਿਯੁਕਤੀ ਪੱਤਰ ਦੀ ਕਾਮਯਾਬੀ ਉਹ ਕਾਮਯਾਬੀ ਹੈ ਜੋ ਮੈਂ ਮੋਦੀ ਸਮਰਥਕਾਂ ਵਲੋਂ ਜ਼ਲੀਲ ਕੀਤੇ ਜਾਣ ਦੇ ਪਲ ਵਿਚ ਵੀ ਛਾਤੀ 'ਤੇ ਬੈਜ ਵਾਂਗ ਲਗਾ ਕੇ ਰੱਖਾਂਗਾ। ਕਿਉਂਕਿ ਉਹ ਮੈਨੂੰ ਨਹੀਂ, ਉਨ੍ਹਾਂ ਮੋਦੀ ਸਮਰਥਕਾਂ ਨੂੰ ਹੀ ਜ਼ਲੀਲ ਕਰਨਗੇ, ਜਿਨ੍ਹਾਂ ਨੇ ਮੈਨੂੰ ਆਪਣੀ ਸਮੱਸਿਆ ਲਈ ਸੰਪਰਕ ਕੀਤਾ ਸੀ। ਨੌਕਰੀ ਸੀਰੀਜ਼ ਦਾ ਹੀ ਦਬਾਅ ਸੀ ਕਿ ਨਰਿੰਦਰ ਮੋਦੀ ਵਰਗੀ ਪ੍ਰਚੰਡ ਬਹੁਮਤ ਵਾਲੀ ਸਰਕਾਰ ਨੂੰ ਰੇਲਵੇ ਵਿਚ ਲੱਖਾਂ ਨੌਕਰੀਆਂ ਕੱਢਣੀਆਂ ਪਈਆਂ। ਇਸ ਨੂੰ ਮੁੱਦਾ ਬਣਵਾ ਦਿੱਤਾ। ਵਰਨਾ ਤੁਸੀਂ ਦੇਖ ਲਓ ਕਿ ਪੂਰੇ ਪੰਜ ਸਾਲਾਂ ਵਿਚ ਰੇਲਵੇ ਵਿਚ ਕਿੰਨੀਆਂ ਨੌਕਰੀਆਂ ਆਈਆਂ ਤੇ ਆਖ਼ਰੀ ਸਾਲ ਵਿਚ ਕਿੰਨੀਆਂ ਨੌਕਰੀਆਂ ਆਈਆਂ। ਕੀ ਇਸ ਦੀ ਮੰਗ ਗੋਦੀ ਮੀਡੀਆ ਕਰ ਰਿਹਾ ਸੀ ਜਾਂ ਰਵੀਸ਼ ਕੁਮਾਰ ਕਰ ਰਿਹਾ ਸੀ ? ਪ੍ਰਾਈਮ ਟਾਈਮ ਵਿਚ ਮੈਂ ਦਿਖਾਇਆ, ਕੀ ਰੇਲ ਸੀਰੀਜ਼ ਤਹਿਤ ਸਵਤੰਤਰਤਾ ਸੈਨਾਨੀ ਐਕਸਪ੍ਰੈੱਸ ਵਰਗੀ ਟਰੇਨ ਨੂੰ ਕੁਝ ਸਮੇਂ ਲਈ ਸਮੇਂ ਸਿਰ ਚਲਵਾ ਦੇਣਾ ਮੋਦੀ ਦਾ ਵਿਰੋਧ ਸੀ ? ਕੀ ਬਿਹਾਰ ਦੇ ਕਾਲਜਾਂ ਵਿਚ ਤਿੰਨ ਸਾਲ ਦੇ ਬੀ.ਏ. ਵਿਚ ਪੰਜ ਪੰਜ ਸਾਲ ਤੋਂ ਫਸੇ ਨੌਜਵਾਨਾਂ ਦੀ ਗੱਲ ਕਰਨਾ ਮੋਦੀ ਵਿਰੋਧ ਸੀ ?

ਇਸ ਪੰਜ ਸਾਲਾਂ ਵਿਚ ਮੈਨੂੰ ਕਰੋੜਾਂ ਲੋਕਾਂ ਨੇ ਪੜ੍ਹਿਆ। ਹਜ਼ਾਰਾਂ ਦੀ ਸੰਖਿਆ ਵਿਚ ਆ ਕੇ ਸੁਣਿਆ, ਟੀਵੀ 'ਤੇ ਦੇਖਿਆ। ਬਾਹਰ ਮਿਲਿਆ ਤਾਂ ਗਲੇ ਲਗਾਇਆ, ਪਿਆਰ ਦਿੱਤਾ। ਉਸ ਵਿਚ ਨਰਿੰਦਰ ਮੋਦੀ ਦੇ ਸਮਰਥਕ ਵੀ ਸਨ, ਸੰਘ ਦੇ ਲੋਕ ਵੀ ਸਨ ਅਤੇ ਵਿਰੋਧੀ ਧਿਰ ਦੇ ਵੀ। ਭਾਜਪਾ ਦੇ ਲੋਕ ਵੀ ਸਨ ਪਰ ਉਹ ਚੁੱਪਚਾਪ ਵਧਾਈ ਦਿੰਦੇ ਸਨ।

ਮੈਂ ਇਕ ਚੀਜ਼ ਸਮਝੀ। ਮੋਦੀ ਦਾ ਸਮਰਥਕ ਹੋਵੇ ਜਾਂ ਵਿਰੋਧੀ ਉਹ ਗੋਦੀ ਮੀਡੀਆ ਅਤੇ ਪੱਤਰਕਾਰੀ ਵਿਚ ਫਰਕ ਕਰਦਾ ਹੈ। ਕਿਉਂਕਿ ਗੋਦੀ ਮੀਡੀਆ ਦੇ ਐਂਕਰ ਮੋਦੀ ਦੀ ਲੋਕਪ੍ਰਿਯਤਾ ਦੀ ਆੜ ਵਿਚ ਮੇਰੇ 'ਤੇ ਹਮਲਾ ਕਰਦੇ ਹਨ ਇਸ ਲਈ ਮੋਦੀ ਦਾ ਸਮਰਥਕ ਚੁੱਪ ਹੋ ਜਾਂਦਾ ਹੈ। ਭਾਰਤ ਵਰਗੇ ਮੁਲਕ ਵਿਚ ਇਮਾਨਦਾਰ ਅਤੇ ਨੈਤਿਕ ਹੋਣ ਦਾ ਸਮਾਜਕ ਅਤੇ ਬੁਨਿਆਦੀ ਢਾਂਚਾ ਨਹੀਂ ਹੈ। ਇੱਥੇ ਇਮਾਨਦਾਰ ਹੋਣ ਦੀ ਲੜਾਈ ਇਕੱਲੇ ਦੀ ਹੈ ਤੇ ਹਾਰਨੇ ਦੀ ਹੁੰਦੀ ਹੈ। ਲੋਕ ਮਿਹਣਾ ਮਾਰਦੇ ਹਨ ਕਿ ਕਿੱਥੇ ਗਏ ਸਤਿਆਵਾਦੀ ਰਵੀਸ਼ ਕੁਮਾਰ। ਕਿੱਥੇ ਗਏ ਪੱਤਰਕਾਰੀ ਦੀ ਗੱਲ ਕਰਨ ਵਾਲੇ ਰਵੀਸ਼ ਕੁਮਾਰ। ਮੇਰੇ ਵਿਚ ਕਮੀਆਂ ਹਨ। ਮੈਂ ਆਦਰਸ਼ ਨਹੀਂ ਹਾਂ। ਕਦੇ ਦਾਅਵਾ ਨਹੀਂ ਕੀਤਾ ਪਰ ਜਦੋਂ ਤੁਸੀਂ ਇਹ ਕਹਿੰਦੇ ਹੋ, ਤੁਸੀਂ ਉਸੇ ਪੱਤਰਕਾਰੀ ਦੇ ਮੁੱਲ ਨੂੰ ਦੁਹਰਾ ਰਹੇ ਹੁੰਦੇ ਹੋ ਜਿਸ ਦੀ ਗੱਲ ਮੈਂ ਕਹਿੰਦਾ ਹਾਂ ਜਾਂ ਮੇਰੇ ਵਰਗੇ ਕਈ ਪੱਤਰਕਾਰ ਕਹਿੰਦੇ ਹਨ।

ਮੈਨੂੰ ਪਤਾ ਸੀ ਕਿ ਮੈਂ ਆਪਣੇ ਪੇਸ਼ੇ ਵਿਚ ਹਾਰਨ ਦੀ ਲੜਾਈ ਲੜ ਰਿਹਾ ਹਾਂ। ਏਨੀ ਵੱਡੀ ਸੱਤਾ ਅਤੇ ਕਾਰਪੋਰੇਟ ਦੀ ਪੂੰਜੀ ਨਾਲ ਲੜਨ ਦੀ ਤਾਕਤ ਸਿਰਫ਼ ਗਾਂਧੀ ਵਿਚ ਸੀ ਪਰ ਜਦੋਂ ਲੱਗਾ ਕਿ ਮੇਰੇ ਵਰਗੇ ਕਈ ਪੱਤਰਕਾਰ ਆਜ਼ਾਦ ਤੌਰ 'ਤੇ ਘੱਟ ਆਮਦਨੀ 'ਤੇ ਪੱਤਰਕਾਰੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਲੱਗਾ ਕਿ ਮੈਨੂੰ ਕੁਝ ਜ਼ਿਆਦਾ ਕਰਨਾ ਚਾਹੀਦਾ ਹੈ। ਮੈਂ ਹਿੰਦੀ ਦੇ ਪਾਠਕਾਂ ਲਈ ਰੋਜ਼ ਸਵੇਰੇ ਅੰਗਰੇਜ਼ੀ ਤੋਂ ਅਨੁਵਾਦ ਕਰਕੇ ਮੋਦੀ ਵਿਰੋਧ ਲਈ ਨਹੀਂ ਲਿਖਿਆ ਸੀ ਸਗੋਂ ਇਸ ਖ਼ੁਸ਼ਫਹਿਮੀ ਵਿਚ ਲਿਖਿਆ ਕਿ ਹਿੰਦੀ ਦਾ ਪਾਠਕ ਸਮਰੱਥ ਹੋਵੇ। ਇਸ ਵਿਚ ਕਈ ਕਈ ਘੰਟੇ ਲਾਏ। ਮੈਨੂੰ ਠੀਕ ਠੀਕ ਪਤਾ ਸੀ ਕਿ ਮੈਂ ਇਹ ਲੰਬੇ ਸਮੇਂ ਤਕ ਇਕੱਲੇ ਨਹੀਂ ਕਰ ਸਕਦਾ। ਮੋਦੀ ਵਿਰੋਧ ਦੀ ਸਨਕ ਨਹੀਂ ਸੀ, ਆਪਣੇ ਪੇਸ਼ੇ ਨਾਲ ਕੁਝ ਜ਼ਿਆਦਾ ਪ੍ਰੇਮ ਸੀ ਇਸ ਲਈ ਦਾਅ 'ਤੇ ਲਗਾ ਦਿੱਤਾ। ਆਪਣੇ ਪੇਸ਼ੇ 'ਤੇ ਸਵਾਲ ਖੜ੍ਹੇ ਕਰਨ ਦਾ ਇਕ ਜੋਖਮ ਸੀ। ਆਪਣੇ ਲਈ ਰੁਜ਼ਗਾਰ ਦੇ ਮੌਕੇ ਗਵਾ ਦੇਣਾ। ਫੇਰ ਵੀ ਜੀਵਨ ਵਿਚ ਕੁਝ ਸਮੇਂ ਲਈ ਕਰਕੇ ਦੇਖ ਲਿਆ। ਇਸ ਦਾ ਆਪਣਾ ਤਣਾਅ ਹੁੰਦਾ ਹੈ, ਜੋਖਮ ਹੁੰਦਾ ਹੈ ਪਰ ਜੋ ਸਿੱਖਦਾ ਹੈ, ਉਹ ਦੁਰਲਭ ਹੈ। ਮਨਭਾਉਂਦੇ ਸਵਾਲ ਪੁੱਛ ਕੇ ਮੈਂ ਮੋਦੀ ਸਮਰਥਕਾਂ ਵਿਚਾਲੇ ਤਾਂ ਲੁਕ ਸਕਦਾ ਹਾਂ ਪਰ ਤੁਹਾਡੇ ਪਾਠਕਾਂ ਸਾਹਮਣੇ ਨਹੀਂ ਆ ਸਕਦਾ।

ਮੈਂ ਜ਼ਰੂਰ ਫ਼ਿਰਕੂਵਾਦ ਖ਼ਿਲਾਫ਼ ਸਾਰਿਆਂ ਵਿਚਾਲੇ ਆ ਕੇ ਬੋਲਿਆ। ਅੱਜ ਵੀ ਬੋਲਾਂਗਾ। ਤੁਹਾਡੇ ਅੰਦਰ ਧਾਰਮਕ ਤੇ ਜਾਤੀ ਖਦਸ਼ੇ ਬੈਠ ਗਏ ਹਨ। ਤੁਸੀਂ ਮਸ਼ੀਨ ਬਣਦੇ ਜਾ ਰਹੇ ਹੋ। ਮੈਂ ਫੇਰ ਕਹਿੰਦਾ ਹਾਂ ਕਿ ਧਾਰਮਕ ਤੇ ਜਾਤੀ ਖਦਸ਼ਿਆਂ ਨਾਲ ਲੈਸ ਫਿਰਕੂਵਾਦ ਤੁਹਾਨੂੰ ਇਕ ਦਿਨ ਮਨੁੱਖੀ ਬੰਬ ਵਿਚ ਬਦਲ ਦੇਵੇਗਾ। ਸਟੂਡੀਓ ਵਿਚ ਨੱਚਦੇ ਐਂਕਰਾਂ ਨੂੰ ਦੇਖ ਕੇ ਤੁਹਾਨੂੰ ਵੀ ਲਗਦਾ ਹੋਵੇਗਾ ਕਿ ਇਹ ਪੱਤਰਕਾਰੀ ਨਹੀਂ ਹੈ। ਬੈਂਕਾਂ ਵਿਚ ਗ਼ੁਲਾਮ ਵਾਂਗ ਕੰਮ ਕਰਨ ਵਾਲੀਆਂ ਸੈਂਕੜੇ ਮਹਿਲਾ ਅਫ਼ਸਰਾਂ ਨੇ ਆਪਣੇ ਗਰਭ ਡਿੱਗ ਜਾਣ ਤੋਂ ਲੈ ਕੇ ਬਾਥਰੂਮ ਦਾ ਡਰ ਦਿਖਾ ਕੇ ਕੰਮ ਕਰਨ ਦਾ ਪੱਤਰ ਕੀ ਮੈਨੂੰ ਮੋਦੀ ਦਾ ਵਿਰੋਧ ਕਰਾਉਣ ਲਈ ਲਿਖਿਆ ਸੀ ? ਉਨ੍ਹਾਂ ਦੇ ਪੱਤਰ ਅੱਜ ਵੀ ਮੇਰੇ ਕੋਲ ਪਏ ਹਨ। ਮੈਂ ਉਨ੍ਹਾਂ ਦੀ ਸਮੱਸਿਆ ਨੂੰ ਆਵਾਜ਼ ਦਿੱਤੀ ਅਤੇ ਕਈ ਬੈਂਕ ਸ਼ਖਾਵਾਂ ਵਿਚ ਔਰਤਾਂ ਲਈ ਵੱਖਰੇ ਬਾਥਰੂਮ ਬਣੇ। ਮੈਂ ਮੋਦੀ ਦਾ ਏਜੰਡਾ ਨਹੀਂ ਚਲਾਇਆ। ਉਹ ਮੇਰਾ ਕੰਮ ਨਹੀਂ ਸੀ। ਜੇਕਰ ਤੁਸੀਂ ਮੇਰੇ ਤੋਂ ਇਹੀ ਉਮੀਦ ਕਰਦੇ ਹੋ ਤਾਂ ਵੀ ਇਹੀ ਕਹਾਂਗਾ ਕਿ ਇਕ ਵਾਰ ਨਹੀਂ, ਸੌ ਵਾਰ ਸੋਚ ਲਵੋ।

ਜ਼ਰੂਰ ਪੱਤਰਕਾਰੀ ਵਿਚ ਵੀ 'ਅਤੀਤ ਦੇ ਗੁਨਾਹਾਂ ਦੀਆਂ ਯਾਦਾਂ" ਹਨ ਜਿਸ ਨੂੰ ਮੋਦੀ ਵਕਤ-ਬੇਵਕਤ ਜ਼ਿੰਦਾ ਕਰਦੇ ਰਹਿੰਦੇ ਹਨ ਪਰ ਉਹ ਭੁੱਲ ਰਹੇ ਹਨ ਕਿ ਉਨ੍ਹਾਂ ਦੇ ਸਮੇਂ ਦੀ ਪੱਤਰਕਾਰੀ ਦਾ ਮਾਡਲ ਅਤੀਤ ਦੇ ਗੁਨਾਹਾਂ 'ਤੇ ਹੀ ਆਧਾਰਤ ਹੈ। ਮੈਂ ਨਹੀਂ ਮੰਨਦਾ ਕਿ ਪੱਤਰਕਾਰੀ ਹਾਰੀ ਹੈ। ਪੱਤਰਕਾਰੀ ਖ਼ਤਮ ਹੋ ਜਾਵੇਗੀ, ਉਹ ਵੱਖਰੀ ਗੱਲ ਹੈ। ਜਦੋਂ ਪੱਤਰਕਾਰੀ ਹੀ ਨਹੀਂ ਬਚੀ ਹੈ ਤਾਂ ਫੇਰ ਤੁਸੀਂ ਪੱਤਰਕਾਰੀ ਲਈ ਮੇਰੇ ਹੀ ਵੱਲ ਕਿਉਂ ਦੇਖ ਰਹੇ ਹੋ। ਕੀ ਤੁਸੀਂ ਸੰਪੂਰਨ ਸਮਾਪਤੀ ਦਾ ਸੰਕਲਪ ਲਿਆ ਹੈ। ਜਦੋਂ ਮੈਂ ਆਪਣੀ ਗੱਲ ਕਰਦਾ ਹਾਂ ਤਾਂ ਉਸ ਵਿਚ ਉਹ ਸਾਰੇ ਪੱਤਰਕਾਰਾਂ ਦੀਆਂ ਵੀ ਗੱਲਾਂ ਹਨ ਜੋ ਸੰਘਰਸ਼ ਕਰ ਰਹੇ ਹਨ। ਜ਼ਰੂਰ ਪੱਤਰਕਾਰੀ ਸੰਸਥਾਵਾਂ ਵਿਚ ਇਕੱਤਰ ਅਨੈਤਿਕ ਬਲਾਂ ਕਾਰਨ ਪੱਤਰਕਾਰੀ ਖ਼ਤਮ ਹੋ ਚੁੱਕੀ ਹੈ। ਉਸ ਦਾ ਬਚਾਅ ਇਕ ਵਿਅਕਤੀ ਨਹੀਂ ਕਰ ਸਕਦਾ ਹੈ। ਅਜਿਹੇ ਵਿਚ ਸਾਡੇ ਵਰਗੇ ਲੋਕ ਕੀ ਕਰ ਲੈਣਗੇ। ਫਿਰ ਵੀ ਅਜਿਹੇ ਕੰਮ ਨੂੰ ਸਿਰਫ਼ ਮੋਦੀ ਵਿਰੋਧ ਦੇ ਚਸ਼ਮੇ ਨਾਲ ਦੇਖਿਆ ਜਾਣਾ ਠੀਕ ਨਹੀਂ ਹੋਵੇਗਾ। ਇਹ ਆਪਣੇ ਪੇਸ਼ੇ ਅੰਦਰ ਆਈ ਗਿਰਾਵਟ ਦਾ ਵਿਰੋਧ ਜ਼ਿਆਦਾ ਹੈ। ਇਹ ਗੱਲ ਮੋਦੀ ਸਮਰਥਕਾਂ ਨੂੰ ਇਸ ਦੌਰ ਵਿਚ ਸਮਝਣੀ ਪਏਗੀ। ਮੋਦੀ ਦਾ ਸਮਰਥਨ ਅਲੱਗ ਹੈ। ਚੰਗੀ ਪੱਤਰਕਾਰੀ ਦਾ ਸਮਰਥਨ ਅਲੱਗ ਹੈ। ਮੋਦੀ ਸਮਰਥਕਾਂ ਨੂੰ ਵੀ ਅਪੀਲ ਕਰਾਂਗਾ ਕਿ ਤੁਸੀਂ ਗੋਦੀ ਮੀਡੀਆ ਦਾ ਚੈਨਲ ਦੇਖਣਾ ਬੰਦ ਕਰ ਦਿਓ। ਅਖ਼ਬਾਰ ਪੜ੍ਹਨਾ ਬੰਦ ਕਰ ਦਿਓ। ਇਸ ਦੇ ਬਿਨਾ ਵੀ ਮੋਦੀ ਦਾ ਸਮਰਥਨ ਕਰਨਾ ਮੁਮਕਿਨ ਹੈ।

ਖ਼ੈਰ, 23 ਮਈ 2019 ਨੂੰ ਆਈ ਹਨੇਰੀ ਲੰਘ ਚੁੱਕੀ ਹੈ ਪਰ ਹਵਾ ਹਾਲੇ ਵੀ ਤੇਜ਼ ਚੱਲ ਰਹੀ ਹੈ। ਨਰਿੰਦਰ ਮੋਦੀ ਨੇ ਭਾਰਤ ਦੀ ਜਨਤਾ ਦੇ ਦਿਲੋ-ਦਿਮਾਗ਼ 'ਤੇ ਰਾਜ ਕਾਇਮ ਕਰ ਲਿਆ ਹੈ। ਸਾਲ 2014 ਵਿਚ ਉਨ੍ਹਾਂ ਨੂੰ ਮਨ ਨਾਲ ਵੋਟਾਂ ਮਿਲੀਆਂ ਸਨ, 2019 ਵਿਚ ਤਨ ਤੇ ਮਨ ਨਾਲ ਵੋਟਾਂ ਮਿਲੀਆਂ ਹਨ। ਤਨ 'ਤੇ ਆਈਆਂ ਤਮਾਮ ਮੁਸ਼ਕਲਾਂ ਨੂੰ ਝੱਲਦੇ ਹੋਏ ਲੋਕਾਂ ਨੇ ਮਨ ਨਾਲ ਵੋਟ ਦਿੱਤੀ ਹੈ। ਉਨ੍ਹਾਂ ਦੀ ਇਸ ਜਿੱਤ ਨੂੰ ਉਦਾਰਤਾ ਨਾਲ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ। ਮੈਂ ਵੀ ਕਰਦਾ ਹਾਂ। ਜਨ ਨੂੰ ਠੁਕਰਾ ਕੇ ਤੁਸੀਂ ਜਮਹੂਰੀ ਨਹੀਂ ਹੋ ਸਕਦੇ। ਉਸ ਖ਼ੁਸ਼ੀ ਵਿਚ ਭਵਿੱਖ ਦੇ ਖ਼ਤਰੇ ਦੇਖੇ ਜਾ ਸਕਦੇ ਹਨ ਪਰ ਉਸ ਨੂੰ ਦੇਖਣ ਲਈ ਵੀ ਤੁਹਾਨੂੰ ਸ਼ਾਮਲ ਹੋਣਾ ਪਏਗਾ। ਇਹ ਸਮਝਣ ਲਈ ਵੀ





ਸ਼ਾਮਲ ਹੋਣਾ ਚਾਹੀਦਾ ਹੈ ਕਿ ਆਖ਼ਰ ਉਹ ਕੀ ਗੱਲ ਹੈ ਜੋ ਲੋਕਾਂ ਨੂੰ ਮੋਦੀ ਬਣਾਉਂਦੀ ਹੈ। ਲੋਕਾਂ ਨੂੰ ਮੋਦੀ ਬਣਾਉਣ ਦਾ ਮਤਲਬ ਹੈ ਆਪਣੇ ਨੇਤਾ ਵਿਚ ਇਕਮਿਕ ਹੋ ਜਾਣਾ। ਇਕ ਤਰ੍ਹਾਂ ਨਾਲ ਵਿਲੀਨ ਹੋ ਜਾਣਾ। ਇਹ ਅੰਧਭਗਤੀ ਕਹੀ ਜਾ ਸਕਦੀ ਹੈ ਪਰ ਇਸ ਨੂੰ ਭਗਤੀ ਦੀ ਸ਼੍ਰੇਸ਼ਠ ਅਵਸਥਾ ਵਜੋਂ ਵੀ ਦੇਖਿਆ ਜਾਣਾ ਚਾਹੀਦਾ ਹੈ। ਮੋਦੀ ਲਈ ਲੋਕਾਂ ਦਾ ਮੋਦੀ ਬਣ ਜਾਣਾ ਉਸ ਉੱਤਮ ਅਵਸਥਾ ਦਾ ਪ੍ਰਤੀਕ ਹੈ। ਘਰ-ਘਰ ਮੋਦੀ ਦੀ ਥਾਂ ਤੁਸੀਂ ਜਨ-ਜਨ ਮੋਦੀ ਕਹਿ ਸਕਦੇ ਹੋ।

ਮੈਂ ਹਮੇਸ਼ਾ ਕਹਿੰਦਾ ਰਿਹਾ ਹਾਂ ਕਿ ਸਾਲ 2014 ਮਗਰੋਂ ਇਸ ਦੇਸ਼ ਦੇ ਅਤੀਤ ਅਤੇ ਭਵਿੱਖ ਨੂੰ ਸਮਝਣ ਦਾ ਰੈਫਰੈਂਸ ਪਵਾਇੰਟ ਬਦਲ ਗਿਆ ਹੈ। ਚੋਣਾਂ ਤੋਂ ਪਹਿਲਾਂ ਹੀ ਪ੍ਰਧਾਨ ਮੰਤਰੀ ਮੋਦੀ ਨਵੇਂ ਭਾਰਤ ਦੀ ਗੱਲ ਕਰਨ ਲੱਗੇ ਸਨ। ਉਹ ਨਵਾਂ ਭਾਰਤ ਉਨ੍ਹਾਂ ਦੀ ਸੋਚ ਦਾ ਭਾਰਤ ਬਣ ਗਿਆ ਹੈ। ਹਰ ਲੋਕ ਫ਼ਤਵੇ ਵਿਚ ਸੰਭਾਵਨਾਵਾਂ ਅਤੇ ਸ਼ੰਕੇ ਹੁੰਦੇ ਹਨ। ਇਸ ਤੋਂ ਮੁਕਤ ਕੋਈ ਲੋਕ ਫ਼ਤਵਾ ਨਹੀਂ ਹੁੰਦਾ। ਜਨਤਾ ਨੇ ਤਮਾਮ ਸ਼ੰਕਿਆਂ ਦੌਰਾਨ ਜੇਕਰ ਇਕ ਸੰਭਾਵਨਾ ਨੂੰ ਚੁਣਿਆ ਹੈ ਤਾਂ ਇਸ ਦਾ ਮਤਲਬ ਹੈ ਕਿ ਉਸ ਵਿਚ ਉਨ੍ਹਾਂ ਸ਼ੰਕਿਆਂ ਨਾਲ ਨਜਿੱਠਣ ਦਾ ਢੁਕਵਾਂ ਸਾਹਸ ਵੀ ਹੈ। ਉਹ ਭੈਅਭੀਤ ਨਹੀਂ ਹੈ। ਨਾ ਤਾਂ ਇਹ ਭੈਅ ਦਾ ਲੋਕ ਫ਼ਤਵਾ ਹੈ ਤੇ ਨਾ ਹੀ ਇਸ ਲੋਕ ਫ਼ਤਵੇ ਤੋਂ ਭੈਅਭੀਤ ਹੋਣਾ ਚਾਹੀਦਾ ਹੈ। ਇਤਿਹਾਸਕ ਕਾਰਨਾਂ ਕਾਰਨ ਜਨਤਾ ਵਿਚਾਲੇ ਕਈ ਸੰਦਰਭ ਬਿੰਦੂ ਪਨਪ ਰਹੇ ਸਨ। ਦਹਾਕਿਆਂ ਤਕ ਉਸ ਨੇ ਇਸ ਨੂੰ ਆਪਣੇ ਅਸੰਤੋਸ਼ ਦੇ ਰੂਪ ਵਿਚ ਦੇਖਿਆ। ਬਹੁਤ ਬਾਅਦ ਵਿਚ ਉਹ ਆਪਣੇ ਇਸ ਅਦਬ-ਬਦਲ ਦੇ ਅਸੰਤੋਸ਼ ਤੋਂ ਉਕਤਾ ਗਈ। ਉਸ ਨੇ ਉਸ ਵਿਚਾਰ ਨੂੰ ਫੜ ਲਿਆ ਜਿੱਥੇ ਅਤੀਤ ਦੀਆਂ ਅਨੈਤਿਕਤਾਵਾਂ 'ਤੇ ਸਵਾਲ ਪਏ ਹੋਏ ਸਨ। ਜਨਤਾ 'ਅਤੀਤ ਦੇ ਅਸੰਤੋਸ਼ਾਂ ਦੀਆਂ ਯਾਦਾਂ' ਤੋਂ ਉਭਰ ਨਹੀਂ ਪਾਈ ਹੈ। ਇਸ ਵਾਰ ਅਸੰਤੋਸ਼ ਦੀ ਉਸ ਯਾਦ ਨੂੰ ਵਿਚਾਰਧਾਰਾ ਦੇ ਨਾਂ 'ਤੇ ਪ੍ਰਗਟ ਕਰ ਆਈ ਹੈ ਜਿਸ ਨੂੰ ਨਵਾਂ ਭਾਰਤ ਕਿਹਾ ਜਾ ਰਿਹਾ ਹੈ।

ਮੈਂ ਹਮੇਸ਼ਾ ਕਿਹਾ ਹੈ ਕਿ ਨਰਿੰਦਰ ਮੋਦੀ ਦਾ ਬਦਲ ਉਹੀ ਬਣੇਗਾ ਜਿਸ ਵਿਚ ਨੈਤਿਕ ਸ਼ਕਤੀ ਹੋਵੇਗੀ। ਤੁਸੀਂ ਮੇਰੇ ਲੇਖਾਂ ਵਿਚ ਨੈਤਿਕ ਬਲ ਦੀ ਗੱਲ ਦੇਖੋਗੇ। ਬੇਸ਼ੱਕ ਨਰਿੰਦਰ ਮੋਦੀ ਦੇ ਪੱਖ ਵਿਚ ਅਨੈਤਿਕ ਸ਼ਕਤੀਆਂ ਅਤੇ ਸਾਧਨਾਂ ਦਾ ਭੰਡਾਰ ਹੈ ਪਰ ਜਨਤਾ ਉਸ ਨੂੰ 'ਅਤੀਤ ਦੇ ਅਸੰਤੋਸ਼ ਦੀਆਂ ਯਾਦਾਂ' ਦੇ ਗੁਣ-ਦੋਸ਼ ਵਾਂਗ ਦੇਖਦੀ ਹੈ। ਬਰਦਾਸ਼ਤ ਕਰ ਲੈਂਦੀ ਹੈ। ਨਰਿੰਦਰ ਮੋਦੀ ਉਸ 'ਅਤੀਤ ਦੇ ਅਸੰਤੋਸ਼ ਦੀਆਂ ਯਾਦਾਂ' ਨੂੰ ਜ਼ਿੰਦਾ ਵੀ ਰੱਖਦੇ ਹਨ। ਤੁਸੀਂ ਦੇਖੋਗੇ ਕਿ ਉਹ ਹਰ ਪਲ ਇਸ ਨੂੰ ਕੇਂਦਰਤ ਕਰਦੇ ਰਹਿੰਦੇ ਹਨ। ਜਨਤਾ ਨੂੰ 'ਅਤੀਤ ਦੇ ਵਰਤਮਾਨ' ਵਿਚ ਰੱਖਦੇ ਹਨ। ਜਨਤਾ ਨੂੰ ਪਤਾ ਹੈ ਕਿ ਵਿਰੋਧੀ ਧਿਰ ਵਿਚ ਵੀ ਉਹ ਅਨੈਤਿਕ ਸ਼ਕਤੀਆਂ ਹਨ ਜੋ ਮੋਦੀ ਪੱਖ ਵਿਚ ਹੈ। ਵਿਰੋਧੀ ਧਿਰ ਨੂੰ ਲੱਗਾ ਕਿ ਜਨਤਾ ਦੋ ਬਰਾਬਰ ਅਨੈਤਿਕ ਸ਼ਕਤੀਆਂ ਵਿਚੋਂ ਉਸ ਨੂੰ ਵੀ ਚੁਣ ਲਵੇਗੀ। ਇਸ ਲਈ ਉਸ ਨੇ ਬਚੀਆਂ-ਖੁਚੀਆਂ ਅਨੈਤਿਕ ਸ਼ਕਤੀਆਂ ਦਾ ਹੀ ਸਹਾਰਾ ਲਿਆ। ਨਰਿੰਦਰ ਮੋਦੀ ਨੇ ਉਨ੍ਹਾਂ ਅਨੈਤਿਕ ਸ਼ਕਤੀਆਂ ਨੂੰ ਵੀ ਕਮਜ਼ੋਰ ਅਤੇ ਖੋਖਲਾ ਕਰ ਦਿੱਤਾ। ਵਿਰੋਧੀ ਧਿਰ ਦੇ ਨੇਤਾ ਭਾਜਪਾ ਵੱਲ ਭੱਜਣ ਲੱਗੇ। ਵਿਰੋਧੀ ਧਿਰ ਮਨੁੱਖੀ ਅਤੇ ਆਰਥਕ ਸਰੋਤਾਂ ਤੋਂ ਖਾਲੀ ਹੋਣ ਲੱਗੀ। ਦੋਹਾਂ ਦਾ ਆਧਾਰ ਅਨੈਤਿਕ ਸ਼ਕਤੀਆਂ ਹੀ ਸਨ ਪਰ ਇਸ ਸਥਿਤੀ ਨੇ ਵਿਰੋਧੀ ਧਿਰ ਲਈ ਨਵਾਂ ਮੌਕਾ ਮੁਹੱਈਆ ਕਰਾਇਆ। ਉਹ ਚੋਣ ਦੀ ਚਿੰਤਾ ਛੱਡ ਕੇ ਆਪਣੇ ਸਿਆਸੀ ਤੇ ਵਿਚਾਰਕ ਪੁਨਰਜੀਵਨ ਨੂੰ ਹਾਸਲ ਕਰਦਾ, ਉਸ ਨੇ ਨਹੀਂ ਕੀਤਾ।

ਵਿਰੋਧੀ ਧਿਰ ਨੂੰ ਅਤੀਤ ਦੇ ਅਸੰਤੋਸ਼ ਦੇ ਕਾਰਨਾਂ ਲਈ ਮੁਆਫ਼ੀ ਮੰਗਣੀ ਚਾਹੀਦੀ ਸੀ। ਨਵਾਂ ਭਰੋਸਾ ਦੇਣਾ ਸੀ ਕਿ ਹੁਣ ਤੋਂ ਅਜਿਹਾ ਨਹੀਂ ਹੋਵੇਗਾ। ਇਸ ਗੱਲ ਨੂੰ ਲਿਜਾਣ ਲਈ ਤੇਜ਼ ਧੁੱਪ ਵਿਚ ਪੈਦਲ ਚੱਲਣਾ ਸੀ। ਉਸ ਨੇ ਇਹ ਵੀ ਨਹੀਂ ਕੀਤਾ। ਸੰਨ 2014 ਮਗਰੋਂ ਚਾਰ ਸਾਲ ਤਕ ਘਰ ਬੈਠੇ ਰਹੇ, ਲੋਕਾਂ ਵਿਚ ਲੋਕਾਂ ਵਾਂਗ ਨਹੀਂ ਗਏ। ਉਨ੍ਹਾਂ ਦੀਆਂ ਸਮੱਸਿਆਵਾਂ 'ਤੇ ਓਪਰਾ ਜਿਹਾ ਬੋਲੇ ਤੇ ਘਰ ਆ ਕੇ ਬੈਠ ਗਏ। ਸੰਨ 2019 ਆਇਆ ਤਾਂ ਉਹ ਬਚੀਆਂ-ਖੁਚੀਆਂ ਅਨੈਤਿਕ ਸ਼ਕਤੀਆਂ ਦੇ ਸਮੀਕਰਨ ਨਾਲ ਇਕ ਵਿਸ਼ਾਲ ਅਨੈਤਿਕ ਸ਼ਕਤੀਪੁੰਜ ਨਾਲ ਟਕਰਾਉਣ ਦੀ ਖਵਾਹਿਸ਼ ਪਾਲ਼ ਬੈਠਾ। ਵਿਰੋਧੀ ਧਿਰ ਨੂੰ ਸਮਝਣ ਦੀ ਲੋੜ ਸੀ ਕਿ ਵੱਖ ਵੱਖ ਦਲਾਂ ਦੀ ਸਿਆਸੀ ਪ੍ਰਸੰਗਿਕਤਾ ਖ਼ਤਮ ਹੋ ਚੁੱਕੀ ਹੈ। ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਜਾਂ ਰਾਸ਼ਟਰੀ ਜਨਤਾ ਦਲ ਰਾਹੀਂ ਲੋਕਤੰਤਰ ਵਿਚ ਜੋ ਸਮਾਜਕ ਸੰਤੁਲਨ ਆਇਆ ਸੀ, ਉਸ ਦੀ ਅੱਜ ਕੋਈ ਭੂਮਿਕਾ ਨਹੀਂ ਰਹੀ।

ਬੇਸ਼ੱਕ ਇਨ੍ਹਾਂ ਦਲਾਂ ਨੇ ਸਮਾਜ ਦੇ ਪਛੜੇ ਤੇ ਵਾਂਝੇ ਤਬਕਿਆਂ ਨੂੰ ਸੱਤਾ-ਚੱਕਰ ਘੁਮਾ ਕੇ ਸਿਖ਼ਰ 'ਤੇ ਲਿਆਉਣ ਦਾ ਇਤਿਹਾਸਕ ਕੰਮ ਕੀਤਾ ਪਰ ਇਸੇ ਕ੍ਰਮ ਵਿਚ ਉਹ ਦੂਸਰੇ ਪਛੜੇ ਤੇ ਵਿਰਵਿਆਂ ਨੂੰ ਭੁੱਲ ਗਏ। ਇਨ੍ਹਾਂ ਦਲਾਂ ਵਿਚ ਉਨ੍ਹਾਂ ਦੀ ਪ੍ਰਤੀਨਿਧਤਾ ਉਸੇ ਤਰ੍ਹਾਂ ਬੇਮਾਨੀ ਹੋ ਗਈ, ਜਿਸ ਤਰ੍ਹਾਂ ਹੋਰਨਾਂ ਦਲਾਂ ਵਿਚ ਹੁੰਦੀ ਹੈ। ਹੁਣ ਇਨ੍ਹਾਂ ਦਲਾਂ ਦੀ ਪ੍ਰਸੰਗਿਕਤਾ ਨਹੀਂ ਬਚੀ ਤਾਂ ਦਲਾਂ ਨੂੰ ਭੰਗ ਕਰਨ ਦਾ ਸਾਹਸ ਵੀ ਹੋਣਾ ਚਾਹੀਦਾ ਹੈ। ਆਪਣੀਆਂ ਪੁਰਾਣੀਆਂ ਲਾਲਸਾਵਾਂ ਨੂੰ ਭੰਗ ਕਰ ਦੇਣਾ ਸੀ। ਭਾਰਤ ਦੀ ਜਨਤਾ ਹੁਣ ਨਵੇਂ ਵਿਚਾਰ ਤੇ ਨਵੇਂ ਦਲ ਦਾ ਸਵਾਗਤ ਕਰੇਗੀ, ਉਦੋਂ ਤਕ ਉਹ ਨਰਿੰਦਰ ਮੋਦੀ ਦੇ ਵਿਚਾਰ 'ਤੇ ਚੱਲੇਗੀ।

ਸਮਾਜ ਅਤੇ ਸਿਆਸਤ ਦਾ ਹਿੰਦੂਕਰਨ ਹੋ ਗਿਆ ਹੈ। ਇਹ ਸਥਾਈ ਤੌਰ 'ਤੇ ਹੋਇਆ ਹੈ ਮੈਂ ਨਹੀਂ ਮੰਨਦਾ। ਉਸੇ ਤਰ੍ਹਾਂ ਜਿਵੇਂ ਬਹੁਜਨ ਸ਼ਕਤੀਆਂ ਦਾ ਉਭਾਰ ਸਥਾਈ ਨਹੀਂ ਸੀ, ਇਸੇ ਤਰ੍ਹਾਂ ਇਹ ਵੀ ਨਹੀਂ ਹੈ। ਇਹ ਇਤਿਹਾਸ ਦਾ ਇਕ ਚੱਕਰ ਹੈ ਜੋ ਘੁੰਮਿਆ ਹੈ। ਜਿਵੇਂ ਮਾਇਆਵਤੀ ਸਵਰਨਾਂ ਦੇ ਸਮਰਥਨ ਨਾਲ ਮੁੱਖ ਮੰਤਰੀ ਬਣੀ ਸੀ, ਉਸੇ ਤਰ੍ਹਾਂ ਅੱਜ ਸੰਘ ਬਹੁਜਨ ਦੇ ਸਮਰਥਨ ਨਾਲ ਹਿੰਦੂ ਰਾਸ਼ਟਰ ਬਣਾ ਰਿਹਾ ਹੈ। ਜੋ ਸਵਰਨ ਸਨ, ਉਹ ਆਪਣੀ ਜਾਤੀ ਦੀ ਪੂੰਜੀ ਲੈ ਕੇ ਕਦੇ ਸਪਾ, ਬਸਪਾ ਤੇ ਰਾਸ਼ਟਰੀ ਜਨਤਾ ਦਲ ਦੇ ਮੰਚਾਂ 'ਤੇ ਆਪਣਾ ਸਹਾਰਾ ਲੱਭ ਰਹੇ ਸਨ। ਜਦੋਂ ਉਥੇ ਉਨ੍ਹਾਂ ਦੀ ਪੁੱਛ ਵਧੀ ਤਾਂ ਬਾਕੀ ਬਚਿਆ ਬਹੁਜਨ ਸਰਵਜਨ ਦੇ ਬਣਾਏ ਮੰਚ 'ਤੇ ਚਲਾ ਗਿਆ।

ਬਹੁਜਨ ਸਿਆਸਤ ਨੇ ਕਦੋਂ ਜਾਤੀ ਦੇ ਖ਼ਿਲਾਫ਼ ਸਿਆਸੀ ਮੁਹਿਮ ਚਲਾਈ ਹੈ। ਜਾਤੀਆਂ ਦੇ ਜੋੜ ਦੀ ਸਿਆਸਤ ਸੀ ਤਾਂ ਸੰਘ ਨੇ ਵੀ ਜਾਤੀਆਂ ਦੇ ਜੋੜ ਦੀ ਸਿਆਸਤ ਖੜ੍ਹੀ ਕਰ ਦਿੱਤੀ। ਬੇਸ਼ੱਕ ਖੇਤਰੀ ਦਲਾਂ ਨੇ ਬਾਅਦ ਵਿਚ ਵਿਕਾਸ ਦੀ ਵੀ ਸਿਆਸਤ ਕੀਤੀ ਤੇ ਕੁਝ ਕੰਮ ਵੀ ਕੀਤੇ ਪਰ ਰਾਸ਼ਟਰੀ ਪੱਧਰ ਲਈ ਆਪਣੀ ਭੂਮਿਕਾ ਨੂੰ ਹਾਈਵੇ ਬਣਾਉਣ ਤਕ ਸੀਮਤ ਕਰ ਗਏ। ਚੰਦਰਭਾਨ ਪ੍ਰਸਾਦ ਦੀ ਇਕ ਗੱਲ ਯਾਦ ਆਉਂਦੀ ਹੈ। ਉਹ ਕਹਿੰਦੇ ਸਨ ਕਿ ਮਾਇਆਵਤੀ ਕਿਉਂ ਨਹੀਂ ਆਰਥਕ ਮੁੱਦਿਆਂ 'ਤੇ ਬੋਲਦੀ, ਕਿਉਂ ਨਹੀਂ ਵਿਦੇਸ਼ ਨੀਤੀ 'ਤੇ ਬੋਲਦੀ। ਇਹੀ ਹਾਲ ਸਾਰੇ ਖੇਤਰੀ ਦਲਾਂ ਦਾ ਹੈ। ਉਹ ਸੂਬਾਈ ਸਿਆਸਤ ਤਾਂ ਕਰ ਲੈਂਦੇ ਹਨ ਪਰ ਦੇਸ਼ ਦੀ ਸਿਆਸਤ ਨਹੀਂ ਕਰ ਪਾਉਂਦੇ।

ਬਹੁਜਨ ਦੇ ਰੂਪ ਵਿਚ ਉਭਰ ਕੇ ਆਏ ਦਲ ਆਪਣੀ ਵਿਚਾਰਧਾਰਾ ਦੀ ਕਿਤਾਬ ਕਦੋਂ ਦੀ ਸੁੱਟ ਚੁੱਕੇ ਹਨ। ਉਨ੍ਹਾਂ ਕੋਲ ਅੰਬੇਦਕਰ ਵਰਗੇ ਸਭ ਤੋਂ ਤਾਰਕਿਕ ਵਿਅਕਤੀ ਹਨ ਪਰ ਅੰਬੇਦਕਰ ਹੁਣ ਪ੍ਰਤੀਕ ਤੇ ਹੰਕਾਰ ਦਾ ਕਾਰਨ ਬਣ ਗਏ ਹਨ। ਛੋਟੇ-ਛੋਟੇ ਧੜੇ ਚਲਾਉਣ ਦਾ ਕਾਰਨ ਬਣ ਗਏ ਹਨ। ਸਾਡੇ ਮਿੱਤਰ ਰਾਕੇਸ਼ ਪਾਸਵਾਨ ਠੀਕ ਕਹਿੰਦੇ ਹਨ ਕਿ ਦਲਿਤ ਸਿਆਸਤ ਦੇ ਨਾਂ 'ਤੇ ਹੁਣ ਸੰਗਠਨਾਂ ਦੇ ਕੌਮੀ ਪ੍ਰਧਾਨ ਹੀ ਮਿਲਦੇ ਹਨ, ਸਿਆਸਤ ਨਹੀਂ ਮਿਲਦੀ। ਬਹੁਜਨ ਸਿਆਸਤ ਇਕ ਦੁਕਾਨ ਬਣ ਗਈ ਹੈ ਜਿਵੇਂ ਗਾਂਧੀਵਾਦ ਇਕ ਦੁਕਾਨ ਹੈ। ਇਸ ਵਿਚ ਵਿਚਾਰਧਾਰਾ ਨਾਲ ਲੈਸ ਵਿਅਕਤੀ ਅੱਜ ਤਕ ਕੌਮੀ ਪੱਧਰ 'ਤੇ ਇਕ ਸਿਆਸੀ ਬਦਲ ਨਹੀਂ ਬਣਾ ਸਕਿਆ। ਉਹ ਦਲ ਨਹੀਂ ਬਣਾਉਂਦਾ, ਆਪਣੇ ਹਿਤਾਂ ਲਈ ਸੰਗਠਨ ਬਣਾਉਂਦਾ ਹੈ। ਆਪਣੀ ਜਾਤੀ ਦੀ ਦੁਕਾਨ ਲੈ ਕੇ ਇਕ ਦਲ ਤੋਂ ਦੂਸਰੇ ਦਲ ਵਿਚ ਆਉਂਦਾ-ਜਾਂਦਾ ਹੈ। ਉਸ ਅੰਦਰ ਵੀ ਹੰਕਾਰ ਆ ਗਿਆ। ਉਹ ਬਸਪਾ ਜਾਂ ਬਹੁਜਨ ਦਲਾਂ ਦੀਆਂ ਕਮੀਆਂ 'ਤੇ ਚੁੱਪ ਰਹਿਣ ਲੱਗਾ।

ਉਹ ਹੰਕਾਰ ਹੀ ਸੀ ਕਿ ਮੇਰੇ ਵਰਗਿਆਂ ਦੇ ਲਿਖੇ ਨੂੰ ਵੀ ਜਾਤੀ ਦੇ ਆਧਾਰ 'ਤੇ ਖਾਰਜ ਕੀਤਾ ਜਾਣ ਲੱਗਾ। ਮੈਂ ਆਪਣੀ ਪ੍ਰਤੀਬੱਧਤਾ ਨਾਲ ਨਹੀਂ ਹਿੱਲਿਆ ਪਰ ਪ੍ਰਤੀਬੱਧਤਾ ਦੀ ਦੁਕਾਨ ਚਲਾਉਣ ਵਾਲੇ ਅੰਬੇਦਕਰ ਦੇ ਨਾਂ ਦਾ ਇਸਤੇਮਾਲ ਹਥਿਆਰ ਵਾਂਗ ਕਰਨ ਲੱਗੇ। ਉਹ ਲੋਕਾਂ ਨੂੰ ਆਦੇਸ਼ ਦੇਣ ਲੱਗੇ ਕਿ ਕਿਸ ਨੂੰ ਕੀ ਲਿਖਣਾ ਚਾਹੀਦਾ ਹੈ। ਜਿਸ ਤਰ੍ਹਾਂ ਭਾਜਪਾ ਦੇ ਸਮਰਥਕ ਰਾਸ਼ਟਰਵਾਦ ਦਾ ਸਰਟੀਫਿਕੇਟ ਵੰਡਦੇ ਹਨ, ਉਸੇ ਤਰ੍ਹਾਂ ਅੰਬੇਦਕਰਵਾਦੀਆਂ ਵਿਚ ਵੀ ਕੁਝ ਲੋਕ ਸਰਟੀਫਿਕੇਟ ਵੰਡਣ ਲੱਗੇ ਹਨ। ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਬਹੁਜਨ ਪੱਖ ਵਿਚ ਕੋਈ ਕਾਂਸ਼ੀਰਾਮ ਨਹੀਂ ਹੈ। ਕਾਂਸ਼ੀਰਾਮ ਦੀ ਪ੍ਰਤੀਬੱਧਤਾ ਦਾ ਮੁਕਾਬਲਾ ਨਹੀਂ ਹੈ। ਉਹ ਵਿਚਾਰਕ ਪ੍ਰਤੀਬੱਧਤਾ ਸੀ। ਹੁਣ ਸਾਡੇ ਕੋਲ ਪ੍ਰਕਾਸ਼ ਅੰਬੇਦਕਰ ਹਨ ਜੋ ਅੰਬੇਦਕਰ ਦੇ ਨਾਂ 'ਤੇ ਛੋਟੇ ਮਕਸਦ ਦੀ ਸਿਆਸਤ ਕਰਦੇ ਹਨ। ਇਹੀ ਹਾਲ ਲੋਹੀਆ ਦਾ ਵੀ ਹੋਇਆ ਹੈ। ਜੋ ਅੰਬੇਦਕਰ ਨੂੰ ਲੈ ਕੇ ਪ੍ਰਤੀਬੱਧ ਹਨ, ਉਨ੍ਹਾਂ ਦੀ ਵੀ ਹਾਲਤ ਗਾਂਧੀ ਨੂੰ ਲੈ ਕੇ ਪ੍ਰਤੀਬੱਧ ਰਹਿਣ ਵਾਲੇ ਗਾਂਧੀਵਾਦੀਆਂ ਵਾਂਗ ਹੈ। ਦੋਵੇਂ ਹਾਸ਼ੀਏ 'ਤੇ ਜਿਉਣ ਲਈ ਸਰਾਪੇ ਹੋਏ ਹਨ। ਬਦਲ ਗਠਜੋੜ ਨਹੀਂ ਹੈ। ਬਦਲ ਵਿਲੀਨਤਾ ਹੈ। ਪੁਨਰਜੀਵਨ ਹੈ। ਅਗਲੀਆਂ ਚੋਣਾਂ ਲਈ ਨਹੀਂ ਹੈ, ਭਾਰਤ ਦੇ ਬਦਲਵੇਂ ਭਵਿੱਖ ਲਈ ਹੈ।

ਤੁਸੀਂ ਦੇਖਿਆ ਹੋਵੇਗਾ ਕਿ ਇਨ੍ਹਾਂ ਪੰਜ ਵਰ੍ਹਿਆਂ ਵਿਚ ਮੈਂ ਇਨ੍ਹਾਂ ਪਾਰਟੀਆਂ 'ਤੇ ਬਹੁਤ ਘੱਟ ਲਿਖਿਆ। ਲੈਫਟ ਨੂੰ ਲੈ ਕੇ ਬਿਲਕੁਲ ਹੀ ਨਹੀਂ ਲਿਖਿਆ। ਮੈਂ ਮੰਨਦਾ ਹਾਂ ਕਿ ਖੱਬੀਆਂ ਧਿਰਾਂ ਦੀ ਵਿਚਾਰਧਾਰਾ ਅੱਜ ਵੀ ਪ੍ਰਸੰਗਿਕ ਹੈ ਪਰ ਉਨ੍ਹਾਂ ਦੀਆਂ ਧੜੇਬੰਦੀਆਂ ਤੇ ਉਨ੍ਹਾਂ ਧੜੇਬੰਦੀਆਂ ਵਿਚ ਆਪਣਾ ਸਮਾਂ ਲੰਘਾ ਰਿਹਾ ਸਿਆਸੀ ਮਨੁੱਖੀ ਸਰੋਤ ਪ੍ਰਸੰਗਿਕ ਨਹੀਂ ਹੈ। ਉਸ ਦੀ ਭੂਮਿਕਾ ਖ਼ਤਮ ਹੋ ਚੁੱਕੀ ਹੈ। ਉਹ ਸੜ ਰਿਹਾ ਹੈ। ਉਨ੍ਹਾਂ ਕੋਲ ਸਿਰਫ਼ ਦਫ਼ਤਰ ਬਚੇ ਹਨ। ਕੰਮ ਕਰਨ ਲਈ ਕੁਝ ਨਹੀਂ ਬਚਿਆ। ਖੱਬੀਆਂ ਧਿਰਾਂ ਦੇ ਲੋਕ ਸ਼ਿਕਾਇਤ ਕਰਦੇ ਰਹਿੰਦੇ ਸਨ ਕਿ ਤੁਹਾਡੇ ਪ੍ਰੋਗਰਾਮ ਵਿਚ ਲੈਫਟ ਨਹੀਂ ਹੁੰਦਾ ਕਿਉਂਕਿ ਪਾਰਟੀ ਦੇ ਰੂਪ ਵਿਚ ਉਸ ਦੀ ਭੂਮਿਕਾ ਖ਼ਤਮ ਹੋ ਚੁੱਕੀ ਸੀ। ਬੇਸ਼ੱਕ ਮਹਾਰਾਸ਼ਟਰ ਵਿਚ ਕਿਸਾਨ ਅੰਦੋਲਨ ਖੜ੍ਹਾ ਕਰਨ ਦਾ ਕੰਮ ਬੀਜੂ ਕ੍ਰਿਸ਼ਨਣ ਵਰਗੇ ਲੋਕਾਂ ਨੇ ਕੀਤਾ। ਇਹ ਉਸ ਵਿਚਾਰਧਾਰਾ ਦੀ ਜ਼ਰੂਰਤ ਸੀ ਨਾ ਕਿ ਪਾਰਟੀ ਦੀ। ਪਾਰਟੀ ਨੂੰ ਭੰਗ ਕਰਨ ਦਾ ਸਮਾਂ ਆ ਗਿਆ ਹੈ। ਨਵਾਂ ਸੋਚਣ ਦਾ ਸਮਾਂ ਆ ਗਿਆ ਹੈ। ਮੈਂ ਪਾਰਟੀਆਂ ਦੀ ਵੰਨ-ਸੁਵੰਨਤਾ ਦਾ ਸਮਰਥਕ ਹਾਂ ਪਰ ਜ਼ਰੂਰਤ ਬਿਨਾ ਇਹ ਵੰਨ-ਸੁਵੰਨਤਾ ਕਿਸੇ ਕੰਮ ਦੀ ਨਹੀਂ ਹੋਵੇਗੀ। ਇਹ ਸਾਰੀਆਂ ਗੱਲਾਂ ਕਾਂਗਰਸ 'ਤੇ ਵੀ ਲਾਗੂ ਹੁੰਦੀਆਂ ਹਨ। ਭਾਜਪਾ ਦੇ ਵਰਕਰਾਂ ਵਿਚ ਤੁਹਾਨੂੰ ਭਾਜਪਾ ਦਿਖਾਈ ਦਿੰਦੀ ਹੈ। ਕਾਂਗਰਸ ਦੇ ਵਰਕਰਾਂ ਵਿਚ ਤੁਹਾਨੂੰ ਕਾਂਗਰਸ ਛੱਡ ਕੇ ਸਭ ਕੁਝ ਦਿਖਾਈ ਦਿੰਦਾ ਹੈ। ਕਾਂਗਰਸ ਚੋਣ ਲੜਨਾ ਛੱਡ ਦੇਵੇ ਜਾਂ ਚੋਣਾਂ ਨੂੰ ਜੀਵਨ-ਮਰਨ ਦੇ ਸਵਾਲ ਵਾਂਗ ਨਾ ਲੜੇ, ਉਹ ਕਾਂਗਰਸ ਬਣੇ।

ਕਾਂਗਰਸ ਨਹਿਰੂ ਦਾ ਬਚਾਅ ਨਹੀਂ ਕਰ ਸਕੀ। ਉਹ ਪਟੇਲ ਨੂੰ ਲੈ ਕੇ ਬੋਸ ਤਕ ਦਾ ਬਚਾਅ ਨਹੀਂ ਕਰ ਸਕੀ। ਆਜ਼ਾਦੀ ਦੀ ਲੜਾਈ ਦੀ ਜ਼ਰੂਰਤ ਅਤੇ ਖ਼ੂਬਸੂਰਤੀ ਨਾਲ ਜੁੜੀਆਂ 'ਅਤੀਤ ਦੀਆਂ ਯਾਦਾਂ' ਨੂੰ ਜ਼ਿੰਦਾ ਨਹੀਂ ਕਰ ਸਕੀ। ਗਾਂਧੀ ਦੇ ਵਿਚਾਰਾਂ ਨੂੰ ਖੜ੍ਹਾ ਨਹੀਂ ਕਰ ਸਕੀ। ਅੱਜ ਤੁਸੀਂ ਭਾਜਪਾ ਦੇ ਇਕ ਸਧਾਰਨ ਵਰਕਰ ਕੋਲ ਦੀਨਦਿਆਲ ਉਪਾਧਿਆਏ ਬਾਰੇ ਗ਼ਲਤ ਟਿੱਪਣੀ ਕਰ ਦਿਓ, ਉਹ ਆਪਣੇ ਵਲੋਂ ਸੌ ਤਰ੍ਹਾਂ ਦੀਆਂ ਗੱਲਾਂ ਦੱਸੇਗਾ, ਪੰਜ ਸਾਲ ਵਿਚ ਕਾਂਗਰਸ ਪਾਰਟੀ ਨਹਿਰੂ ਨੂੰ ਲੈ ਕੇ ਸਮਾਨਾਂਤਰ ਸੰਵਾਦ ਪੈਦਾ ਨਹੀਂ ਕਰ ਸੀ, ਮੈਂ ਇਸੇ ਇਕ ਪੈਮਾਨੇ ਨਾਲ ਕਾਂਗਰਸ ਨੂੰ ਢਹਿੰਦੇ ਹੋਏ ਦੇਖ ਰਿਹਾ ਸੀ। ਸਿਆਸਤ ਵਿਚਾਰਧਾਰਾ ਦੀ ਜ਼ਮੀਨ 'ਤੇ ਖੜ੍ਹੀ ਹੁੰਦੀ ਹੈ, ਨੇਤਾ ਦੀ ਸੰਭਾਵਨਾ 'ਤੇ ਨਹੀਂ। ਇਕ ਹੀ ਰਸਤਾ ਬਚਿਆ ਹੈ। ਭਾਰਤ ਦੀਆਂ ਅਲੱਗ ਅਲੱਗ ਸਿਆਸੀ ਪਾਰਟੀਆਂ ਵਿਚ ਬਚੇ ਮਨੁੱਖੀ ਸਰੋਤ ਨੂੰ ਆਪਣੀ ਆਪਣੀ ਪਾਰਟੀ ਛੱਡ ਕੇ ਕਿਸੇ ਇਕ ਪਾਰਟੀ ਵਿਚ ਆਉਣਾ ਚਾਹੀਦਾ ਹੈ। ਜਿੱਥੇ ਵਿਚਾਰਾਂ ਦਾ ਪੁਨਰਜਨਮ ਹੋਵੇ, ਨੈਤਿਕ ਬਲ ਦਾ ਸਿਰਜਣ ਹੋਵੇ ਤੇ ਮਨੁੱਖੀ ਸਰੋਤ ਦੀ ਤਬਦੀਲੀ। ਇਹ ਗੱਲ ਮੈਂ ਸੰਨ 2014 ਵਿਚ ਵੀ ਲੋਕਾਂ ਨੂੰ ਕਹੀ ਸੀ। ਫੇਰ ਖ਼ੁਦ 'ਤੇ ਹਾਸਾ ਆਇਆ ਕਿ ਮੈਂ ਕਿਹੜਾ ਵਿਚਾਰਕ ਹਾਂ ਜੋ ਇਹ ਸਭ ਕਹਿ ਰਿਹਾ ਹਾਂ। ਅੱਜ ਲਿਖ ਰਿਹਾ ਹਾਂ।

ਇਸ ਤੋਂ ਬਾਅਦ ਵੀ ਵਿਰੋਧੀ ਧਿਰ ਨੂੰ ਲੈ ਕੇ ਹਮਦਰਦੀ ਕਿਉਂ ਰਹੀ। ਹਾਲਾਂਕਿ ਉਨ੍ਹਾਂ ਦੇ ਸਿਆਸੀ ਪੱਖ ਨੂੰ ਘੱਟ ਹੀ ਦਿਖਾਇਆ ਅਤੇ ਉਸ 'ਤੇ ਲਿਖਿਆ-ਬੋਲਿਆ ਕਿਉਂਕਿ 2014 ਮਗਰੋਂ ਹਰ ਪੱਧਰ 'ਤੇ ਨਰਿੰਦਰ ਮੋਦੀ ਹੀ ਪ੍ਰਮੁੱਖ ਹੋ ਗਏ ਸਨ। ਸਿਰਫ਼ ਸਰਕਾਰ ਦੇ ਪੱਧਰ 'ਤੇ ਹੀ ਨਹੀਂ, ਸਭਿਆਚਾਰ ਤੋਂ ਲੈ ਕੇ ਧਾਰਮਕ ਪੱਧਰ 'ਤੇ ਮੋਦੀ ਤੋਂ ਇਲਾਵਾ ਕੁਝ ਦਿਖਾਈ ਹੀ ਨਹੀਂ ਦਿੱਤਾ ਤੇ ਕੁਝ ਸੀ ਵੀ ਨਹੀਂ। ਜਦੋਂ ਭਾਰਤ ਦਾ 99 ਫ਼ੀਸਦੀ ਮੀਡੀਆ ਲੋਕਤੰਤਰ ਦੀ ਮੂਲ ਭਾਵਨਾ ਨੂੰ ਕੁਚਲਣ ਲੱਗਾ ਤਾਂ ਮੈਂ ਉਸ ਵਿਚ ਸੰਤੁਲਨ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਅਸਹਿਮਤੀ ਤੇ ਵਿਰੋਧੀ ਧਿਰ ਦੀ ਹਰ ਆਵਾਜ਼ ਦਾ ਸਨਮਾਨ ਕੀਤਾ। ਉਸ ਦਾ ਮਜ਼ਾਕ ਨਹੀਂ ਉਡਾਇਆ। ਇਹ ਮੈਂ ਵਿਰੋਧੀ ਧਿਰਾਂ ਲਈ ਨਹੀਂ ਕਰ ਰਿਹਾ ਸੀ, ਸਗੋਂ ਆਪਣੀ ਸਮਝ ਨਾਲ ਭਾਰਤ ਦੇ ਲੋਕਤੰਤਰ ਨੂੰ ਸ਼ਰਮਿੰਦਾ ਹੋਣ ਤੋਂ ਬਚਾ ਰਿਹਾ ਸੀ। ਮੈਨੂੰ ਏਨਾ ਵੱਡਾ ਲੋਡ ਨਹੀਂ ਸੀ ਲੈਣਾ ਚਾਹੀਦਾ ਕਿਉਂਕਿ ਇਹ ਮੇਰਾ ਲੋਡ ਨਹੀਂ ਸੀ, ਫੇਰ ਵੀ ਲੱਗਾ ਕਿ ਹਰ ਨਾਗਰਿਕ ਅੰਦਰ ਅਤੇ ਲੋਕਤੰਤਰ ਅੰਦਰ ਵਿਰੋਧੀ ਧਿਰ ਨਹੀਂ ਹੋਵੇਗੀ ਤਾਂ ਸਭ ਕੁਝ ਖੋਖਲਾ ਹੋ ਜਾਵੇਗਾ। ਮੇਰੀ ਇਸੇ ਸੋਚ ਵਿਚ ਭਾਰਤ ਦੀ ਭਲਾਈ ਦੀ ਨੀਅਤ ਸੀ।

ਨਰਿੰਦਰ ਮੋਦੀ ਦੀ ਪ੍ਰਚੰਡ ਜਿੱਤ ਹੋਈ ਹੈ। ਮੀਡੀਆ ਦੀ ਜਿੱਤ ਨਹੀਂ ਹੋਈ ਹੈ। ਹਰ ਜਿੱਤ ਵਿਚ ਇਕ ਹਾਰ ਹੁੰਦੀ ਹੈ। ਇਸ ਜਿੱਤ ਵਿਚ ਮੀਡੀਆ ਦੀ ਹਾਰ ਹੋਈ ਹੈ। ਉਸ ਨੇ ਜਮਹੂਰੀ ਮਰਿਆਦਾਵਾਂ ਦਾ ਪਾਲਣ ਨਹੀਂ ਕੀਤਾ। ਅੱਜ ਗੋਦੀ ਮੀਡੀਆ ਦੇ ਲੋਕ ਮੋਦੀ ਨੂੰ ਮਿਲੀ ਜਿੱਤ ਦੇ ਸਹਾਰੇ ਖ਼ੁਦ ਦੀ ਜਿੱਤ ਦੱਸ ਰਹੇ ਹਨ। ਦਰਅਸਲ, ਉਨ੍ਹਾਂ ਕੋਲ ਸਿਰਫ਼ ਮੋਦੀ ਬਚੇ ਹਨ, ਪੱਤਰਕਾਰੀ ਨਹੀਂ ਬਚੀ। ਪੱਤਰਕਾਰੀ ਦਾ ਧਰਮ ਖ਼ਤਮ ਹੋ ਚੁੱਕਾ ਹੈ। ਸੰਭਵ ਹੈ ਭਾਰਤ ਦੀ ਜਨਤਾ ਨੇ ਪੱਤਰਕਾਰੀ ਨੂੰ ਵੀ ਖ਼ਾਰਜ ਕਰ ਦਿੱਤਾ ਹੋਵੇ। ਉਸ ਨੇ ਇਹ ਵੀ ਲੋਕ ਫ਼ਤਵਾ ਦਿੱਤਾ ਹੋਵੇ ਕਿ ਸਾਨੂੰ ਮੋਦੀ ਚਾਹੀਦਾ ਹੈ, ਪੱਤਰਕਾਰੀ ਨਹੀਂ। ਇਸ ਤੋਂ ਬਾਅਦ ਵੀ ਮੇਰਾ ਯਕੀਨ ਉਨ੍ਹਾਂ ਮੋਦੀ ਸਮਰਥਕਾਂ 'ਤੇ ਹੈ, ਜੋ ਮੋਦੀ ਅਤੇ ਮੀਡੀਆ ਦੀ ਭੂਮਿਕਾ ਵਿਚ ਫ਼ਰਕ ਦੇਖਦੇ ਹਨ, ਸਮਝਦੇ ਹਨ। ਸ਼ਾਇਦ ਉਨ੍ਹਾਂ ਨੂੰ ਵੀ ਅਜਿਹਾ ਭਾਰਤ ਨਹੀਂ ਚਾਹੀਦਾ, ਜਿੱਥੇ ਲੋਕਾਂ ਦਾ ਪ੍ਰਤੀਨਿਧ ਪੱਤਰਕਾਰ ਆਪਣੇ ਪੇਸ਼ੇਵਰ ਧਰਮ ਨੂੰ ਛੱਡ, ਨੇਤਾ ਦੇ ਚਰਨਾਂ ਵਿਚ ਵਿਛਿਆ ਨਜ਼ਰ ਆਵੇ। ਮੈਨੂੰ ਚੰਗਾ ਲੱਗਾ ਕਿ ਕਈ ਮੋਦੀ ਸਮਰਥਕਾਂ ਨੇ ਲਿਖਿਆ ਕਿ ਅਸੀਂ ਤੁਹਾਡੇ ਨਾਲ ਅਸਹਿਮਤ ਹਾਂ ਪਰ ਤੁਹਾਡੀ ਪੱਤਰਕਾਰੀ ਦੇ ਕਾਇਲ ਹਾਂ। ਤੁਸੀਂ ਆਪਣਾ ਕੰਮ ਉਸੇ ਤਰ੍ਹਾਂ ਕਰਦੇ ਰਹਿਣਾ। ਅਜਿਹੇ ਸਾਰੇ ਸਮਰਥਕਾਂ ਦਾ ਮੇਰੇ ਵਿਚ ਯਕੀਨ ਕਰਨ ਲਈ ਸ਼ੁਕਰੀਆ। ਮੇਰੇ ਕਈ ਸਹਿਯੋਗੀ ਜਦੋਂ ਚੋਣ ਕਵਰੇਜ ਦੌਰਾਨ ਅਲੱਗ ਅਲੱਗ ਇਲਾਕਿਆਂ ਵਿਚ ਗਏ ਤਾਂ ਇਹੀ ਕਿਹਾ ਕਿ ਮੋਦੀ ਫੈਨ ਵੀ ਤੁਹਾਨੂੰ ਹੀ ਪੜ੍ਹਦੇ ਅਤੇ ਲਿਖਦੇ ਹਨ। ਸੰਘ ਦੇ ਲੋਕ ਵੀ ਇਕ ਵਾਰ ਚੈੱਕ ਕਰਦੇ ਹਨ ਕਿ ਮੈਂ ਕੀ ਬੋਲਿਆ। ਮੈਨੂੰ ਪਤਾ ਹੈ ਕਿ ਰਵੀਸ਼ ਨਹੀਂ ਰਹੇਗਾ ਤਾਂ ਉਹ ਰਵੀਸ਼ ਨੂੰ ਮਿਸ ਕਰਨਗੇ।

ਦੋ ਸਾਲ ਪਹਿਲਾਂ ਦਿੱਲੀ ਵਿਚ ਰਹਿਣ ਵਾਲੇ ਅੱਸੀ ਸਾਲ ਦੇ ਇਕ ਬਜ਼ੁਰਗ ਨੇ ਮੈਨੂੰ ਛੋਟੀ ਜਿਹੀ ਗੀਤਾ ਭੇਜੀ। ਲੰਬਾ ਸਾਰਾ ਖ਼ਤ ਲਿਖਿਆ ਤੇ ਮੇਰੇ ਲਈ ਲੰਬੇ ਜੀਵਨ ਦੀ ਦੁਆ ਕੀਤੀ। ਬੇਨਤੀ ਕੀਤੀ ਕਿ ਇਹ ਛੋਟੀ ਜਿਹੀ ਗੀਤਾ ਆਪਣੇ ਨਾਲ ਰੱਖਾਂ। ਮੈਂ ਉਨ੍ਹਾਂ ਦੀ ਗੱਲ ਮੰਨ ਲਈ। ਆਪਣੇ ਬੈਗ ਵਿਚ ਰੱਖ ਲਈ। ਜਦੋਂ ਲੋਕਾਂ ਨੇ ਕਿਹਾ ਕਿ ਹੁਣ ਤੁਸੀਂ ਸੁਰੱਖਿਅਤ ਨਹੀਂ ਹੋ, ਜਾਨ ਦਾ ਖ਼ਿਆਲ ਰੱਖੋ ਤਾਂ ਅੱਜ ਉਸ ਗੀਤਾ ਦੇ ਪੰਨੇ ਪਲਟ ਰਿਹਾ ਸੀ। ਉਸ ਦਾ ਇਕ ਸੂਤਰ ਤੁਹਾਡੇ ਨਾਲ ਸਾਂਝਾ ਕਰ ਰਿਹਾ ਹਾਂ-

ਅਥ ਚੇਤੱਤਵਮਿਮ ਧਰਮਯ ਸੰਗਰਾਮ ਨ ਕਰਿਸ਼ਯਸੀ, ਤਤਃ
ਸਵਧਰਮ ਕੀਰਤੀ ਚ ਹਿਤਵਾ ਪਾਪਮਵਾਪਸਯਸੀ

ਮੈਨੂੰ ਪਿਆਰ ਕਰਦੇ ਰਹੋ। ਮੈਨੂੰ ਜ਼ਲੀਲ ਕਰਨ ਨਾਲ ਕੀ ਮਿਲੇਗਾ? ਤੁਹਾਡਾ ਹੀ ਸਵੈ-ਅਭਿਮਾਨ ਟੁੱਟੇਗਾ ਕਿ ਇਸ ਮਹਾਨ ਭਾਰਤ ਵਿਚ ਤੁਸੀਂ ਇਕ ਪੱਤਰਕਾਰ ਦਾ ਸਾਥ ਨਹੀਂ ਦੇ ਸਕੇ। ਮੇਰੇ ਵਰਗਿਆਂ ਨੇ ਤੁਹਾਨੂੰ ਇਸ ਅਪਰਾਧ ਬੋਧ ਤੋਂ ਮੁਕਤ ਹੋਣ ਦਾ ਮੌਕਾ ਦਿੱਤਾ ਹੈ। ਇਹ ਅਪਰਾਧ ਬੋਧ ਤੁਹਾਡੇ 'ਤੇ ਉਸੇ ਤਰ੍ਹਾਂ ਭਾਰੀ ਪਏਗਾ ਜਿਵੇਂ ਅੱਜ ਵਿਰੋਧੀ ਧਿਰ ਲਈ ਉਸ ਦੀਆਂ ਅਤੀਤ ਦੀਆਂ ਅਨੈਤਿਕਤਾਵਾਂ ਭਾਰੀ ਰਹੀਆਂ ਹਨ। ਇਸ ਲਈ ਤੁਸੀਂ ਮੈਨੂੰ ਮਜ਼ਬੂਤ ਕਰੋ। ਮੇਰੇ ਵਰਗਿਆਂ ਨਾਲ ਖੜ੍ਹੇ ਹੋਵੋ। ਤੁਸੀਂ ਮੋਦੀ ਨੂੰ ਮਜ਼ਬੂਤ ਕੀਤਾ। ਤੁਹਾਡਾ ਹੀ ਧਰਮ ਹੈ ਕਿ ਤੁਸੀਂ ਪੱਤਰਕਾਰੀ ਨੂੰ ਵੀ ਮਜ਼ਬੂਤ ਕਰੋ। ਸਾਡੇ ਕੋਲ ਜੀਵਨ ਦਾ ਦੂਸਰਾ ਬਦਲ ਨਹੀਂ ਹੈ। ਹੁੰਦਾ ਤਾਂ ਸ਼ਾਇਦ ਅੱਜ ਇਸ ਪੇਸ਼ੇ ਨੂੰ ਛੱਡ ਦਿੰਦਾ। ਉਸ ਦਾ ਕਾਰਨ ਇਹ ਨਹੀਂ ਕਿ ਹਾਰ ਗਿਆ ਹਾਂ। ਕਾਰਨ ਇਹ ਹੈ ਕਿ ਥੱਕ ਗਿਆ ਹਾਂ। ਕੁਝ ਨਵਾਂ ਕਰਨਾ ਚਾਹੁੰਦਾ ਹਾਂ। ਪਰ ਜਦੋਂ ਤਕ ਹਾਂ, ਉਦੋਂ ਤਕ ਤਾਂ ਇਸੇ ਤਰ੍ਹਾਂ ਕਰਾਂਗਾ। ਕਿਉਂਕਿ ਜਨਤਾ ਨੇ ਮੈਨੂੰ ਨਹੀਂ ਹਰਾਇਆ ਹੈ, ਮੋਦੀ ਨੂੰ ਜਿਤਾਇਆ ਹੈ। ਪ੍ਰਧਾਨ ਮੰਤਰੀ ਮੋਦੀ ਨੂੰ ਵਧਾਈ।

## ਪੰਜਾਬ ਵਿਚ ਮਹਾਂਮਾਰੀ ਵਾਂਗ ਫੈਲਿਆ

# ਗੰਨਮੈਨ ਕਲਚਰ

**ਬਲਰਾਜ ਸਿੰਘ**



ਪੰਜਾਬ ਵਿਚ ਲੋਕਾਂ 'ਤੇ ਰੋਅਬ ਪਾਉਣ ਦਾ ਸਭ ਤੋਂ ਸੌਖਾ ਤਰੀਕਾ ਸਮਝਿਆ ਜਾਂਦਾ ਹੈ ਸਰਕਾਰੀ ਗੰਨਮੈਨ ਲੈ ਕੇ ਲਾਲ ਬੱਤੀ ਵਾਲੀ ਗੱਡੀ ਵਿਚ ਘੁੰਮਣਾ। ਜਦੋਂ ਵੀ ਸਰਕਾਰ ਬਦਲਦੀ ਹੈ, ਸੱਤਾਧਾਰੀ ਕਥਿਤ ਵੀਆਈਪੀਜ਼ ਦੀ ਜਾਨ ਨੂੰ ਖਤਰਾ ਵਧ ਜਾਂਦਾ ਹੈ ਤੇ ਉਹਨਾਂ ਵਿਚ ਗੰਨਮੈਨ ਲੈਣ ਦੀ ਹੋੜ੍ਹ



ਮੱਚ ਜਾਂਦੀ ਹੈ। ਬਲਾਕ ਪ੍ਰਧਾਨ ਵੀ 2-2, 3-3 ਗੰਨਮੈਨ ਅਲਾਟ ਕਰਵਾ ਲੈਂਦਾ ਹੈ। ਮੇਅਰ-ਡਿਪਟੀ ਮੇਅਰ ਵੀ ਕਈ ਕਈ ਗੰਨਮੈਨ ਲਈ ਫਿਰਦੇ ਹਨ। ਵੈਸੇ ਵਿਚਾਰੇ ਪੰਚਾਂ-ਸਰਪੰਚਾਂ ਨੂੰ ਅਜੇ ਗੰਨਮੈਨ ਮਿਲਣੇ ਸ਼ੁਰੂ ਨਹੀਂ ਹੋਏ। ਕਿਸੇ ਬੰਦੇ ਦੀ ਰਾਜਸੀ ਪਹੁੰਚ ਉਸ ਦੇ ਗੰਨਮੈਨਾਂ ਦੀ ਗਿਣਤੀ ਅਤੇ ਹਥਿਆਰਾਂ ਦੀ ਕਿਸਮ ਤੋਂ ਨਿਸ਼ਚਿਤ ਹੁੰਦੀ ਹੈ। ਜਿਸਦੇ ਗੰਨਮੈਨ ਕੋਲ ਏ.ਕੇ. 47 ਹੋਵੇ, ਉਹ ਵਿਅਕਤੀ ਵੱਡਾ ਵੀ.ਆਈ. ਪੀ. ਸਮਝਿਆ ਜਾਂਦਾ ਹੈ। ਮੈਂ ਅਜਿਹੇ ਕਈ ਠੱਗਾਂ ਨੂੰ ਜਾਣਦਾ ਹਾਂ ਜਿਹਨਾਂ ਨੇ ਲੋਕਾਂ ਦੇ ਕਰੋੜਾਂ ਰੁਪਏ ਮਾਰੇ ਹੋਏ ਹਨ, ਪਰ ਸਿਰਫ ਗੰਨਮੈਨਾਂ ਦੇ ਸਿਰ 'ਤੇ ਛਿੱਤਰਾਂ ਤੋਂ ਬਚੇ ਹੋਏ ਹਨ।

ਕਈ ਵਿਚਾਰੇ ਤਾਂ ਸਿਰਫ ਚਾਰ ਦਿਨ ਗੰਨਮੈਨਾਂ ਦਾ ਸਵਾਦ ਵੇਖਣ ਲਈ ਹੀ ਹਰੇਕ ਵਿਧਾਨ ਸਭਾ ਅਤੇ ਪਾਰਲੀਮੈਂਟ ਚੋਣ ਵੇਲੇ ਕਾਗਜ਼ ਭਰ ਦਿੰਦੇ ਹਨ। ਬਹੁਤੇ ਲੀਡਰਾਂ ਦੀ ਜਾਨ ਨੂੰ ਸਿਰਫ ਪੰਜ ਸਾਲ ਖਤਰਾ ਰਹਿੰਦਾ ਹੈ, ਸਰਕਾਰ ਬਦਲਦੇ ਸਾਰ ਖਤਰਾ ਖਤਮ ਹੋ ਜਾਂਦਾ ਹੈ ਤੇ ਗੰਨਮੈਨ ਵਾਪਸ ਲੈ ਲਏ ਜਾਂਦੇ ਹਨ। ਕਿਸੇ ਸੱਤਾਧਾਰੀ ਵਾਸਤੇ ਆਪਣੇ ਹਮਾਇਤੀ ਨੂੰ ਖੁਸ਼ ਕਰਨ ਦਾ ਸਭ ਤੋਂ ਸੌਖਾ ਤਰੀਕਾ ਹੈ ਕਿ ਉਸ ਨੂੰ ਗੰਨਮੈਨ ਅਲਾਟ ਕਰ ਦਿੱਤੇ ਜਾਣ। ਪੰਜਾਬ ਵਿੱਚ ਅੱਤਵਾਦ ਦੇ ਸਮੇਂ ਖਾੜਕੂਆਂ ਨੇ ਇੱਕ ਵਾਰ ਐਲਾਨ ਕੀਤਾ ਸੀ ਕਿ ਅਸੀਂ ਲਾਲ ਬੱਤੀ ਵਾਲੀਆਂ ਗੱਡੀਆਂ ਅਤੇ ਗੰਨਮੈਨਾਂ ਵਾਲੇ ਵਿਅਕਤੀਆਂ 'ਤੇ ਹਮਲੇ ਕਰਾਂਗੇ, ਰਾਤੋ ਰਾਤ ਕਥਿਤ ਵੀ.ਆਈ.ਪੀਆਂ ਦੀਆਂ ਲਾਲ ਬੱਤੀਆਂ ਗਾਇਬ ਹੋ ਗਈਆਂ ਸਨ।

ਗੰਨਮੈਨ ਇੱਕ ਅਜਿਹਾ ਵਿਅਕਤੀ ਹੈ ਜਿਸ ਦੀ ਰੱਜ ਕੇ ਦੁਰਵਰਤੋਂ ਕੀਤੀ ਜਾਂਦੀ ਹੈ। ਉਸ ਦੀ ਵਰਤੋਂ ਸੁਰੱਖਿਆ ਲਈ ਕਰਨ ਦੀ ਬਜਾਏ ਡਰਾਈਵਰ ਅਤੇ ਟੋਲ ਟੈਕਸ ਬਚਾਉਣ ਵਾਲੇ ਵਜੋਂ ਕੀਤੀ ਜਾਂਦੀ ਹੈ। ਜਦੋਂ ਵੀ ਕੋਈ ਕਥਿਤ ਵੀ.ਆਈ.ਪੀ ਗੰਨਮੈਨ ਅਲਾਟ ਕਰਵਾਉਂਦਾ ਹੈ ਤਾਂ ਉਸ ਦੀ ਸਭ ਤੋਂ ਪਹਿਲੀ ਮੰਗ ਇਹੀ ਹੁੰਦੀ ਹੈ ਕਿ ਉਸ ਨੂੰ ਗੱਡੀ ਚਲਾਉਣੀ ਆਉਂਦੀ ਹੋਵੇ ਤੇ ਉਸ ਨੂੰ ਏ.ਕੇ.47 ਅਲਾਟ ਕੀਤੀ ਜਾਵੇ। ਪੰਜਾਬੀਆਂ ਵਿੱਚ ਗੰਨਮੈਨ ਲੈਣ ਦੀ ਇੰਨੀ ਤੀਬਰ ਇੱਛਾ ਪਾਈ ਜਾਂਦੀ ਹੈ ਕਿ ਕਈ ਥਾਂਈਂ ਲੋਕਾਂ ਨੇ ਖੁਦ ਆਪਣੇ ਆਪ 'ਤੇ ਫਾਇਰਿੰਗ ਕਰਵਾਈ। ਕਥਿਤ ਵੀ.ਆਈ.ਪੀਜ਼ ਨੂੰ ਕਈ ਲੋਕ ਵੀ ਫੁਕਰੀ ਵਿਖਾਉਣ ਖਾਤਰ ਆਪਣੇ ਵਿਆਹ ਸ਼ਾਦੀਆਂ ਵਿਚ ਬੁਲਾ ਲੈਂਦੇ ਹਨ। ਉਸ ਨਾਲ ਆਈ ਗੰਨਮੈਨਾਂ ਦੀ ਧਾੜ ਬਰਾਤ ਲਈ ਸਜਾਇਆ ਸਾਰਾ ਖਾਣਾ ਚਟਮ ਕਰ ਜਾਂਦੀ ਹੈ ਤੇ ਬਿਨਾ ਕਿਸੇ ਸ਼ਰਮ ਭੈਅ ਦੇ ਵਿਆਹ ਵਾਲੇ ਘਰ ਦੀਆਂ ਔਰਤਾਂ ਵਿਚ ਵੱਜਦੇ ਫਿਰਦੇ ਹਨ।

ਸਰੀਰ ਨਾਸ਼ਵਾਨ ਹੈ, ਮੌਤ ਤੋਂ ਨਹੀਂ ਡਰਨਾ ਚਾਹੀਦਾ ਅਤੇ ਆਤਮਾ ਅਮਰ ਹੈ-ਦੀ ਸਿੱਖਿਆ ਸ਼ਰਧਾਲੂਆਂ ਨੂੰ ਦੇਣ ਵਾਲੇ ਸਾਡੇ ਮੁਸ਼ਟੰਡੇ ਬਾਬੇ ਵੀ ਗੰਨਮੈਨ ਲੈਣ ਵਿਚ ਕਿਸੇ ਤੋਂ ਪਿੱਛੇ ਨਹੀਂ। ਮਾੜੇ ਤੋਂ ਮਾੜਾ ਬਾਬਾ ਬਾਬਾ ਵੀ 5-7 ਗੰਨਮੈਨ ਲਏ ਬਗੈਰ ਸੰਗਤਾਂ ਨੂੰ ਪ੍ਰਵਚਨ ਦੇਣ ਬਾਹਰ ਨਹੀਂ ਨਿਕਲਦਾ। ਪੰਜਾਬ ਦੀ ਇੱਕ ਸੱਜੇ ਪੱਖੀ ਕੱਟੜਪੰਥੀ ਜਮਾਤ ਗੰਨਮੈਨ ਲੈਣ ਵਿਚ ਸਭ ਤੋਂ ਅੱਗੇ ਹੈ। ਇਸ ਦਾ ਜੋ ਵੀ ਲੀਡਰ 1984 ਦੀ ਵਰ੍ਹੇਗੰਢ 'ਤੇ ਇੱਕ ਖਾਸ ਧਾਰਮਿਕ ਵਿਅਕਤੀ ਦਾ ਪੁਤਲਾ ਫੂਕਣ ਦਾ ਐਲਾਨ ਕਰਦਾ ਹੈ, ਉਸੇ ਨੂੰ ਝਟ ਗੰਨਮੈਨ ਮਿਲ ਜਾਂਦੇ ਹਨ।

ਕੈਨੇਡਾ-ਅਮਰੀਕਾ ਦੇ ਕਈ ਪੱਤਰਕਾਰ ਤੇ ਨੇਤਾ ਉੱਥੇ ਕੰਧਾਂ ਵਿਚ ਵੱਜਦੇ ਫਿਰਦੇ ਹਨ, ਪਰ ਦਿੱਲੀ ਉੱਤਰਦੇ ਸਾਰ ਉਹਨਾਂ ਨੂੰ ਕਈ ਕਈ ਗੰਨਮੈਨ ਮਿਲ ਜਾਂਦੇ ਹਨ। ਉੱਥੇ ਇਹ ਸਾਡੇ ਕਲਚਰ ਨੂੰ ਰੇਡੀਓ, ਅਖਬਾਰਾਂ ਵਿਚ ਰੱਜ ਕੇ ਭੰਡਦੇ ਹਨ ਪਰ ਇੱਥੇ ਆਣ ਕੇ ਉਹੀ ਕਰਤੂਤਾਂ ਕਰਦੇ ਹਨ। ਕੈਨੇਡਾ ਦੇ ਦੋ-ਤਿੰਨ ਪੱਤਰਕਾਰ ਤਾਂ ਇਸ ਕੰਮ ਲਈ ਖਾਸ ਤੌਰ 'ਤੇ ਬਦਨਾਮ ਹਨ। ਕਈ ਇਲੈਕਸ਼ਨਾਂ ਹਾਰ ਚੁੱਕੀ ਕੈਨੇਡਾ ਦੀ ਇੱਕ ਫਲਾਪ ਸਾਬਕਾ ਮਹਿਲਾ ਐੱਮਪੀ. ਨੂੰ ਪੰਜਾਬ ਆਉਣ 'ਤੇ ਪੁਲਿਸ ਦੀ ਸੁਰੱਖਿਆ ਗੱਡੀ ਮਿਲਦੀ ਹੁੰਦੀ ਸੀ। ਕਈ ਕਥਿਤ ਵੀਆਈਪੀ ਗੰਨਮੈਨ ਤਾਂ ਲੈ ਲੈਂਦੇ ਹਨ ਪਰ ਗੰਨਮੈਨਾਂ ਨੂੰ ਰੋਟੀ ਖੁਆਉਣ ਅਤੇ ਰਿਹਾਇਸ਼ ਦੇਣ ਦੀ ਉਹਨਾਂ ਦੀ ਔਕਾਤ ਨਹੀਂ ਹੁੰਦੀ। ਮਾਝੇ ਦੇ ਇੱਕ ਮਹਾਂ ਸ਼ਿਕਾਇਤੀ ਸੱਜੇ ਪੱਖੀ ਕੱਟੜਵਾਦੀ ਲੀਡਰ ਦੀ ਭੀੜੀ ਜਿਹੀ ਗਲੀ ਵਿੱਚ ਛੋਟੀ ਜਿਹੀ ਦੁਕਾਨ ਅਤੇ ਘਰ ਹੈ। ਉਸ ਨੇ ਗੰਨਮੈਨਾਂ ਵਾਸਤੇ ਆਪਣੇ ਘਰ ਦੇ ਬਾਹਰ ਗਲੀ ਵਿਚ ਟੈਂਟ ਲਗਵਾਏ ਹੋਏ ਹਨ, ਵਿਚਾਰੇ ਗਰਮੀ ਸਰਦੀ ਵਿੱਚ ਬਾਹਰ ਹੀ ਠਰਦੇ ਸੜਦੇ ਰਹਿੰਦੇ ਹਨ। ਕਈ ਕਥਿਤ ਵੀਆਈਪੀ. ਸਾਇਕਲਾਂ-ਮੋਟਰ ਸਾਇਕਲਾਂ ਪਿੱਛੇ ਗੰਨਮੈਨ ਬਿਠਾਈ ਫਿਰਦੇ ਹਨ।

ਕਈ ਲੋਕ ਇੰਨੇ ਜੁਗਾੜੀ ਹੁੰਦੇ ਹਨ ਕਿ ਸਰਕਾਰ ਚਾਹੇ ਕਿਸੇ ਪਾਰਟੀ ਦੀ ਹੋਵੇ, ਇੱਧਰੋਂ ਉੱਧਰੋਂ ਗੋਟੀਆਂ ਫਿੱਟ ਕਰ ਕੇ ਗੰਨਮੈਨ ਲੈ ਹੀ ਲੈਂਦੇ ਹਨ। ਪੰਜਾਬ ਵਿੱਚ ਗੰਨਮੈਨ ਲੈਣ ਵਾਲੇ 90% ਲੋਕਾਂ ਨੂੰ ਕੋਈ ਖਤਰਾ ਨਹੀਂ ਹੈ। ਉਹ ਸਿਰਫ ਸ਼ਾਨ ਵਧਾਉਣ 'ਤੇ ਲੋਕਾਂ ਉੱਤੇ ਰੋਹਬ ਗੱਠਣ ਲਈ ਹੀ ਗੰਨਮੈਨ ਲੈਂਦੇ ਹਨ। ਕਹਿੰਦੇ ਹਨ ਇੱਕ ਟਟਪੂੰਜੀਆ ਲੀਡਰ ਆਪਣੇ ਗੰਨਮੈਨ ਨੂੰ ਕਹਿਣ ਲੱਗਾ ਕਿ ਜੇ ਕੋਈ ਮੈਨੂੰ ਮਾਰਨ ਵਾਸਤੇ ਆਇਆ ਤਾਂ ਤੂੰ ਮੈਨੂੰ ਬਚਾ ਲਵੇਂਗਾ? ਗੰਨਮੈਨ ਅੱਗੋਂ ਬੋਲਿਆ ਕਿ ਜੇ ਕੋਈ ਪੂਰੀ ਤਿਆਰੀ ਨਾਲ ਆਇਆ ਤਾਂ ਮੈਂ ਤੁਹਾਨੂੰ ਕਿਵੇਂ ਬਚਾ ਸਕਦਾ ਹਾਂ? ਲੀਡਰ ਕਹਿੰਦਾ ਕਿ ਫਿਰ ਤੂੰ ਮੇਰੇ ਪਿੱਛੇ ਕਿਉਂ ਖੜ੍ਹਾ ਹੈਂ? ਸਰ ਮੈਂ ਉਸ 'ਤੇ ਪਰਚਾ ਦਰਜ ਕਰਵਾਂਗਾ, ਮੌਕੇ ਦਾ ਗਵਾਹ ਬਣ ਕੇ ਗਵਾਹੀ ਦੇਵਾਂਗਾ ਤੇ ਉਸ ਨੂੰ ਫਾਂਸੀ ਲਗਵਾਵਾਂਗਾ। ਗੰਨਮੈਨ ਨੇ ਸਚਾਈ ਦੱਸੀ।

ਗੰਨਮੈਨ ਕਲਚਰ ਨੇ ਪੰਜਾਬ ਦੀ ਆਰਥਿਕਤਾ ਉੱਤੇ ਬਹੁਤ ਵੱਡਾ ਬੋਝ ਪਾਇਆ ਹੋਇਆ ਹੈ। ਹਰ ਮਹੀਨੇ ਸਰਕਾਰ ਦੇ ਕਰੋੜਾਂ ਰੁਪਏ ਗੰਨਮੈਨਾਂ ਦੀ ਤਨਖਾਹ ਅਤੇ ਟੀਏ.-ਡੀਏ. ਵਿਚ ਹੀ ਨਿਕਲ ਜਾਂਦੇ ਹਨ। ਆਮ ਡਿਊਟੀ ਕਰਨ ਲਈ ਜਵਾਨ ਨਹੀਂ ਲੱਭਦੇ। ਇਲੈਕਸ਼ਨ ਡਿਊਟੀ ਵੇਲੇ ਧੱਕੇ ਨਾਲ ਗੰਨਮੈਨ ਵਾਪਸ ਲੈਣੇ ਪੈਂਦੇ ਹਨ। ਉਸ ਵੇਲੇ ਕਥਿਤ ਵੀਆਈਪੀਜ਼ ਦੀ ਹਾਲਤ ਵੇਖਣ ਵਾਲੀ ਹੁੰਦੀ ਹੈ। ਕਈ ਤਾਂ ਵਿਚਾਰੇ ਸ਼ਰਮ ਦੇ ਮਾਰੇ ਬਾਹਰ ਹੀ ਨਹੀਂ ਨਿਕਲਦੇ। ਗੰਨਮੈਨ ਕਲਚਰ ਵੇਖਣਾ ਹੋਵੇ ਤਾਂ ਸਵੇਰੇ ਸ਼ਾਮ ਚੰਡੀਗੜ੍ਹ ਦੀ ਸੁਖਨਾ ਝੀਲ 'ਤੇ ਸੈਰ ਕਰਨ ਜਾਣਾ ਚਾਹੀਦਾ ਹੈ। ਬਹੁਤੇ ਲੋਕ ਸਿਰਫ ਗੰਨਮੈਨ ਵਿਖਾਉਣ ਲਈ ਹੀ ਸੈਰ ਕਰਨ ਆਉਂਦੇ ਹਨ। ਉਹਨਾਂ ਦੀਆਂ ਧੌਣਾਂ ਕਿਰਲੇ ਵਾਂਗ ਆਕੜੀਆਂ ਹੁੰਦੀਆਂ ਹਨ। ਇਹਨਾਂ ਕਥਿਤ ਵੀਆਈਪੀਜ਼ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਆਮ ਲੋਕ ਹੁਣ ਪਿੱਠ ਪਿੱਛੇ ਫੁਕਰਾ ਕਹਿ ਕੇ ਉਹਨਾਂ ਦਾ ਮਖੌਲ ਉਡਾਉਂਦੇ ਹਨ। ਜਿਸ ਨੂੰ ਸਹੀ ਅਰਥਾਂ ਵਿੱਚ ਖਤਰਾ ਹੋਵੇ, ਉਹ ਅਜਿਹੇ ਰਿਸਕ ਨਹੀਂ ਲੈਂਦਾ, ਬਹੁਤ ਸਾਵਧਾਨੀ ਨਾਲ ਬਾਹਰ ਨਿਕਲਦਾ ਹੈ। ਪਰ ਇਹ ਲੋਕ ਸਮਝਦੇ ਹਨ ਕਿ ਜੇ ਗੰਨਮੈਨ ਕਿਸੇ ਨੇ ਵੇਖਿਆ ਹੀ ਨਾ ਤਾਂ ਫਿਰ ਲੈਣ ਦਾ ਕੀ ਫਾਇਦਾ? ਪਿੱਛੇ ਜਿਹੇ ਇੱਕ ਵਿਧਾਇਕ ਨਾਲ ਹੋਈ ਕੁੱਟਮਾਰ ਜਨਤਾ ਨੇ ਸ਼ਰੇਆਮ ਟੀਵੀ. 'ਤੇ ਵੇਖੀ ਸੀ। ਉਸ ਦੇ ਗੰਨਮੈਨਾਂ ਨੇ ਉਸ ਨੂੰ ਬਚਾਉਣ ਦੀ ਬਜਾਏ ਦੂਸਰੇ ਪਾਸੇ ਮੂੰਹ ਕਰ ਲਿਆ ਸੀ। ਇਸ ਲਈ ਗੰਨਮੈਨਾਂ ਦੇ ਸਿਰ 'ਤੇ ਕਦੇ ਵੀ ਪੁੱਠੇ ਪੰਗੇ ਨਹੀਂ ਲੈਣੇ ਚਾਹੀਦੇ, ਡਾਢੀ ਬੇਇੱਜ਼ਤੀ ਹੋ ਸਕਦੀ ਹੈ।

ਦਿੱਲੀ ਵਿੱਚ ਸਾਰੇ ਭਾਰਤ ਤੋਂ ਵੀਆਈਪੀਜ਼. ਆਉਂਦੇ ਹਨ ਪਰ ਪੰਜਾਬ ਤੋਂ ਗਏ ਕਥਿਤ ਵੀਆਈ. ਪੀ ਦੂਰੋਂ ਹੀ ਪਛਾਣੇ ਜਾਂਦੇ ਹਨ। ਕਿਸੇ ਮਾਲ ਵਿਚ ਵੀ ਜਾਣ ਤਾਂ ਵੀ ਗੰਨਮੈਨਾਂ ਦੀ ਫੌਜ ਨਾਲ ਲੈ ਕੇ ਜਾਂਦੇ ਹਨ। ਬਹੁਤੇ ਕਥਿਤ ਵੀਆਈਪੀ. ਤਾਂ ਗੰਨਮੈਨ ਦੇ ਚਾਕਰ ਬਣ ਜਾਂਦੇ ਹਨ ਕਿ ਕਿਤੇ ਗੰਨਮੈਨ ਸਾਹਿਬ ਨਰਾਜ਼ ਹੋ ਕੇ ਚਲੇ ਨਾ ਜਾਣ। ਆਪ ਰੋਟੀ ਖਾਣ ਤੋਂ ਪਹਿਲਾਂ ਗੰਨਮੈਨ ਨੂੰ ਖੁਆਉਂਦੇ ਹਨ ਤੇ ਆਪ ਸੌਣ ਤੋਂ ਪਹਿਲਾਂ ਗੰਨਮੈਨ ਨੂੰ ਸਵਾਉਂਦੇ ਹਨ। ਕਈ ਗੰਨਮੈਨ ਜ਼ਿਆਦਾ ਹੀ ਚਟਕ ਹੁੰਦੇ ਹਨ, ਉਹ ਘਰ ਦੇ ਅੰਦਰ ਤਕ ਪਹੁੰਚ ਬਣਾ ਲੈਂਦੇ ਹਨ। ਕਈ ਕਥਿਤ ਵੀਆਈਪੀ ਅੱਯਾਸ਼ੀ ਕਰਦੇ ਹੋਏ ਗੰਨਮੈਨਾਂ ਦੁਆਰਾ ਉਹਨਾਂ ਦੀਆਂ ਪਤਨੀਆਂ ਕੋਲ ਚੁਗਲੀ ਕਰ ਕੇ ਪਕੜਵਾਏ ਗਏ ਹਨ। ਇੱਕ ਗੰਨਮੈਨ ਨੇ ਤਾਂ ਕਥਿਤ ਵੀਆਈਪੀ. ਦੇ ਘਰ ਅੰਦਰ ਹੀ ਨਿੱਘੇ ਸਬੰਧ ਬਣਾ ਲਏ ਸਨ, ਵਿਚਾਰੇ ਵੀਆਈਪੀ. ਨੂੰ ਆਪਣਾ ਘਰ ਬਚਾਉਣ ਖਾਤਰ ਗੰਨਮੈਨ ਵਾਪਸ ਕਰਨੇ ਪਏ। ਇੱਦਾਂ ਵੀ ਨਹੀਂ ਹੈ ਕਿ ਕੋਈ ਮੁਲਾਜ਼ਮ ਗੰਨਮੈਨ ਲੱਗ ਕੇ ਖੁਸ਼ ਨਹੀਂ, ਕਈ ਤਾਂ ਅਜਿਹੇ ਸੂਰਮੇ ਹਨ ਜੋ ਸਾਰੀ ਨੌਕਰੀ ਗੰਨਮੈਨੀ ਕਰ ਕੇ ਹੀ ਕੱਢ ਦਿੰਦੇ ਹਨ। ਜੇ ਕਿਤੇ ਉਹਨਾਂ ਨੂੰ ਕਿਸੇ ਖਾਸ ਕਥਿਤ ਵੀਆਈਪੀ. ਨਾਲੋਂ ਹਟਾ ਦਿੱਤਾ ਜਾਵੇ ਤਾਂ ਉਹਨਾਂ ਦੀ ਜਾਨ ਨਿਕਲ ਜਾਂਦੀ ਹੈ। ਸਿਫਾਰਸ਼ਾਂ ਪਾ ਕੇ ਦੁਬਾਰਾ ਉੱਥੇ ਹੀ ਵਾਪਸ ਪਹੁੰਚ ਜਾਂਦੇ ਹਨ। ਕਈ ਤਾਂ ਆਪਣਾ ਹੁਲੀਆ ਵੀ ਆਪਣੇ ਮਾਲਕ ਵਰਗਾ ਬਣਾ ਲੈਂਦੇ ਹਨ। ਕੋਈ ਦਾੜ੍ਹੀ ਖੁੱਲ੍ਹੀ ਛੱਡ ਲੈਂਦਾ ਹੈ, ਕੋਈ ਨੀਲੀ-ਚਿੱਟੀ ਪੱਗ ਬੰਨ੍ਹੀ ਫਿਰਦਾ ਹੈ ਤੇ ਕੋਈ ਵੱਡਾ ਸਾਰਾ ਤਿਲਕ ਲਗਾ ਲੈਂਦਾ ਹੈ।

ਪੰਜਾਬ ਵਿਚ ਕਥਿਤ ਵੀਆਈਪੀਜ਼. ਦੀਆਂ ਦੋ ਤਿੰਨ ਅਹਿਮ ਨਿਸ਼ਾਨੀਆਂ ਹਨ, ਚਮਕਦਾ ਹੋਇਆ ਮਾਂਡੀ ਲੱਗਾ ਕੁੜਤਾ ਪਜਾਮਾ, ਫਾਰਚੂਨਰ ਗੱਡੀ, ਰਿਬੌਕ ਦੇ ਬੂਟ, ਐਪਲ ਦਾ ਲੇਟੈਸਟ ਆਈਫੋਨ ਅਤੇ ਦੋ ਤਿੰਨ ਅਸਾਲਟਾਂ ਵਾਲੇ ਗੰਨਮੈਨ। ਜਦ ਤਕ ਪੰਜਾਬ ਵਿਚ ਵੀਆਈਪੀ. ਕਲਚਰ ਚੱਲਦਾ ਰਹੇਗਾ, ਗੰਨਮੈਨ ਲੈਣ ਦਾ ਰੁਝਾਨ ਵੀ ਚਲਦਾ ਰਹੇਗਾ।

## ਸਿੱਖਾਂ ਵੱਲੋਂ ਜੂਨ-1984 ਦੇ ਘੱਲੂਘਾਰੇ ਦੀ ਯਾਦ ਵਿਚ ਲੰਡਨ 'ਚ ਭਾਰੀ ਰੋਸ ਮੁਜ਼ਾਹਰਾ

### *ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਵਲੋਂ ਸਮੂਹ ਸਿੱਖ ਜਥੇਬੰਦੀਆਂ ਅਤੇ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ*

**ਲੰਡਨ/ਏਟੀ ਨਿਊਜ਼ :** ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਵਲੋਂ ਜੂਨ-1984 'ਚ ਸਿੱਖ ਤਵਾਰੀਖ ਵਿੱਚ ਵਾਪਰੇ ਤੀਜੇ ਖ਼ੂਨੀ ਘੱਲੂਘਾਰੇ ਦੀ ਯਾਦ ਵਿੱਚ 2 ਜੂਨ, ਦਿਨ ਐਤਵਾਰ ਨੂੰ ਲੰਡਨ ਵਿਖੇ ਭਾਰੀ ਰੋਸ ਮੁਜ਼ਾਹਰਾ ਕੀਤਾ ਗਿਆ। ਇਸ ਮੌਕੇ ਬੋਲਦਿਆਂ ਵੱਖ-ਵੱਖ ਬੁਲਾਰਿਆਂ ਵੱਲੋਂ ਜੂਨ-1984 ਦੇ ਖ਼ੂਨੀ ਘੱਲੂਘਾਰੇ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਅਰਪਨ ਕਰਦਿਆਂ ਸਿੰਘਾਂ ਦੀਆਂ ਸ਼ਹਾਦਤਾਂ ਨਾਲ ਸਿਰਜੇ ਜਾਣ ਵਾਲੇ ਕੌਮੀ ਘਰ ਖਾਲਿਸਤਾਨ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖਣ ਦੀ ਵਚਨਬੱਧਤਾ ਦੁਹਰਾਈ ਗਈ।



ਸਿੱਖ ਆਗੂਆਂ ਨੇ ਕਿਹਾ ਕਿ ਭਾਰਤ ਸਰਕਾਰ ਅਤੇ ਉਸ ਦੇ ਦੁੱਮਛੱਲਿਆਂ ਵਲੋਂ ਸਿੱਖ ਸੰਗਤਾਂ ਨੂੰ ਖਾਲਿਸਤਾਨ ਦੇ ਨਿਸ਼ਾਨੇ ਤੋਂ ਭਟਕਾਉਣ ਅਤੇ ਥਿੜਕਾਉਣ ਦੀ ਕੋਈ ਵੀ ਕੋਝੀ ਅਤੇ ਕਮੀਨੀ ਚਾਲ ਸਫਲ ਨਹੀਂ ਹੋਣ ਦਿੱਤੀ ਜਾਵੇਗੀ। ਸਿੱਖਾਂ ਦਾ ਕੌਮੀ ਨਿਸ਼ਾਨਾ ਕਾਲੀਆਂ ਸੂਚੀਆਂ ਜਾਂ ਰਿਹਾਈਆਂ ਨਹੀਂ ਬਲਕਿ ਕੇਵਲ ਅਤੇ ਕੇਵਲ ਖਾਲਿਸਤਾਨ ਹੈ। ਉਕਤ ਮੁੱਦੇ ਸਿੱਖ ਸੰਘਰਸ਼ ਦਾ ਅੰਗ ਜ਼ਰੂਰ ਹਨ, ਜਿਹਨਾਂ ਦੀ ਪ੍ਰਾਪਤੀ ਵੀ ਜ਼ਰੂਰੀ ਹੈ ਪਰ ਜੂਨ-1984 ਦਾ ਘੱਲੂਘਾਰਾ ਨਾ ਭੁੱਲਣਯੋਗ, ਨਾ ਬਖਸ਼ਣਯੋਗ ਹੈ। ਇਹ ਇਕ ਅਜਿਹਾ ਜ਼ਖਮ ਹੈ, ਜੋ ਸਿੱਖ ਕੌਮ ਨੂੰ ਹਮੇਸ਼ਾ ਖਾਲਿਸਤਾਨ ਰੂਪੀ ਨਿਸ਼ਾਨੇ ਦੀ ਪ੍ਰਾਪਤੀ ਲਈ ਯਤਨਸ਼ੀਲ ਰਹਿਣ ਦੀ ਯਾਦ ਦ੍ਰਿੜ ਕਰਵਾਉਂਦਾ ਹੈ ।

ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਵਲੋਂ ਇਸ ਰੋਸ ਮੁਜ਼ਾਹਰੇ ਨੂੰ ਕਾਮਯਾਬ ਕਰਨ ਵਾਲੀਆਂ ਸਮੂਹ ਗੁਰਦਵਾਰਾ ਪ੍ਰਬੰਧਕ ਕਮੇਟੀਆਂ, ਸਿੱਖ ਸੰਗਤਾਂ ਅਤੇ ਮੀਡੀਏ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਵੀਹ ਹਜ਼ਾਰ ਤੋਂ ਵੱਧ ਸਿੱਖ ਸੰਗਤਾਂ ਨੇ ਇਸ ਰੋਹ ਭਰਪੂਰ ਮੁਜ਼ਾਹਰੇ ਵਿੱਚ ਸ਼ਮੂਲੀਅਤ ਕਰਕੇ ਭਾਰਤ ਸਰਕਾਰ ਅਤੇ ਸਿੱਖ ਦੁਸ਼ਮਣਾਂ ਨੂੰ ਸਪੱਸ਼ਟ ਸੁਨੇਹਾ ਦਿੱਤਾ ਕਿ ਸਿੱਖ ਇਸ ਖ਼ੂਨੀ ਘੱਲੂਘਾਰੇ ਨੂੰ ਕਦੇ ਵੀ ਭੁੱਲ ਨਹੀਂ ਸਕਦੇ ਬਲਕਿ ਖਾਲਿਸਤਾਨ ਬਣਨ ਤੋਂ ਬਾਅਦ ਵੀ ਦੇਸ਼-ਵਿਦੇਸ਼ ਵਿੱਚ ਇਸ ਘੱਲੂਘਾਰੇ ਦੀ ਯਾਦ ਨਿਰੰਤਰ ਮਨਾਈ ਜਾਇਆ ਕਰੇਗੀ। ਸਿੱਖ ਸੰਗਤਾਂ ਵਲੋਂ ਭਾਰਤ ਸਰਕਾਰ ਖਿਲਾਫ ਰੋਸ ਅਤੇ ਵਿਦਰੋਹ ਦੀ ਪ੍ਰਚੰਡ ਭਾਵਨਾ ਪ੍ਰਗਟ ਕੀਤੀ ਗਈ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਦੇ ਕੋਆਰਡੀਨੇਟਰਜ਼ ਭਾਈ ਕੁਲਦੀਪ ਸਿੰਘ ਚਹੇੜੂ ਅਤੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋ ਜਾਰੀ ਪ੍ਰੈੱਸ ਰਿਲੀਜ਼ ਵਿੱਚ ਸਿੱਖ ਸੰਗਤਾਂ, ਗੁਰਦਵਾਰਾ ਪ੍ਰਬੰਧਕ ਕਮੇਟੀਆਂ ਅਤੇ ਕੌਮਪ੍ਰਸਤ ਮੀਡੀਏ ਤੋਂ ਆਸ ਪ੍ਰਗਟਾਈ ਗਈ ਕਿ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਉਨ੍ਹਾਂ ਨੂੰ ਭਰਵਾਂ ਸਹਿਯੋਗ ਦਿੰਦੇ ਰਹਿਣਗੇ ਕਿਉਂਕਿ ਇਹ ਰੋਸ ਮੁਜ਼ਾਹਰਾ ਸਮੂਹ ਸਿੱਖਾਂ ਦਾ ਸਾਂਝਾਂ ਪ੍ਰੋਗਰਾਮ ਹੈ।

## ਸ਼ਿਰੋਮਣੀ ਅਕਾਲੀ ਦਲ (ਅ) ਵੱਲੋਂ ਅਰਦਾਸ ਸਮਾਗਮ ਮੌਕੇ ਦਰਬਾਰ ਸਾਹਿਬ ਅੰਮ੍ਰਿਤਸਰ ਪੁੱਜਣ ਦੀ ਅਪੀਲ

**ਲੰਡਨ/ਏਟੀ ਨਿਊਜ਼ :** ਸ਼ਿਰੋਮਣੀ ਅਕਾਲੀ ਦਲ (ਅ) ਵੱਲੋਂ ਅਰਦਾਸ ਸਮਾਗਮ ਮੌਕੇ ਦਰਬਾਰ ਸਾਹਿਬ ਅੰਮ੍ਰਿਤਸਰ ਪੁੱਜਣ ਦੀ ਅਪੀਲ ਕੀਤੀ ਗਈ ਹੈ। ਪਾਰਟੀ ਵੱਲੋਂ ਬਿਆਨ ਜਾਰੀ ਕਰਦੇ ਹੋਏ ਮੀਡੀਆ ਇੰਚਾਰਜ ਸ. ਜਗਤਾਰ ਸਿੰਘ ਵਿਰਕ ਨੇ ਕਿਹਾ ਹੈ ਕਿ 35 ਸਾਲ ਪਹਿਲਾਂ ਇੰਡੀਆ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਅਕਾਲੀਆਂ ਦੀ ਸਹਿਮਤੀ ਨਾਲ ਤੇ ਮਨੂੰਵਾਦੀਆਂ ਦੇ ਦਬਾਅ ਅਧੀਨ ਫੌਜ ਨੂੰ ਦਰਬਾਰ ਸਾਹਿਬ ਉੱਪਰ ਹਮਲਾ ਕਰਨ ਦਾ ਹੁਕਮ ਦਿੱਤਾ ਸੀ। ਇਸ ਘੱਲੂਘਾਰੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਹਰ ਸਾਲ ਸ੍ਰੀ ਅਕਾਲ ਤਖਤ ਸਾਹਿਬ 'ਤੇ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸ਼ਹੀਦਾਂ ਨਮਿਤ ਅਰਦਾਸ ਕੀਤੀ ਜਾਂਦੀ ਹੈ। ਸਾਡੀ ਸਿੱਖ ਕੌਮ ਸਮੇਤ ਹਰ ਇਨਸਾਫ ਪਸੰਦ ਇਨਸਾਨ ਨੂੰ ਅਪੀਲ ਹੈ ਕਿ 6 ਜੂਨ ਵਾਲੇ ਦਿਨ ਅਰਦਾਸ ਵਿੱਚ ਹਾਜ਼ਰ ਹੋਣ ਲਈ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਪੁੱਜੋ। ਵੀਹਵੀਂ ਸਦੀ ਦੇ ਮਹਾਨ ਸਿੱਖ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਅਗਵਾਈ ਵਿੱਚ ਸਮੂਹ ਯੋਧਿਆਂ ਨੇ ਕੌਮੀ ਹੱਕਾਂ ਹਿੱਤਾਂ ਲਈ ਦਰਬਾਰ ਸਾਹਿਬ ਵਿਖੇ ਸ਼ਹਾਦਤ ਦਿੱਤੀ ਹੈ, ਇਸ ਲਈ ਸਭ ਨੂੰ ਬੇਨਤੀ ਹੈ ਕਿ ਹੋਰ ਅਸਥਾਨਾਂ 'ਤੇ 6 ਜੂਨ ਦੀ ਬਜਾਏ ਹੋਰ ਦਿਨਾਂ ਦੇ ਸਮਾਗਮ ਅਯੋਜਿਤ ਕੀਤੇ ਜਾਣ। ਉਨ੍ਹਾਂ ਅੱਗੇ ਕਿਹਾ ਕਿ ਇਸ ਹਮਲੇ ਮੌਕੇ ਇੰਡੀਆ ਦੀਆਂ ਖੱਬੇ ਪੱਖੀ ਪਾਰਟੀਆਂ ਖਾਸਕਰ ਰੂਸ ਪੱਖੀਆਂ ਨੇ ਇੰਦਰਾ ਗਾਂਧੀ ਤੇ ਭਾਰਤ ਸਰਕਾਰ ਦਾ ਪੱਖ ਪੂਰਿਆ ਸੀ। ਇਸ ਕਰ ਕੇ ਰੂਸ ਦੇ ਰੋਲ ਬਾਰੇ ਵੀ ਜਾਂਚ ਦੀ ਜ਼ਰੂਰਤ ਹੈ। ਘੱਟ ਗਿਣਤੀਆਂ ਦੀ ਨਸਲਕੁਸ਼ੀ ਕਰਕੇ ਬਹੁਗਿਣਤੀ ਦੀਆਂ ਵੋਟਾਂ ਲੈਣ ਦੀ ਇਸ ਨੀਤੀ ਨੂੰ ਬੀਜੇਪੀ. ਨੇ ਵਿਆਪਕ ਪੱਧਰ 'ਤੇ ਅਪਨਾਇਆ ਅਤੇ ਸਾਰੇ ਸਿਸਟਮ ਨੂੰ ਹਾਈਜੈਕ ਕਰਕੇ ਹਾਲ ਹੀ ਵਿੱਚ ਹੋਈਆਂ ਲੋਕ ਸਭਾ ਚੋਣਾਂ ਜਿੱਤ ਪ੍ਰਾਪਤ ਕਰ ਲਈ। ਇੰਗਲੈਂਡ ਵਿੱਚ ਸੰਨ 2014 ਦੌਰਾਨ ਲੀਕ ਹੋਏ ਕੁੱਝ ਦਸਤਾਵੇਜ਼ਾਂ ਤੋਂ ਇਸ ਵਿੱਚ ਉਸ ਸਮੇਂ ਦੀ ਬਰਤਾਨੀਆ ਸਰਕਾਰ ਦੀ ਭੂਮਿਕਾ ਬਾਰੇ ਵੀ ਸਵਾਲ ਉੱਠ ਰਹੇ ਹਨ, ਜਿਨ੍ਹਾਂ ਦੀ ਅਜ਼ਾਦਾਨਾ ਜਾਂਚ ਕਰਕੇ ਸਾਰਾ ਸੱਚ ਪੇਸ਼ ਕਰਨ ਦੀ ਜ਼ਰੂਰਤ ਹੈ।

## ਹਵਾਈ ਖੇਤਰ ਤੋਂ ਭਾਰਤ ਨੇ ਹਟਾਈਆਂ ਪਾਬੰਦੀਆਂ

**ਨਵੀਂ ਦਿੱਲੀ/ਏਟੀ ਨਿਊਜ਼ :** ਬਾਲਾਕੋਟ ਹਵਾਈ ਹਮਲੇ ਮਗਰੋਂ ਭਾਰਤੀ ਹਵਾਈ ਖੇਤਰ ਵਿਚ ਲਾਈਆਂ ਸਾਰੀਆਂ ਆਰਜ਼ੀ ਰੋਕਾਂ ਨੂੰ ਭਾਰਤੀ ਹਵਾਈ ਫ਼ੌਜ ਨੇ ਹਟਾਉਣ ਦਾ ਐਲਾਨ ਕੀਤਾ ਹੈ। ਏਅਰਲਾਈਨਾਂ ਨੂੰ ਇਸ ਦਾ ਲਾਹਾ ਮਿਲਣ ਦੀ ਸੰਭਾਵਨਾ ਘੱਟ ਹੈ, ਕਿਉਂਕਿ ਜਦੋਂ ਤਕ ਪਾਕਿਸਤਾਨ ਆਪਣੇ ਹਵਾਈ ਖੇਤਰ ਨੂੰ ਨਹੀਂ ਖੋਲ੍ਹਦਾ ਉਦੋਂ ਤਕ ਵਿਦੇਸ਼ ਲਈ ਉਡਾਣਾਂ ਮੁਸ਼ਕਲ ਹਨ।

# ਬੇਅਦਬੀ ਅਤੇ ਗੋਲੀ ਕਾਂਡ ਦੀ ਜਾਂਚ ਨੇ ਪੁਲੀਸ ਅ.ਫਸਰਾਂ 'ਚ ਮਚਾਈ ਦਹਿਸ਼ਤ

**ਚੰਡੀਗੜ੍ਹ/ਏਟੀ ਨਿਊਜ਼ :** ਬੇਅਦਬੀ ਤੇ ਗੋਲੀ ਕਾਂਡ ਦੀ ਜਾਂਚ ਨੇ ਕਥਿਤ ਦੋਸ਼ੀ ਪੁਲੀਸ ਅਫ਼ਸਰਾਂ ਵਿਚ ਦਹਿਸ਼ਤ ਮਚਾ ਦਿੱਤੀ ਹੈ। ਇੱਕ ਪਾਸੇ ਵਿਸ਼ੇਸ਼ ਜਾਂਚ ਟੀਮ ਦੀ ਕਾਰਗੁਜ਼ਾਰੀ 'ਤੇ ਸਵਾਲ ਉੱਠ ਰਹੇ ਹਨ ਤੇ ਦੂਜੇ ਪਾਸੇ ਨਾਮਜ਼ਦ ਪੁਲਿਸ ਅਫਸਰ ਤੇ ਸ਼੍ਰੋਮਣੀ ਅਕਾਲੀ ਦਲ ਸਰਗਰਮ ਹੋ ਗਿਆ ਹੈ। ਕੇਸ ਵਿਚ ਨਾਮਜ਼ਦ ਪੁਲਿਸ ਅਫਸਰਾਂ ਲੁਧਿਆਣਾ ਦੇ ਤੱਤਕਾਲੀ ਡੀਸੀਪੀ ਪਰਮਜੀਤ ਸਿੰਘ ਪਨੂੰ ਤੇ ਕੋਟਕਪੂਰਾ ਦੇ ਤਤਕਾਲੀ ਐਸਐਚਓ ਗੁਰਦੀਪ ਸਿੰਘ ਦੀ ਜ਼ਮਾਨਤ ਅਰਜ਼ੀ 'ਤੇ ਜਿਰ੍ਹਾ ਹੋਈ। ਅਦਾਲਤ ਨੇ ਸੁਣਵਾਈ ਮਗਰੋਂ ਫੈਸਲਾ 6 ਜੂਨ ਤੱਕ ਰਾਖਵਾਂ ਰੱਖ ਲਿਆ ਹੈ। ਵਿਸ਼ੇਸ਼ ਜਾਂਚ ਟੀਮ ਨੇ ਅਦਾਲਤ ਵਿੱਚ ਪੇਸ਼ ਚਲਾਨ ਵਿਚ ਇਨ੍ਹਾਂ ਅਫਸਰਾਂ ਨੂੰ ਨਾਮਜ਼ਦ ਕੀਤਾ ਹੈ। ਇਸ ਲਈ ਇਨ੍ਹਾਂ ਅਫਸਰਾਂ ਨੂੰ ਗ੍ਰਿਫਤਾਰੀ ਦਾ ਡਰ ਹੈ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦਾ ਵਫਦ ਚੋਣ ਕਮਿਸ਼ਨ ਨੂੰ ਮਿਲਿਆ। ਅਕਾਲੀ ਵਫਦ ਨੇ ਸਿੱਟ ਮੈਂਬਰ ਆਈਜੀ ਕੁੰਵਰ ਵਿਜੇ ਪ੍ਰਤਾਪ ਦੀ ਕਾਰਵਾਈ 'ਤੇ ਸਵਾਲ ਉਠਾਇਆ। ਅਕਾਲੀ ਦਲ ਨੇ ਕਿਹਾ ਕਿ ਚੋਣ ਕਮਿਸ਼ਨ ਦੇ ਹੁਕਮਾਂ ਮਗਰੋਂ ਕੁੰਵਰ ਬਦਲੀ ਹੋਣ ਦੇ ਬਾਵਜੂਦ ਕੰਮ ਕਰਦਾ ਰਿਹਾ। ਇਹ ਕਮਿਸ਼ਨ ਦੇ ਹੁਕਮਾਂ ਦੀ ਉਲੰਘਣਾ ਹੈ। ਉਧਰ, ਕਾਂਗਰਸ ਸਰਕਾਰ ਵੀ ਕੁੰਵਰ ਵਿਜੇ ਪ੍ਰਤਾਪ ਨੂੰ ਲੈ ਕੇ ਘਿਰ ਗਈ ਹੈ। ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਹੈ ਕਿ ਕੁੰਵਰ ਨੂੰ ਸਿੱਟ ਤੋਂ ਹਟਾਇਆ ਨਹੀਂ ਗਿਆ ਸੀ ਬਲਕਿ ਕੁਝ ਸਮੇਂ ਲਈ ਲਾਂਭੇ ਕੀਤਾ ਸੀ। ਅਕਾਲੀ ਦਲ ਵੱਲੋਂ ਚੋਣ ਕਮਿਸ਼ਨ ਨੂੰ ਦਿੱਤੀ ਜਾ ਰਹੀ ਸ਼ਿਕਾਇਤ ਬਾਰੇ ਸੁਖਜਿੰਦਰ ਰੰਧਾਵਾ ਨੇ ਕਿਹਾ ਕਿ ਜੇਕਰ ਅਕਾਲੀ ਦਲ ਨੂੰ ਕੋਈ ਡਰ ਨਹੀਂ ਤਾਂ ਕੋਰਟ ਵਿੱਚ ਆਪਣੀ ਬੇਗੁਨਾਹੀ ਪੇਸ਼ ਕਰਨ। ਦੂਜੇ ਪਾਸੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਿਆਨ ਜਾਰੀ ਕੀਤਾ ਸੀ ਕਿ ਕੁੰਵਰ ਵਿਜੇ ਪ੍ਰਤਾਪ ਨੂੰ ਸਿੱਟ ਵਿੱਚ ਵਾਪਸ ਲਿਆਂਦਾ ਗਿਆ ਹੈ।

### ਸਿੱਟ ਦਾ ਕਲੇਸ਼ ਕੈਪਟਨ ਸਰਕਾਰ ਦੀ ਸਿਰਦਰਦੀ-

ਉਧਰ, ਸਿੱਟ ਦੇ ਕਲੇਸ਼ ਨਾਲ ਪੰਜਾਬ ਸਰਕਾਰ ਤੇ ਪੁਲਿਸ ਨੂੰ ਵੀ ਨਮੋਸ਼ੀ ਸਹਿਣੀ ਪੈ ਰਹੀ ਹੈ। ਇਸ ਲਈ ਪੰਜਾਬ ਪੁਲਿਸ ਦੇ ਕਾਰਜਕਾਰੀ ਮੁਖੀ ਵੀਕੇ ਭਾਵਰਾ ਨੇ ਸਿੱਟ ਦੇ ਮੈਂਬਰਾਂ ਨਾਲ ਹੰਗਾਮੀ ਮੀਟਿੰਗ ਕੀਤੀ। ਡੀਜੀਪੀ ਨੇ ਪਹਿਲਾਂ ਆਈਜੀ ਕੁੰਵਰ ਵਿਜੈ ਪ੍ਰਤਾਪ ਨਾਲ ਮੀਟਿੰਗ ਕੀਤੀ ਜਿਸ ਵਿਚ ਉਨ੍ਹਾਂ ਕਿਹਾ ਕਿ ਜਾਂਚ ਟੀਮ ਦੇ ਸਾਰੇ ਮੈਂਬਰ ਚਾਰਜਸ਼ੀਟ ਵਿੱਚ ਪੇਸ਼ ਕੀਤੇ ਗਏ ਤੱਥਾਂ ਨਾਲ ਸਹਿਮਤ ਹਨ। ਚਾਰਜਸ਼ੀਟ 'ਤੇ ਆਈਜੀ ਕੁੰਵਰ ਵਿਜੈ ਪ੍ਰਤਾਪ ਦੇ ਹੀ ਦਸਤਖ਼ਤ ਕੀਤੇ ਹੋਣ ਬਾਰੇ ਆਈਜੀ ਨੇ ਕਿਹਾ ਕਿ ਉਨ੍ਹਾਂ ਦੇ ਦਸਤਖਤਾਂ ਹੇਠ ਸੰਮਨ ਤੇ ਹੋਰ ਦਸਤਾਵੇਜ਼ ਜਾਰੀ ਕੀਤੇ ਜਾਂਦੇ ਰਹੇ ਹਨ। ਦਰਅਸਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਾਰਾਜ਼ਗੀ ਜ਼ਾਹਿਰ ਕਰਦਿਆਂ ਡੀਜੀਪੀ ਭਾਵਰਾ ਨੂੰ ਕਿਹਾ ਸੀ ਕਿ ਉਹ ਟੀਮ ਦੇ ਮੈਂਬਰਾਂ ਨਾਲ ਮੀਟਿੰਗ ਕਰਕੇ ਮਾਮਲੇ ਨੂੰ ਹੱਲ ਕਰਨ। ਉਨ੍ਹਾਂ ਦਾ ਕਹਿਣਾ ਸੀ ਕਿ ਪਹਿਲਾਂ ਸਿੱਟ ਦੇ ਕਿਸੇ ਮੈਂਬਰ ਨੇ ਕੁੰਵਰ ਵਿਜੈ ਪ੍ਰਤਾਪ ਦੇ ਕੰਮਕਾਜ ਬਾਰੇ ਇਤਰਾਜ਼ ਨਹੀਂ ਕੀਤਾ ਤਾਂ ਹੁਣ ਕਿਉਂ ਕਰ ਰਹੇ ਹਨ। ਯਾਦ ਰਹੇ ਕਿ ਬੀਤੇ ਦਿਨ ਬੇਅਦਬੀ ਤੇ ਗੋਲੀ ਕਾਂਡ ਮਾਮਲਿਆਂ ਦੀ ਜਾਂਚ ਕਰ ਰਹੀ ਐਸਆਈਟੀ ਦੇ ਪੰਜਾਂ ਵਿੱਚੋਂ ਚਾਰ ਮੈਂਬਰਾਂ, ਏਡੀਜੀਪੀ ਪ੍ਰਬੋਧ ਕੁਮਾਰ, ਆਈ ਅਰੁਣਪਾਲ ਸਿੰਘ, ਐਸਐਸਪੀ ਕਪੂਰਥਲਾ ਸਤਿੰਦਰ ਸਿੰਘ ਤੇ ਐਸਪੀ ਭੁਪਿੰਦਰ ਸਿੰਘ ਨੇ ਡੀਜੀਪੀ ਪੰਜਾਬ ਨੂੰ ਇੱਕ ਚਿੱਠੀ ਲਿਖ ਕੇ ਇਸ ਜਾਂਚ ਨਾਲੋਂ ਆਪਣੇ ਆਪ ਨੂੰ ਵੱਖ ਕਰ ਲਿਆ ਹੈ। ਇਨ੍ਹਾਂ ਮੈਂਬਰਾਂ ਦਾ ਇਹ ਦੋਸ਼ ਸੀ, ਕਿ ਲੰਘੀ 28 ਮਈ ਨੂੰ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਫ਼ਰੀਦਕੋਟ ਦੀ ਅਦਾਲਤ ਵਿੱਚ ਜਿਹੜਾ ਸਪਲੀਮੈਂਟਰੀ ਚਲਾਨ ਪੇਸ਼ ਕੀਤਾ ਹੈ, ਉਹ ਉਸ ਨਾਲ ਸਹਿਮਤ ਨਹੀਂ ਹਨ। ਇਨ੍ਹਾਂ ਚਾਰਾਂ ਮੈਂਬਰਾਂ ਦਾ ਇਹ ਦੋਸ ਸੀ ਕਿ ਆਈਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਚਲਾਨ ਅਦਾਲਤ ਵਿੱਚ ਪੇਸ਼ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਵਿਸ਼ਵਾਸ ਵਿੱਚ ਨਹੀਂ ਲਿਆ, ਤੇ ਇਨ੍ਹਾਂ ਹਾਲਾਤਾਂ ਵਿੱਚ ਜੇਕਰ ਸਰਕਾਰ ਅਦਾਲਤ ਵਿੱਚ ਇਹ ਕੇਸ ਹਾਰਦੀ ਹੈ ਤਾਂ ਇਸ ਗੱਲ ਦੀ ਜ਼ਿੰਮੇਵਾਰੀ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਹੋਵੇਗੀ।

### ਸੁਮੇਧ ਸੈਣੀ ਖ਼ਿਲਾ.ਫ ਚਲਾਨ ਪੇਸ਼ ਕਰਨ ਦੀ ਤਿਆਰੀ-

ਕੋਟਕਪੂਰਾ ਗੋਲੀ ਕਾਂਡ ਵਿੱਚ ਜਾਂਚ ਟੀਮ ਵੱਲੋਂ ਪੇਸ਼ ਕੀਤੇ ਗਏ ਚਲਾਨ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਸਾਬਕਾ ਡੀਜੀਪੀ ਸੁਮੇਧ ਸੈਣੀ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਕੋਟਕਪੂਰਾ ਗੋਲੀ ਕਾਂਡ ਵਿੱਚ ਨਿਭਾਏ ਰੋਲ ਦੀ ਜਾਂਚ ਹੋ ਰਹੀ ਹੈ। ਸੂਤਰਾਂ ਅਨੁਸਾਰ ਜਾਂਚ ਟੀਮ ਦੇ ਆਪਸੀ ਵਿਵਾਦ ਕਾਰਨ ਹੋਏ ਨੁਕਸਾਨ ਦੀ ਭਰਪਾਈ ਲਈ ਜਲਦ ਹੀ ਸੁਮੇਧ ਸੈਣੀ ਖ਼ਿਲਾਫ਼ ਚਲਾਨ ਅਦਾਲਤ ਵਿੱਚ ਪੇਸ਼ ਕੀਤਾ ਜਾ ਰਿਹਾ ਹੈ।

### ਸਿੱਟ ਵਿਚ ਬ.ਗਾਵਤ ਬਾਦਲਾਂ ਨੂੰ ਬਚਾਉਣ ਦੀ ਸਾਜ਼ਿਸ਼ : ਚੀਮਾ

ਆਮ ਆਦਮੀ ਪਾਰਟੀ (ਆਪ) ਦੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਬੇਅਦਬੀ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਕਮੇਟੀ (ਸਿਟ) ਦੇ ਮੁਖੀ ਅਤੇ 3 ਹੋਰ ਪੁਲੀਸ ਅਧਿਕਾਰੀਆਂ ਵੱਲੋਂ ਆਪਣੇ ਸਾਥੀ ਮੈਂਬਰ ਆਈਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਖ਼ਿਲਾਫ਼ ਖੋਲ੍ਹੇ ਮੋਰਚੇ ਨੂੰ ਸੋਚੀ ਸਮਝੀ ਸਾਜ਼ਿਸ਼ ਕਰਾਰ ਦਿੱਤਾ ਹੈ। ਚੀਮਾ ਨੇ ਕਿਹਾ ਕਿ ਇਸ ਦਾ ਉਦੇਸ਼ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੇ ਦੋਸ਼ਾਂ ਵਿਚ ਘਿਰੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਡੀਜੀਪੀ ਸੁਮੇਧ ਸੈਣੀ ਸਮੇਤ ਹੋਰ ਵਿਅਕਤੀਆਂ ਨੂੰ ਬਚਾਉਣਾ ਹੈ। ਉਨ੍ਹਾਂ ਕਿਹਾ ਕਿ ਜੇ ਸਿਟ ਮੈਂਬਰ ਕੁੰਵਰ ਵਿਜੇ ਪ੍ਰਤਾਪ ਇਸ ਜਾਂਚ ਦੌਰਾਨ ਸਚਮੁੱਚ ਆਪਹੁਦਰੀ ਕਰ ਰਿਹਾ ਸੀ ਤਾਂ ਇਹ ਚਾਰੇ ਸੀਨੀਅਰ ਪੁਲੀਸ ਅਧਿਕਾਰੀ ਜਾਂਚ ਦੌਰਾਨ ਕਿਉਂ ਨਾ ਬੋਲੇ, ਜਦਕਿ ਲੰਘੀ 26 ਮਈ ਨੂੰ ਸਿਟ ਵੱਲੋਂ ਅਦਾਲਤ ਵਿਚ ਚਲਾਨ ਪੇਸ਼ ਕਰਨ ਤੋਂ ਬਾਅਦ ਇਨ੍ਹਾਂ ਪੁਲੀਸ ਅਫ਼ਸਰਾਂ ਨੇ ਨਾ ਸਿਰਫ਼ ਹੱਥ ਪਿੱਛੇ ਖਿੱਚੇ ਹਨ, ਸਗੋਂ ਕੁੰਵਰ ਵਿਜੇ ਪ੍ਰਤਾਪ ਸਿੰਘ ਵਿਰੁੱਧ ਸ਼ਿਕਾਇਤ ਕਰ ਕੇ ਜਾਂਚ ਰਿਪੋਰਟ ਵੀ ਪ੍ਰਭਾਵਿਤ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਬੇਅਦਬੀ ਅਤੇ ਬਹਿਬਲ ਕਲਾਂ ਗੋਲੀ ਕਾਂਡ ਵਰਗੇ ਅਤਿ- ਸੰਵੇਦਨਸ਼ੀਲ ਮਸਲੇ ਦੀ ਜਿਸ ਤਰੀਕੇ ਨਾਲ ਜਾਂਚ ਹੋ ਰਹੀ ਹੈ, ਇਹ ਦੋਸ਼ੀਆਂ ਨੂੰ ਫੜਨ ਦੀ ਥਾਂ ਬਚਾਉਣ 'ਤੇ ਕੇਂਦਰਿਤ ਹੈ ਕਿਉਂਕਿ ਮੁੱਖ ਮੰਤਰੀ ਕੈਪਟਨ ਅਤੇ ਕੇਂਦਰ ਦੀ ਮੋਦੀ ਸਰਕਾਰ ਚਾਹੁੰਦੀ ਹੀ ਨਹੀਂ ਕਿ ਬਾਦਲ ਅਤੇ ਸੈਣੀ ਸਮੇਤ ਇਸ ਮਾਮਲੇ ਦੇ ਬਾਕੀ ਵਿਅਕਤੀਆਂ ਨੂੰ ਸਜ਼ਾ ਮਿਲੇ।

### ਸੁਖਬੀਰ ਤੇ ਹਰਸਿਮਰਤ ਨੂੰ ਜਿਤਾਉਣ ਲਈ ਲਟਕਾਈ ਸੀ ਚਾਰਜਸ਼ੀਟ : ਖਹਿਰਾ

**ਜਲੰਧਰ/ਏਟੀ ਨਿਊਜ਼ :** ਪੰਜਾਬ ਏਕਤਾ ਪਾਰਟੀ ਦੇ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਨੂੰ ਲੋਕ ਸਭਾ ਚੋਣਾਂ ਵਿਚ ਜਿਤਾਉਣ ਲਈ ਬੇਅਦਬੀ ਕਾਂਡ ਦੀ ਚਾਰਜਸ਼ੀਟ ਦਾਖ਼ਲ ਕਰਨ ਵਿਚ ਜਾਣ ਬੁੱਝ ਕੇ ਦੇਰੀ ਕੀਤੀ ਗਈ। ਉਨ੍ਹਾਂ ਦੋਸ਼ ਲਾਇਆ ਕਿ ਚੋਣ ਜ਼ਾਬਤਾ ਸਮਾਪਤ ਹੋਣ ਦੇ ਤਿੰਨ ਦਿਨ ਬਾਅਦ ਹੀ ਚਾਰਜਸ਼ੀਟ ਦਾਖ਼ਲ ਕਰਨ ਤੋਂ ਇਹ ਗੱਲ ਜ਼ਾਹਰ ਹੁੰਦੀ ਹੈ ਕਿ ਮੁੱਖ ਮੰਤਰੀ ਦੇ ਇਸ਼ਾਰੇ 'ਤੇ ਹੀ ਸਿੱਟ ਨੇ ਚਾਰਜਸ਼ੀਟ ਰੋਕੀ ਹੋਈ ਸੀ। ਉਨ੍ਹਾਂ ਮੰਗ ਕੀਤੀ ਕਿ ਸੁਖਬੀਰ ਬਾਦਲ ਵਿਰੁੱਧ ਆਈਪੀਸੀ ਦੀਆਂ 302 ਅਤੇ 307 ਧਾਰਾਵਾਂ ਲਾ ਕੇ ਮਾਮਲਾ ਦਰਜ ਕੀਤਾ ਜਾਵੇ। ਖਹਿਰਾ ਨੇ ਕਿਹਾ ਕਿ ਇੰਜ ਜਾਪਦਾ ਹੈ ਕਿ ਚਾਰਜਸ਼ੀਟ ਪਹਿਲਾਂ ਤੋਂ ਹੀ ਤਿਆਰ ਸੀ। ਉਨ੍ਹਾਂ ਕਿਹਾ ਕਿ ਜੇਕਰ ਚਾਰਜਸ਼ੀਟ ਚੋਣਾਂ ਦੌਰਾਨ ਵੀ ਅਦਾਲਤ ਵਿਚ ਪੇਸ਼ ਕਰ ਦਿੱਤੀ ਜਾਂਦੀ ਤਾਂ ਫਿਰੋਜ਼ਪੁਰ ਤੋਂ ਸੁਖਬੀਰ ਸਿੰਘ ਬਾਦਲ ਅਤੇ ਬਠਿੰਡਾ ਤੋਂ ਉਨ੍ਹਾਂ ਦੀ ਪਤਨੀ ਹਰਸਿਮਰਤ ਕੌਰ ਬਾਦਲ ਨੇ ਬੁਰੀ ਤਰ੍ਹਾਂ ਚੋਣ ਹਾਰ ਜਾਣਾ ਸੀ। ਉਨ੍ਹਾਂ ਆਪਣੇ ਦੋਸ਼ਾਂ ਨੂੰ ਦੁਹਰਾਇਆ ਕਿ ਕੈਪਟਨ ਅਮਰਿੰਦਰ ਸਿੰਘ ਅਤੇ ਬਾਦਲ ਅੰਦਰਖਾਤੇ ਰਲੇ ਹੋਏ ਹਨ।

### ਸੁਖਬੀਰ ਦਾ ਚੈਲਿੰਜ : 'ਹਿੰਮਤ ਹੈ ਤਾਂ ਆਈਜੀ ਕੁੰਵਰ ਫੜ ਕੇ ਦਿਖਾਵੇ'

**ਫਰੀਦਕੋਟ/ਏਟੀ ਨਿਊਜ਼ :** ਕੋਟਕਪੁਰਾ ਮਾਮਲੇ ਵਿੱਚ ਐਸਆਈਟੀ ਵੱਲੋਂ ਚਲਾਨ ਪੇਸ਼ ਕੀਤੇ ਜਾਣ ਬਾਰੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕਿਹਾ ਕਿ ਉਹ ਸ਼ੁਰੂ ਤੋਂ ਹੀ ਕਹਿੰਦੇ ਆ ਰਹੇ ਹਨ ਕਿ ਕੁੰਵਰ ਵਿਜੈ ਪ੍ਰਤਾਪ ਕਾਂਗਰਸ ਦੇ ਫਰੰਟਮੈਨ ਦੀ ਤਰ੍ਹਾਂ ਕੰਮ ਕਰ ਰਹੇ ਹਨ। ਜੇ ਉਨ੍ਹਾਂ ਵਿੱਚ ਹਿੰਮਤ ਹੈ ਤਾਂ ਉਹ ਫੜ ਕੇ ਅੰਦਰ ਕਰਕੇ ਦਿਖਾਉਣ। ਉਨ੍ਹਾਂ ਕਿਹਾ ਕਿ ਇਹ ਜਾਂਚ ਦੇ ਨਾਂ 'ਤੇ ਮਹਿਜ਼ ਡਰਾਮਾ ਹੋ ਰਿਹਾ ਹੈ।

# ਮੋਦੀ ਸਰਕਾਰ ਦੀ ਦੂਜੀ ਪਾਰੀ ਸ਼ੁਰੂ

- **ਅਮਿਤ ਸ਼ਾਹ ਗ੍ਰਹਿ ਮੰਤਰੀ ਬਣੇ**
- **ਭਾਜਪਾ ਦੇ ਸੋਮ ਪ੍ਰਕਾਸ਼ ਤੇ ਹਰਦੀਪ ਪੁਰੀ ਅਤੇ ਅਕਾਲੀ ਦਲ ਦੀ ਹਰਸਿਮਰਤ ਕੌਰ ਬਾਦਲ ਕਰਨਗੇ ਪੰਜਾਬ ਦੀ ਪ੍ਰਤੀਨਿਧਤਾ**
- **ਜੋਤਿਸ਼ ਦੇ ਮੁਕਾਬਲੇ ਵਿਗਿਆਨ ਨੂੰ ਬੌਣਾ ਦੱਸਣ ਵਾਲੇ ਪੋਖਰੀਆਲ ਬਣੇ ਵਿਦਿਆ ਮੰਤਰੀ**



**ਨਵੀਂ ਦਿੱਲੀ/ਵਿਸ਼ੇਸ਼ ਪ੍ਰਤੀਨਿਧੀ :** ਨਰਿੰਦਰ ਮੋਦੀ ਦੀ ਅਗਵਾਈ ਵਿਚ ਕੌਮੀ ਜਮਹੂਰੀ ਗੱਠਜੋੜ ਦੂਜੀ ਵਾਰ ਸਰਕਾਰ ਬਣਾਈ ਹੈ। 2014 ਵਾਂਗ ਇਸ ਵਾਰ ਵੀ ਭਾਜਪਾ ਨੂੰ ਬਹੁਮਤ ਪ੍ਰਾਪਤ ਹੈ। 2014 ਵਿਚ ਭਾਰਤੀ ਜਨਤਾ ਪਾਰਟੀ ਕੋਲ ਇਕੱਲਿਆਂ 282 ਸੀਟਾਂ ਸਨ ਤੇ ਇਸ ਵਾਰ 303। ਭਾਜਪਾ ਨੂੰ ਕਿਸੇ ਪਾਰਟੀ ਦੇ ਸਹਿਯੋਗ ਦੀ ਜ਼ਰੂਰਤ ਨਹੀਂ ਪਰ ਉਸਨੇ ਸਹਿਯੋਗੀ ਪਾਰਟੀਆਂ ਨੂੰ ਮੰਤਰੀ ਮੰਡਲ ਵਿਚ ਸਥਾਨ ਦੇਣ ਦੀ ਕੋਸ਼ਿਸ਼ ਕੀਤੀ ਹੈ। ਜਨਤਾ ਦਲ ਯੂਨਾਈਟਿਡ ਇਸ ਮੰਤਰੀ ਮੰਡਲ ਵਿਚ ਸ਼ਾਮਿਲ ਨਹੀਂ ਹੋਇਆ। ਚੋਣਾਂ ਤੋਂ ਪਹਿਲਾਂ ਭਾਜਪਾ ਨੇ ਆਪਣੀ ਸਹਿਯੋਗੀ ਪਾਰਟੀਆਂ ਕੋਲ ਕਾਂਗਰਸ ਨਾਲੋਂ ਕਿਤੇ ਜ਼ਿਆਦਾ ਸੁਚੱਜੇ ਢੰਗ ਨਾਲ ਪਹੁੰਚ ਕੀਤੀ ਤੇ ਗੱਠਜੋੜ ਬਣਾਇਆ।

ਯਾਦ ਰਹੇ ਕਿ ਐੱਨਡੀਏ ਦੇ ਪਿਛਲੇ ਪੰਜ ਸਾਲਾਂ ਵਿਚ ਘੱਟਗਿਣਤੀ ਫ਼ਿਰਕਿਆਂ ਵਿਚ ਅਸੁਰੱਖਿਆ ਦੀ ਭਾਵਨਾ ਵਧੀ ਹੈ। ਇਸ ਲਈ ਸਭ ਤੋਂ ਵੱਡਾ ਪ੍ਰਸ਼ਨ ਇਹੀ ਹੈ ਕਿ ਕੀ ਨਵੀਂ ਸਰਕਾਰ ਉਸ ਰੁਝਾਨ 'ਤੇ ਕਾਬੂ ਪਾ ਸਕੇਗੀ ਜਾਂ ਨਹੀਂ। ਏਸੇ ਤਰ੍ਹਾਂ ਬੇਰੁਜ਼ਗਾਰੀ ਇਕ ਵੱਡਾ ਮੁੱਦਾ ਹੈ ਅਤੇ 2017-18 ਦੌਰਾਨ ਬੇਰੁਜ਼ਗਾਰੀ ਦਰ 6.1 ਫ਼ੀਸਦ ਹੋ ਗਈ ਜੋ ਪਿਛਲੇ 45 ਸਾਲਾਂ ਦੌਰਾਨ ਸਭ ਤੋਂ ਵੱਧ ਸੀ; ਇਨ੍ਹਾਂ ਅੰਕੜਿਆਂ ਨੂੰ ਲੁਕਾ ਛਿਪਾ ਕੇ ਰੱਖਣ ਦੀ ਕੋਸ਼ਿਸ਼ ਵੀ ਕੀਤੀ ਗਈ। ਏਸੇ ਤਰ੍ਹਾਂ ਲੋਕ ਇਹ ਜਾਨਣਾ ਚਾਹੁਣਗੇ ਕਿ ਪਿਛਲੀ ਸਰਕਾਰ ਦੌਰਾਨ 'ਭਾਰਤ ਵਿਚ ਬਣਾਓ (ਮੇਕ ਇਨ ਇੰਡੀਆ)' ਮੁਹਿੰਮ ਦੇ ਕੀ ਸਿੱਟੇ ਨਿਕਲੇ। ਦੇਸ਼ ਦੇ ਕਿਸਾਨ ਲਗਾਤਾਰ ਘਟਦੀ ਆਮਦਨ ਤੇ ਕਰਜ਼ਿਆਂ ਨਾਲ ਜੂਝ ਰਹੇ ਹਨ ਅਤੇ ਉਹ ਚਾਹੁੰਦੇ ਹਨ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਵੱਲ ਖ਼ਾਸ ਧਿਆਨ ਦਿੱਤਾ ਜਾਏ।

ਇਸ ਵਾਰ ਵਜ਼ਾਰਤ ਨੂੰ ਸਹੁੰ ਚੁਕਾਏ ਜਾਣ ਵਾਲਾ ਸਮਾਗਮ ਪਿਛਲੇ ਸਾਰੇ ਸਮਾਗਮਾਂ ਤੋਂ ਵੱਡਾ ਸੀ ਅਤੇ ਇਸ ਦੇ ਕਈ ਨਵੇਂ ਪਹਿਲੂ ਸਨ: ਪੁਲਵਾਮਾ ਦੇ ਦਹਿਸ਼ਤਗਰਦ ਹਮਲੇ ਵਿਚ ਸ਼ਹੀਦ ਹੋਏ ਸੀ.ਆਰ.ਪੀ.ਐੱਫ਼. ਜਵਾਨਾਂ ਤੇ ਪੱਛਮੀ ਬੰਗਾਲ ਵਿਚ ਚੋਣਾਂ ਦੌਰਾਨ ਤੇ ਚੋਣਾਂ ਤੋਂ ਬਾਅਦ ਹਿੰਸਾ ਦੇ ਸ਼ਿਕਾਰ ਹੋਏ ਭਾਜਪਾ ਦੇ ਕਾਰਕੁਨਾਂ ਦੇ ਪਰਿਵਾਰਾਂ ਨੂੰ ਸੱਦੇ ਜਾਣਾ; ਦੂਸਰੇ ਦੇਸ਼ਾਂ ਦੇ ਕਈ ਮੁਖੀਆਂ ਦੀ ਸ਼ਮੂਲੀਅਤ ਜਿਨ੍ਹਾਂ ਵਿਚ ਪਾਕਿਸਤਾਨ ਸ਼ਾਮਿਲ ਨਹੀਂ। ਇਨ੍ਹਾਂ ਪਹਿਲੂਆਂ ਦੇ ਸਿਆਸੀ ਸੰਕੇਤ ਸਭ ਲਈ ਪ੍ਰਤੱਖ ਹਨ ਤੇ ਇਹ ਇਕ ਨਵੀਂ ਤਰ੍ਹਾਂ ਦੀ ਸਿਆਸਤ ਦਾ ਆਰੰਭ ਹੈ। ਪੁਰਾਣੇ ਮੰਤਰੀਆਂ ਦੇ ਨਾਲ ਨਾਲ ਇਸ ਵਾਰ ਮੰਤਰੀ ਮੰਡਲ ਵਿਚ ਬਹੁਤ ਸਾਰੇ ਨਵੇਂ ਮੰਤਰੀ ਵੀ ਲਏ ਗਏ ਹਨ, ਜਿਨ੍ਹਾਂ ਵਿਚੋਂ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਅਮਿਤ ਸ਼ਾਹ ਪ੍ਰਮੁੱਖ ਹਨ। ਅਮਿਤ ਸ਼ਾਹ ਗ੍ਰਹਿ ਮੰਤਰੀ ਬਣ ਗਏ ਹਨ। ਦੱਸਣਯੋਗ ਹੈ ਕਿ ਸ਼ਾਹ ਤੋਂ ਪਹਿਲਾਂ ਪਿਛਲੀ ਮੋਦੀ ਸਰਕਾਰ ਵਿਚ ਗ੍ਰਹਿ ਮੰਤਰੀ ਦਾ ਅਹੁਦਾ ਰਾਜਨਾਥ ਸਿੰਘ ਸੰਭਾਲ ਰਹੇ ਸਨ, ਪਰ ਇਸ ਵਾਰ ਰਾਜਨਾਥ ਸਿੰਘ ਨੂੰ ਰੱਖਿਆ ਮੰਤਰਾਲੇ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਇਸ ਦੇ ਨਾਲ ਹੀ ਹੁਣ ਤੱਕ ਰੱਖਿਆ ਮੰਤਰਾਲਾ ਸੰਭਾਲ ਰਹੀ ਨਿਰਮਲਾ ਸੀਤਾਰਮਨ ਨੂੰ ਵਿੱਤ ਮੰਤਰਾਲੇ ਦਿੱਤਾ ਗਿਆ ਹੈ।

**ਪੰਜਾਬ ਦੇ ਜਾਏ ਪੰਜਾਬੀ 'ਭੁੱਲੇ'-** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਕੈਬਨਿਟ ਦੇ ਰਾਸ਼ਟਰਪਤੀ ਭਵਨ ਵਿਚ ਹੋਏ ਸਹੁੰ ਚੁੱਕ ਸਮਾਗਮ ਦੌਰਾਨ ਤਿੰਨ ਪੰਜਾਬੀ ਮੈਂਬਰਾਂ ਨੇ ਅੰਗਰੇਜ਼ੀ ਵਿਚ ਸਹੁੰ ਚੁੱਕ ਕੇ ਆਪਣੀ ਮਾਂ ਬੋਲੀ ਨੂੰ ਵਿਸਾਰ ਦਿੱਤਾ ਹੈ। ਹਲਕਾ ਬਠਿੰਡਾ ਤੋਂ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ, ਹੁਸ਼ਿਆਰਪੁਰ ਤੋਂ ਭਾਜਪਾ ਦੇ ਸੰਸਦ ਮੈਂਬਰ ਸੋਮ ਪ੍ਰਕਾਸ਼ ਅਤੇ ਅੰਮ੍ਰਿਤਸਰ ਤੋਂ ਭਾਜਪਾ ਦੀ ਟਿਕਟ ਤੋਂ ਹਾਰੇ ਤੇ ਰਾਜ ਸਭਾ ਮੈਂਬਰ ਹਰਦੀਪ ਸਿੰਘ ਪੁਰੀ ਨੇ ਅਹੁਦੇ ਦੀ ਸਹੁੰ ਅੰਗਰੇਜ਼ੀ ਵਿਚ ਚੁੱਕ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਹੁਣ ਇਹ ਸਵਾਲ ਵੀ ਖੜ੍ਹੇ ਹੋ ਗਏ ਹਨ ਕਿ ਕੀ ਇਹ ਮੈਂਬਰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਆਵਾਜ਼ ਪਾਰਲੀਮੈਂਟ ਵਿਚ ਬੁਲੰਦ ਕਰਨ ਦੇ ਸਮਰੱਥ ਹੋਣਗੇ। ਇਸੇ ਤਰ੍ਹਾਂ ਪਿੰਡ ਦੌਲਤਪੁਰ (ਨਵਾਂ ਸ਼ਹਿਰ) ਵਿਚ ਜੰਮੇ ਅਤੇ ਹੁਸ਼ਿਆਰਪੁਰ ਦੀ ਰਾਖਵੀਂ ਸੀਟ ਤੋਂ ਜਿੱਤੇ ਭਾਜਪਾ ਦੇ ਸੰਸਦ ਮੈਂਬਰ ਤੇ ਸਾਬਕਾ ਆਈਏਐਸ ਅਧਿਕਾਰੀ ਸੋਮ ਪ੍ਰਕਾਸ਼ ਨੇ ਵੀ ਅੰਗਰੇਜ਼ੀ ਵਿਚ ਸਹੁੰ ਚੁੱਕ ਕੇ ਨਵੀਂ ਚਰਚਾ ਛੇੜ ਦਿੱਤੀ ਹੈ। ਹਾਲਾਂਕਿ ਸੋਮ ਪ੍ਰਕਾਸ਼ ਪੰਜਾਬ ਵਿਧਾਨ ਸਭਾ ਵਿਚ ਆਪਣੀ ਗੱਲ ਪੰਜਾਬੀ ਵਿਚ ਰੱਖ ਕੇ ਸਾਰਿਆਂ ਨੂੰ ਕੀਲ ਲੈਂਦੇ ਸਨ।

**ਕੈਪਟਨ ਵੀ ਦਿਖਾ ਚੁੱਕੇ ਨੇ ਬੇਰੁਖੀ-** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਮੁੱਖ ਮੰਤਰੀ ਦੇ ਅਹੁਦੇ ਦੀ ਸਹੁੰ ਅੰਗਰੇਜ਼ੀ ਵਿਚ ਚੁੱਕ ਕੇ ਮਾਂ ਬੋਲੀ ਪੰਜਾਬੀ ਨੂੰ ਵਿਸਾਰ ਚੁੱਕੇ ਹਨ। ਉਨ੍ਹਾਂ ਨੇ ਸਾਲ 2017 ਵਿਚ ਪੰਜਾਬ ਰਾਜ ਭਵਨ ਵਿਚ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਵੀ ਪੀ ਸਿੰਘ ਬਦਨੌਰ ਸਾਹਮਣੇ ਅੰਗਰੇਜ਼ੀ ਵਿਚ ਸਹੁੰ ਚੁੱਕ ਕੇ ਯੂਟੀ ਵਿਚ ਪੰਜਾਬੀ ਹਿਤੈਸ਼ੀਆਂ ਦੇ ਚੱਲ ਰਹੇ ਸੰਘਰਸ਼ ਦੀ ਫੂਕ ਕੱਢ ਦਿੱਤੀ ਸੀ।

**ਕਸ਼ਮੀਰ 'ਚ ਫੌਜੀ ਕਾਰਵਾਈ ਹੋਵੇਗੀ ਤੇਜ਼-** ਅਮਿਤ ਸ਼ਾਹ ਦੇ ਗ੍ਰਹਿ ਮੰਤਰੀ ਬਣਨ ਦੇ ਬਾਅਦ ਕਸ਼ਮੀਰ ਵਿਚ ਫੌਜੀ ਕਾਰਵਾਈ ਹੋਰ ਤੇਜ਼ ਹੋ ਸਕਦੀ ਹੈ। ਇਸ ਸਮੇਂ ਜੰਮੂ-ਕਸ਼ਮੀਰ ਵਿਚ ਰਾਸ਼ਟਰਪਤੀ ਸ਼ਾਸਨ ਹੈ, ਜਿਸ ਨੂੰ ਰਾਜਪਾਲ ਦਾ ਸ਼ਾਸਨ ਕਿਹਾ ਜਾਂਦਾ ਹੈ। ਇਸ ਤਰ੍ਹਾਂ ਦੇ ਸ਼ਾਸਨ ਵਿਚ ਕੇਂਦਰ ਦੀ ਭੂਮਿਕਾ ਵਧ ਜਾਂਦੀ ਹੈ। ਸਾਰੇ ਅਧਿਕਾਰ ਕੇਂਦਰੀ ਗ੍ਰਹਿ ਮੰਤਰੀ ਕੋਲ ਹੀ ਆ ਜਾਂਦੇ ਹਨ। ਇਨ੍ਹਾਂ ਅਧਿਕਾਰਾਂ ਦੀ ਵਰਤੋਂ ਕਰਕੇ ਅਮਿਤ ਸ਼ਾਹ ਜਲਦੀ ਤੋਂ ਜਲਦੀ ਉਥੇ ਸ਼ਾਂਤੀ ਦੀ ਸਥਿਤੀ ਬਹਾਲ ਕਰਨ ਦੀ ਕੋਸ਼ਿਸ਼ ਕਰਨਗੇ।

ਭਾਰਤੀ ਜਨਤਾ ਪਾਰਟੀ ਕੋਲ ਮੁਸਲਿਮ ਏਜੰਡਿਆਂ ਦੀ ਕਮੀ ਨਹੀਂ ਹੈ। ਇਨ੍ਹਾਂ ਵਿਚ ਤਿੰਨ ਤਲਾਕ, ਬਹੁ-ਵਿਆਹ, ਹਲਾਲਾ ਅਤੇ ਮੁਸਲਿਮ ਪਰਨਲ ਲਾਅ ਮਹੱਤਵਪੂਰਨ ਹਨ। ਤਿੰਨ ਤਲਾਕ ਦਾ ਬਿੱਲ ਰਾਜ ਸਭਾ ਵਿਚੋਂ ਪਾਸ ਕਰਵਾਉਣ ਵਿਚ ਭਾਜਪਾ ਅਸਫ਼ਲ ਰਹੀ ਹੈ ਪਰ ਮਤਾ ਪਾਸ ਕਰ ਕੇ ਉਨ੍ਹਾਂ ਨੇ ਕਾਨੂੰਨ ਬਣਾ ਲਿਆ ਹੈ। ਅਗਲੇ ਸਾਲ ਰਾਜ ਸਭਾ ਦੀਆਂ ਚੋਣਾਂ ਤੋਂ ਬਾਅਦ ਕੌਮੀ ਜਮਹੂਰੀ ਗੱਠਜੋੜ ਨੂੰ ਸੰਸਦ ਦੇ ਉੱਚ ਸਦਨ ਵਿਚ ਵੀ ਬਹੁਮਤ ਪ੍ਰਾਪਤ ਹੋ ਜਾਵੇਗਾ ਅਤੇ ਉਥੋਂ ਬਿੱਲ ਪਾਸ ਕਰਵਾਉਣਾ ਵੀ ਸੌਖਾ ਹੋ ਜਾਵੇਗਾ। ਉਦੋਂ ਤਿੰਨ ਤਲਾਕ ਨੂੰ ਅੰਤਿਮ ਰੂਪ ਵਿਚ ਖ਼ਤਮ ਕਰ ਦਿੱਤਾ ਜਾਵੇਗਾ। ਬਹੁ-ਵਿਆਹ ਨੂੰ ਵੀ ਖ਼ਤਮ ਕਰਨ ਲਈ ਕਾਨੂੰਨ ਬਣ ਸਕਦੇ ਹਨ। ਮੁਸਲਿਮ ਪਰਸਨਲ ਲਾਅ ਨੂੰ ਖ਼ਤਮ ਕਰ ਕੇ ਬਰਾਬਰਤਾ ਦਾ ਕਾਨੂੰਨ ਬਣਾਉਣਾ ਭਾਜਪਾ ਦੀ ਪੁਰਾਣੀ ਮੰਗ ਰਹੀ ਹੈ। ਹੁਣ ਤਾਂ ਉਹ ਸਰਕਾਰ ਵਿਚ ਹੈ। ਉਸ ਨੂੰ ਮੰਗ ਕਰਨ ਦੀ ਜ਼ਰੂਰਤ ਨਹੀਂ ਹੈ ਬਲਕਿ ਉਹ ਖੁਦ 'ਕਾਮਨ ਸਿਵਲ ਕਾਨੂੰਨ' ਵੱਲ ਵਧ ਸਕਦੀ ਹੈ ਅਤੇ ਅਮਿਤ ਸ਼ਾਹ ਇਸ ਦਿਸ਼ਾ ਵਿਚ ਅੱਗੇ ਦੀ ਕਾਰਵਾਈ ਕਰ ਸਕਦੇ ਹਨ। ਇਸ ਸਭ ਤੋਂ ਇਲਾਵਾ ਕੁਝ ਗ਼ੈਰ-ਭਾਜਪਾ ਸ਼ਾਸਤ ਰਾਜਾਂ ਨਾਲ ਕੇਂਦਰ ਦੇ ਟਕਰਾਅ ਵੀ ਵਧ ਸਕਦੇ ਹਨ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨਾਲ ਅਮਿਤ ਸ਼ਾਹ ਦੇ ਨਿੱਜੀ ਸਬੰਧ ਬੇਹੱਦ ਖ਼ਰਾਬ ਹਨ। ਕੇਰਲ ਸਰਕਾਰ ਨਾਲ ਵੀ ਕੇਂਦਰ ਦਾ ਖਿਚੋਤਾਣ ਦਾ ਸਬੰਧ ਬਣਿਆ ਰਹੇਗਾ।

ਉੱਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਤੇ ਹਰਿਦੁਆਰ ਤੋਂ ਚੁਣ ਕੇ ਆਏ ਰਮੇਸ਼ ਪੋਖਰੀਆਲ ਨਿਸ਼ੰਕ ਨੂੰ ਪ੍ਰਧਾਨ ਮੰਤਰੀ ਮੋਦੀ ਨੇ ਮਨੁੱਖੀ ਵਸੀਲਿਆਂ ਦੇ ਵਿਕਾਸ ਦਾ ਮੰਤਰੀ ਬਣਾਇਆ ਹੈ। ਇਹ ਉਹੀ ਪੋਖਰੀਆਲ ਹਨ, ਜਿਨ੍ਹਾ ਦਸੰਬਰ 2014 ਵਿਚ 'ਦੀ ਸਕੂਲ ਆਫ ਪਲਾਨਿੰਗ ਐਂਡ ਆਰਕੀਟੈਕਚਰ' ਬਿੱਲ 'ਤੇ ਬਹਿਸ ਵਿਚ ਹਿੱਸਾ ਲੈਂਦਿਆਂ ਕਿਹਾ ਸੀ, 'ਵਿਗਿਆਨ ਜੋਤਿਸ਼ ਦੇ ਮੁਕਾਬਲੇ ਬੌਣਾ ਹੈ। ਜੋਤਿਸ਼ ਹੀ ਸਭ ਤੋਂ ਵੱਡਾ ਵਿਗਿਆਨ ਹੈ। ਸਾਨੂੰ ਇਸ ਨੂੰ ਪ੍ਰਮੋਟ ਕਰਨਾ ਚਾਹੀਦਾ ਹੈ। ਅੱਜ ਅਸੀਂ ਜਿਹੜੀ ਨਿਊਕਲੀਅਰ ਸਾਇੰਸ ਦੀ ਗੱਲ ਕਰਦੇ ਹਾਂ, ਮਹਾਰਿਸ਼ੀ ਕਣਾਦ ਨੇ ਤਾਂ ਲੱਖਾਂ ਸਾਲ ਪਹਿਲਾਂ ਹੀ ਨਿਊਕਲੀਅਰ ਟੈਸਟ ਕਰ ਲਿਆ ਸੀ। ਸਾਨੂੰ ਟਰਾਂਸਪਲਾਂਟ ਦੀ ਵੀ ਜਾਣਕਾਰੀ ਸੀ।' ਉਦੋਂ ਪੋਖਰੀਆਲ ਦੇ ਇਸ ਬਿਆਨ ਦੀ ਕਾਫੀ ਨੁਕਤਾਚੀਨੀ ਹੋਈ ਸੀ। ਉਨ੍ਹਾ ਨੂੰ ਅੰਧ-ਵਿਸ਼ਵਾਸ ਫੈਲਾਉਣ ਵਾਲਾ ਕਰਾਰ ਦਿੱਤਾ ਗਿਆ ਸੀ। ਵਿਵਾਦ ਵਧਿਆ ਤਾਂ ਪੀ ਐੱਚ ਡੀ ਤੇ ਡੀਲਿਟ ਕਰ ਚੁੱਕੇ ਪੋਖਰੀਆਲ ਨੇ ਕਿਹਾ ਸੀ ਕਿ ਇਹ ਦੇਸ਼ ਦੇ ਮਾਣਮੱਤੇ ਇਤਿਹਾਸ ਦੀ ਗੱਲ ਸੀ, ਜਿਹੜੀ ਉਨ੍ਹਾ ਗਰੰਥਾਂ ਦੇ ਹਵਾਲੇ ਨਾਲ ਕਹੀ ਸੀ। ਭਾਜਪਾ ਦੇ ਸੋਮ ਪ੍ਰਕਾਸ਼ ਤੇ ਹਰਦੀਪ ਪੁਰੀ ਅਤੇ ਅਕਾਲੀ ਦਲ ਦੀ ਹਰਸਿਮਰਤ ਕੌਰ ਬਾਦਲ ਪੰਜਾਬ ਦੀ ਪ੍ਰਤੀਨਿਧਤਾ ਕਰਨਗੇ। ਬਹੁਤ ਸਾਰੇ ਮੰਤਰੀ ਇਸ ਮੰਤਰੀ ਮੰਡਲ ਵਿਚ ਪਹਿਲੀ ਵਾਰ ਆਏ ਹਨ ਜਿਨ੍ਹਾਂ ਵਿਚ ਅਮਿਤ ਸ਼ਾਹ ਤੋਂ ਇਲਾਵਾ ਕੈਲਾਸ਼ ਚੌਧਰੀ, ਗੀਤਾ ਬਹੁਗੁਣਾ ਜੋਸ਼ੀ, ਜੀ ਕ੍ਰਿਸ਼ਨ ਰੈਡੀ ਅਤੇ ਦੇਬੋਸ੍ਰੀ ਚੌਧਰੀ ਆਦਿ ਸ਼ਾਮਿਲ ਹਨ। ਪਿਛਲੀ ਸਰਕਾਰ ਵਿਚ ਵੱਡੇ ਮਹਿਕਮੇ ਸੰਭਾਲਦੇ ਰਹੇ ਅਰੁਨ ਜੇਤਲੀ ਤੇ ਸੁਸ਼ਮਾ ਸਵਰਾਜ ਖ਼ਰਾਬ ਸਿਹਤ ਕਾਰਨ ਇਸ ਵਾਰ ਮੰਤਰੀ ਮੰਡਲ ਵਿਚ ਨਹੀਂ ਹੋਣਗੇ।

# ਕੱਟੜਪੰਥੀ ਤਾਕਤਾਂ ਦਾ ਟਾਕਰਾ ਕਰਨ ਲਈ ਜਥੇਬੰਦ ਹੋਣ ਦੀ ਲੋੜ

**ਬਘੇਲ ਸਿੰਘ ਧਾਲੀਵਾਲ**



ਬੜੇ ਲੰਮੇ ਸਮੇ ਤੋਂ ਦੇਖਿਆ ਜਾ ਰਿਹਾ ਹੈ ਕਿ ਭਾਰਤ ਅੰਦਰ ਸਿੱਖਾਂ ਦੀ ਪਛਾਣ ਅਤੇ ਨਿਆਰੀ-ਨਿਰਾਲੀ ਹੋਂਦ ਨੂੰ ਖਤਮ ਕਰਨ ਦੀਆਂ ਸਾਜਿਸ਼ਾਂ ਵਿੱਚ ਦਿਨ ਪ੍ਰਤੀ ਦਿਨ ਵਾਧਾ ਹੁੰਦਾ ਜਾ ਰਿਹਾ ਹੈ। ਦੋ ਹਜ਼ਾਰ ਮੁਸਲਮਾਨਾਂ ਦੇ ਕਤਲੇਆਮ ਅਤੇ ਸੱਠ ਹਜ਼ਾਰ ਪੰਜਾਬੀ ਕਿਸਾਨਾਂ ਦੇ ਉਜਾੜੇ ਲਈ ਸਿੱਧੇ ਰੂਪ ਵਿੱਚ ਜ਼ਿੰਮੇਵਾਰ ਗੁਜਰਾਤ ਦੀ ਮੁਤੱਸਬੀ ਸਰਕਾਰ ਨੇ ਸਿੱਖਾਂ ਦੇ ਪਹਿਲੇ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਦਾ ਬੁੱਤ ਸਥਾਪਤ ਕਰਕੇ ਇੱਕ ਹੋਰ ਵਾਰ ਬੜੇ ਟੇਢੇ ਢੰਗ ਨਾਲ ਸਿੱਖ ਵਿਚਾਰਧਾਰਾ, ਸਿੱਖ ਸਿਧਾਂਤ ਅਤੇ ਸਿੱਖ ਫਲਸਫੇ ਨੂੰ ਹਿੰਦੂ ਧਰਮ ਦੇ ਕਰਮਕਾਂਡਾਂ ਵਿੱਚ ਰਲਗਡ ਕਰਨ ਦੀ ਮਨਸ਼ਾ ਨਾਲ ਕੀਤਾ ਹੈ। ਪਹਿਲਾਂ 'ਨਾਨਕ ਸ਼ਾਹ ਫਕੀਰ' ਫਿਲਮ ਦਾ ਪਰਦੇ 'ਤੇ ਆਉਣਾ ਅਤੇ ਹੁਣ 'ਦਾਸਤਾਨ ਏ ਮੀਰੀ ਪੀਰੀ' ਵਰਗੀ ਫਿਲਮ ਬਣਾਉਣ ਦਾ ਮਕਸਦ ਵੀ ਗੁਜਰਾਤ ਵਿੱਚ ਲਾਏ ਗਏ ਗੁਰੂ ਨਾਨਕ ਸਾਹਿਬ ਦੇ ਬੁੱਤ ਵਾਲੀ ਸਾਜਿਸ਼ ਦੀ ਕੜੀ ਦਾ ਹੀ ਹਿੱਸਾ ਹੈ। ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਦਲਿਤਾਂ 'ਤੇ ਜਬਰ ਜੁਲਮ ਹੱਦਾਂ ਬੰਨੇ ਤੋੜਦਾ ਜਾ ਰਿਹਾ ਹੈ, ਜਦੋਂ ਕਿ ਇਹ ਸਾਰਾ ਕੁੱਝ ਗੈਰ ਵਾਜਬ ਅਤੇ ਗੈਰ ਮਨੁੱਖੀ ਹੈ। ਜਦੋਂ ਇੱਕੀਵੀਂ ਸਦੀ ਦੇ ਅਤਿ ਅਧੁਨਿਕ ਯੁੱਗ ਦੇ ਪਸਾਰੇ ਨੇ ਦੁਨੀਆ ਨੂੰ ਹਜ਼ਾਰਾਂ ਮੀਲ ਦੀ ਦੂਰੀ ਹੋਣ ਦੇ ਬਾਵਜੂਦ ਇੱਕ ਦੂਸਰੇ ਦੇ ਐਨਾ ਕਰੀਬ ਕਰ ਦਿੱਤਾ ਹੈ ਕਿ ਦੁਨੀਆ ਸੱਚਮੁੱਚ ਹੀ ਮੁੱਠੀ ਵਿੱਚ ਆ ਗਈ ਪਰਤੀਤ ਹੁੰਦੀ ਹੈ, ਉਸ ਮੌਕੇ ਭਾਰਤੀ ਕੱਟੜਪੰਥੀ ਤਾਕਤਾਂ ਆਪਸੀ ਭਾਈਚਾਰਕ ਸਾਂਝਾਂ ਨੂੰ ਤੋੜ ਕੇ ਦਿਲਾਂ ਵਿੱਚ ਦੂਰੀਆਂ ਵਧਾਉਣ ਦਾ ਅਤਿ ਖਤਰਨਾਕ ਕਦਮ ਚੁੱਕਣ ਲਈ



ਬਜ਼ਿੱਦ ਹਨ ਅਤੇ ਫਿਰਕੂ ਨਫਰਤ ਦੀ ਹਨੇਰੀ ਨਾਲ ਸਾਰਾ ਕੁੱਝ ਨਸ਼ਟ ਕਰਨ 'ਤੇ ਤੁਲੀਆਂ ਹੋਈਆਂ ਹਨ। ਹਿੰਦੂ-ਮੁਸਲਿਮ ਅਤੇ ਹਿੰਦੂ-ਸਿੱਖਾਂ ਵਿੱਚ ਨਫਰਤ ਦੇ ਪਾੜੇ ਨੂੰ ਪੂਰਨ ਦੀ ਜਗ੍ਹਾ ਹੋਰ ਵਧਾਇਆ ਜਾ ਰਿਹਾ ਹੈ। ਧਾਰਮਿਕ ਫਿਰਕਾਪ੍ਰਸਤੀ ਨੂੰ ਹਵਾ ਦੇ ਕੇ ਬਹੁ ਗਿਣਤੀ ਨੂੰ ਘੱਟ ਗਿਣਤੀਆਂ ਦੇ ਖਿਲਾਫ ਨਫਰਤ ਦੀ ਪਾਣ ਚੜ੍ਹਾ ਕੇ ਲਾਮਬੰਦ ਕੀਤਾ ਜਾ ਰਿਹਾ ਹੈ। ਆਪਸੀ ਪਿਆਰ ਦੀ ਥਾਂ ਕੁੜੱਤਣ ਵਾਲਾ ਮਹੌਲ ਸਿਰਜਿਆ ਜਾ ਰਿਹਾ ਹੈ। ਇਹ ਵੀ ਸੱਚ ਹੈ ਕਿ ਕੇਂਦਰੀ ਹਕੂਮਤ ਹਥਿਆਉਣ ਲਈ ਫਿਰਕੂ ਨਫਰਤ ਸਭ ਤੋਂ ਕਾਰਗਰ ਹਥਿਆਰ ਸਾਬਤ ਹੋ ਰਹੀ ਹੈ। ਸੈਂਕੜੇ ਸਾਲਾਂ ਦੀਆਂ ਸਾਂਝਾਂ ਨੂੰ ਤੋੜਨ ਲਈ ਧਰਮ ਨੂੰ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ ਜਦੋਂ ਕਿ ਕੋਈ ਵੀ ਧਰਮ ਨਫਰਤ ਕਰਨ ਦੀ ਨਾ ਹੀ ਸਿੱਖਿਆ ਦਿੰਦਾ ਹੈ ਅਤੇ ਨਾ ਹੀ ਇਜਾਜ਼ਤ ਦਿੰਦਾ ਹੈ। ਇਸ ਦੇ ਬਾਵਜੂਦ ਭਾਰਤੀ ਕੱਟੜਵਾਦ ਵੱਲੋਂ ਫਿਰਕੂ ਵਿਤਕਰੇ ਨੂੰ ਅਸਲ ਧਰਮ ਸਮਝਿਆ ਜਾ ਰਿਹਾ ਹੈ। ਭਾਰਤ ਦੀ ਸਭ ਤੋਂ ਸਕਤੀਸ਼ਾਲੀ ਕੱਟੜਵਾਦੀ ਸੰਸਥਾ ਆਰਐਸਐਸ, ਜਿਸ ਦੀ ਭਾਰਤੀ ਸਿਸਟਮ 'ਤੇ ਮਜ਼ਬੂਤ ਪਕੜ ਹੈ ਅਤੇ ਕੇਂਦਰੀ ਹਕੂਮਤਾਂ ਦਾ ਪੂਰਾ ਨਿਯੰਤਰਣ ਹਮੇਸ਼ਾ ਆਪਣੇ ਕੋਲ ਰੱਖਦੀ ਹੈ, ਉਹ ਸੰਸਥਾ ਇੱਕੀਂਵੀ ਸਦੀ ਦੇ ਆਧੁਨਿਕ ਯੁੱਗ ਨੂੰ ਹਜ਼ਾਰਾਂ ਸਾਲ ਪਿੱਛੇ ਘੁੱਪ ਹਨੇਰੇ ਵੱਲ ਲੈ ਕੇ ਜਾਣ ਲਈ ਤਿਆਰ ਬੈਠੀ ਹੈ, ਜਦੋਂ ਮੰਨੂਵਾਦ ਦੀ ਵਰਣ-ਵੰਡ ਨੇ ਸਿਰਫ ਤੇ ਸਿਰਫ ਹਿੰਦੂ ਸਮਾਜ ਦੇ ਬ੍ਰਾਹਮਣ ਅਤੇ ਖੱਤਰੀ ਨੂੰ ਹੀ ਜ਼ਿੰਦਗੀ ਜਿਉਣ ਦੇ ਪੂਰਨ ਅਧਿਕਾਰ ਦਿੱਤੇ ਹੋਏ ਸਨ। ਨਾਗਪੁਰੀ ਸੋਚ ਦੇ ਇਸ ਖਤਰਨਾਕ ਏਜੰਡੇ ਮੁਤਾਬਿਕ ਭਾਰਤ ਦੇ ਵੱਖ ਵੱਖ ਹਿੱਸਿਆਂ ਵਿੱਚ ਦਲਿਤਾਂ ਅਤੇ ਘੱਟ ਗਿਣਤੀਆਂ 'ਤੇ ਹਮਲਿਆਂ ਵਿੱਚ ਲਗਾਤਾਰ ਵਾਧਾ ਹੋਣਾ ਇਸ ਗੱਲ ਵੱਲ ਸਪੱਸ਼ਟ ਸੰਕੇਤ ਕਰਦਾ ਹੈ ਕਿ ਭਾਰਤ ਅੰਦਰ ਸਿੱਖਾਂ, ਮੁਸਲਮਾਨਾਂ ਅਤੇ ਦਲਿਤਾਂ ਦਾ ਭਵਿੱਖ ਸੁਰੱਖਿਅਤ ਨਹੀਂ ਰਹਿ ਸਕੇਗਾ। ਇਸ ਵਿੱਚ ਵੀ ਕੋਈ ਅਤਿਕਥਨੀ ਨਹੀ ਕਿ ਦੇਸ਼ ਦੇ ਬਹੁ ਗਿਣਤੀ ਲੋਕ ਕੱਟੜਪੰਥੀ ਪ੍ਰਚਾਰ ਦਾ ਪਰਭਾਵ ਕਬੂਲ ਚੁੱਕੇ ਹਨ, ਜਿਸ ਦੀ ਉਦਾਹਰਣ ਦੇਸ਼ ਵਿੱਚ ਹੋਈਆਂ ਸਤਾਰਵੀਂਆਂ ਲੋਕ ਸਭਾ ਚੋਣਾਂ ਵਿੱਚ ਹੋਈ ਭਾਜਪਾ ਦੀ ਰਿਕਾਰਡ ਤੋੜ ਜਿੱਤ ਤੋਂ ਸਭ ਦੇ ਸਾਹਮਣੇ ਹੈ, ਜਦੋਂਕਿ ਮੋਦੀ ਸਰਕਾਰ ਵੱਲੋਂ ਆਪਣੀ ਪਿਛਲੀ ਪਾਰੀ ਵਿੱਚ ਨੋਟਬੰਦੀ ਕਰਕੇ ਆਮ ਲੋਕਾਂ ਨੂੰ ਆਰਥਿਕ ਪੱਖੋਂ ਕੰਗਾਲ ਕਰ ਦਿੱਤਾ ਗਿਆ ਸੀ ਅਤੇ ਜੀਐਸਟੀ ਨਾਲ ਆਮ ਲੋਕਾਂ ਅਤੇ ਛੋਟੇ ਵਪਾਰੀਆਂ ਦਾ ਘਾਣ ਕੀਤਾ ਗਿਆ ਸੀ। ਇਸ ਦੇ ਬਾਵਜੂਦ ਦੁਬਾਰਾ ਫਿਰ ਮੋਦੀ ਲਹਿਰ ਦਾ ਮਤਲਬ ਸਾਫ ਹੈ ਕਿ ਦੇਸ਼ ਦੇ ਬਹੁ ਗਿਣਤੀ ਲੋਕ ਭਾਜਪਾ ਅਤੇ ਆਰਐਸਐਸ ਦੀ ਨਫਰਤ ਦੀ ਰਾਜਨੀਤੀ ਦੇ ਕਾਇਲ ਹੋ ਚੁੱਕੇ ਹਨ, ਜਿਹੜੇ ਆਪਣੇ ਕਾਰੋਬਾਰਾਂ ਵਿੱਚ ਅੰਤਾਂ ਦਾ ਨੁਕਸਾਨ ਝੱਲ ਕੇ ਵੀ ਆਰਐਸਐਸ ਦੇ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਸੁਪਨੇ ਨੂੰ ਪੂਰਾ ਹੋਇਆ ਦੇਖਣਾ ਚਾਹੁੰਦੇ ਹਨ। ਸ਼ਾਇਦ ਭਾਰਤ ਹੁਣ ਇਸਲਾਮਿਕ ਮੁਲਕਾਂ ਨੂੰ ਪਿੱਛੇ ਛੱਡ ਕੇ ਦੁਨੀਆ ਦਾ ਇੱਕੋ ਇੱਕ ਅਜਿਹਾ ਮੁਲਕ ਬਣਨਾ ਲੋਚਦਾ ਹੈ, ਜਿਹੜਾ ਹਿੰਦੂ ਰਾਸ਼ਟਰ ਵਜੋਂ ਦੇਖਿਆ, ਜਾਣਿਆ ਤੇ ਸੁਣਿਆ ਜਾਵੇ। ਇਸ ਲਈ ਭਾਵੇਂ ਸਿੱਖਾਂ, ਮੁਸਲਮਾਨਾਂ, ਇਸਾਈਆਂ ਦੀ ਹੋਂਦ ਮਿਟਾਉਣ ਅਤੇ ਦਲਿਤਾਂ 'ਤੇ ਜਬਰ-ਜ਼ੁਲਮ ਦੇ ਸਾਰੇ ਹੱਦਾਂ ਬੰਨੇ ਤੋੜਨੇ ਕਿਉਂ ਨਾ ਪੈ ਜਾਣ। ਬੀਤੇ ਦਿਨੀ ਆਂਧਰਾ ਪਰਦੇਸ ਦੇ ਬੱਕੀ ਸ੍ਰੀਨਿਵਾਸ ਨਾਮ ਦੇ ਤੀਹ ਸਾਲਾ ਦਲਿਤ ਨੌਜੁਆਨ ਦੀ ਸਿਰਫ ਅੰਬ ਚੋਰੀ ਕਰਨ ਦੇ ਮਾਮਲੇ ਵਿੱਚ ਉੱਚ ਜਾਤੀਏ ਲੋਕਾਂ ਵੱਲੋਂ ਬੇਰਹਿਮੀ ਨਾਲ ਕੀਤੀ ਕੁੱਟਮਾਰ ਨਾਲ ਹੋਈ ਮੌਤ ਦੀਆਂ ਖਬਰਾਂ ਨੇ ਉਪਰੋਕਤ ਖਦਸ਼ਿਆਂ ਦੇ ਸੱਚ ਹੋਣ 'ਤੇ ਸਹੀ ਪਾ ਦਿੱਤੀ ਹੈ। ਜੇ ਇਸ ਤੋਂ ਥੋੜ੍ਹਾ ਹੋਰ ਪਿੱਛੇ ਵੱਲ ਝਾਤੀ ਮਾਰੀਏ ਤਾਂ ਗੁਜਰਾਤ ਦੇ ਭਵਨਗਰ ਜ਼ਿਲ੍ਹੇ ਦੇ ਪਰਦੀਪ ਰਠੌਰ ਨਾਮ ਦੇ ਇੱਕ ਦਲਿਤ ਨੌਜਵਾਨ ਨੂੰ ਘੋੜਸਵਾਰੀ ਕਰਨ ਦੀ ਸਜ਼ਾ ਵੀ ਇਸ ਅਖੌਤੀ ਉੱਚ ਜਾਤੀਏ ਸਮਾਜ ਨੇ ਮੌਤ ਘੋਸ਼ਿਤ ਕੀਤੀ ਸੀ। ਸੋ ਇਸ ਸਾਰੇ ਵਰਤਾਰੇ 'ਤੇ ਚਿੰਤਾ ਪ੍ਰਗਟ ਕਰਨ ਨਾਲ ਇਹ ਸਮੱਸਿਆ ਹੱਲ ਨਹੀਂ ਹੋ ਸਕਦੀ। ਇਸ ਲਈ ਜਿੱਥੇ ਸਮੁੱਚੀਆਂ ਘੱਟ ਗਿਣਤੀਆਂ ਅਤੇ ਦਲਿਤ ਸਮਾਜ ਨੂੰ ਇਸ ਗੈਰ ਮਨੁੱਖੀ, ਜਬਰ ਜ਼ੁਲਮ ਦਾ ਟਾਕਰਾ ਕਰਨ ਲਈ ਤਿਆਰ ਹੋਣਾ ਪਵੇਗਾ,ਓਥੇ ਇਸ ਮੰਨੂਵਾਦੀ ਕੱਟੜ ਸੋਚ ਦੇ ਖਿਲਾਫ ਸਾਂਝੇ ਰੂਪ ਵਿੱਚ ਅਵਾਜ ਬੁਲੰਦ ਕਰਨ ਲਈ ਜਥੇਬੰਦ ਵੀ ਹੋਣਾ ਪਵੇਗਾ। ਇਸ ਲਈ ਇਸ ਨਾਜ਼ੁਕ ਮੁੱਦੇ 'ਤੇ ਸੁਹਿਰਦਤਾ ਨਾਲ ਸੋਚ ਵਿਚਾਰ ਕਰਨ ਦੀ ਜ਼ਰੂਰਤ ਹੈ, ਤਾਂ ਕਿ ਆਪਣੇ ਆਪਣੇ ਸੱਭਿਆਚਾਰ, ਆਪਣੀ ਭਾਸ਼ਾ ਅਤੇ ਆਪਣੀ-ਆਪਣੀ ਹੋਂਦ ਨੂੰ ਜਿਉਂਦਾ ਰੱਖਿਆ ਜਾ ਸਕੇ।

# ਓਏ ਹਰਿ ਕੇ ਸੰਤ ਨਾ ਆਖੀਅਹ...

**ਡਾ. ਸੁਖਦੇਵ ਸਿੰਘ**

ਜੋਧਪੁਰ ਜੇਲ੍ਹ ਵਿਚ ਬੰਦ ਅਖੌਤੀ ਬਾਬੇ ਆਸਾ ਰਾਮ ਦੇ ਲੜਕੇ ਨੂੰ ਪਿਉ ਵਾਂਗ ਹੀ ਬਲਾਤਕਾਰ ਦੇ ਕੇਸ ਵਿਚ ਉਮਰ ਕੈਦ ਦੀ ਸਜ਼ਾ ਹੋਣਾ, ਜਲੇਬੀ ਬਾਬਾ, ਦਾਤੀ ਮਹਾਰਾਜ, ਕੈਥੋਲਿਕ ਬਿਸ਼ਪ ਫਰੈਂਕੋ ਮੁਲੱਕਲ ਤੇ ਅਜਿਹੇ ਹੋਰ ਪਾਖੰਡੀਆਂ ਉੱਤੇ ਬਲਾਤਕਾਰ ਤੇ ਧੋਖਾਧੜੀ ਦੇ ਕੇਸ, ਪਾਦਰੀ ਕੋਲੋਂ 16 ਲੱਖ ਮਿਲਣਾ, ਸਾਧਾਂ ਦੁਆਰਾ ਆਸ਼ਰਮਾਂ ਜਾਂ ਆਸਥਾ ਦੇ ਨਾਮ 'ਤੇ ਵੱਡੇ ਮਾਤਰਾ ਵਿਚ ਧਨ ਦੌਲਤ ਇਕਠਾ ਕਰਨਾ; ਸਾਧਪੁਣੇ ਤੋਂ ਉਲਟ ਅੱਯਾਸ਼ੀ ਤੇ ਅਰਾਮਦਾਇਕ ਜੀਵਨ ਬਸਰ ਕਰਨਾ ਇਸ਼ਾਰਾ ਕਰਦੇ ਹਨ ਕਿ ਇਹ ਅਜੋਕੇ ਸਾਧਾਂ ਜਾਂ ਅਖੌਤੀ ਬਾਬਿਆਂ ਦਾ ਅਧਿਆਤਮਿਕਤਾ ਦਾ ਪ੍ਰਚਾਰ ਨਹੀਂ ਬਲਕਿ ਆਮ ਲੋਕਾਂ ਵਾਂਗ ਹੀ ਪਦਾਰਥਕ ਤੇ ਕਾਮੁਕ ਭਾਵਨਾਵਾਂ ਦੀ ਪੂਰਤੀ ਅਤੇ ਨਿਰੋਲ ਛਲ-ਕਪਟ ਹੀ ਹੈ। ਆਸਟਰੇਲੀਆ ਵਿਚ ਭਾਰਤੀ ਅਧਿਆਤਮਿਕ ਯੋਗ ਗੁਰੂ ਆਨੰਦ ਗਿਰੀ ਨੂੰ ਦੋ ਮਹਿਲਾਵਾਂ ਨਾਲ ਛੇੜਛਾੜ ਦੇ ਕੇਸ ਅਧੀਨ ਗ੍ਰਿਫਤਾਰ ਕਰਨਾ ਇਸ ਦੀ ਤਾਜ਼ੀ ਮਿਸਾਲ ਹੈ। ਢੌਂਗੀ ਬਾਬਿਆਂ ਦੇ ਕੁਕਰਮ ਜਦੋਂ ਜੱਗ ਜ਼ਾਹਿਰ ਹੁੰਦੇ ਹਨ ਤਾਂ ਕੁਝ ਗੁਰਮੀਤ ਰਾਮ ਰਹੀਮ ਵਾਂਗ ਸਲਾਖਾਂ ਪਿਛੇ, ਕੁਝ ਗੁਪਤਵਾਸਾਂ ਵਿਚ, ਕੁਝ ਫਰਾਰ ਜਦਕਿ ਕੁਝ ਕੁ ਆਤਮ-ਹੱਤਿਆ ਕਰ ਲੈਂਦੇ ਹਨ। ਪਿਛੇ ਜਿਹੇ ਤਾਲੀਮਯਾਫਤਾ ਮਾਡਰਨ ਸਾਧ ਭੈਯੂਜੀ ਮਹਾਰਾਜ ਵੱਲੋਂ ਕੁਕਰਮ ਜਗ ਜ਼ਾਹਿਰ ਹੋਣ ਸਦਕਾ ਆਤਮ-ਹੱਤਿਆ ਕਰ ਲਈ ਸੀ। ਪੰਜਾਬ ਸਮੇਤ ਸਾਰੇ ਮੁਲਕ ਵਿਚ ਇਸ ਪਾਖੰਡ ਦਾ ਵਧ ਰਿਹਾ ਰੁਝਾਨ ਚਿੰਤਾ ਦਾ ਵਿਸ਼ਾ ਹੈ ਅਤੇ ਸੋਚਣ ਲਈ ਮਜਬੂਰ ਕਰਦਾ ਹੈ ਕਿ ਆਖ਼ਿਰ ਅਜਿਹਾ ਕਿਉਂ ਵਾਪਰ ਰਿਹਾ ਹੈ ?

ਸਾਧੂ ਜਾਂ ਸਾਧ ਭਾਰਤੀ ਸੰਸਕ੍ਰਿਤੀ ਦਾ ਮਹਤੱਵਪੂਰਨ ਸ਼ਬਦ ਹੈ ਜਿਸ ਦਾ ਮੋਟੇ ਤੌਰ 'ਤੇ ਅਰਥ ਹੈ ਸੱਜਣ ਇਨਸਾਨ। ਹਿੰਦੂ ਮਿਥਿਹਾਸ ਮੁਤਾਬਿਕ, ਸਾਧੂ ਦਾ ਮਤਲਬ ਉਹ ਇਨਸਾਨ ਹੈ ਜੋ ਨੇਮਾਂ ਨਾਲ ਸੋਧ ਕੇ ਦੂਜਿਆਂ ਦੇ ਦੁਨਿਆਵੀ ਕੰਮਾਂ ਜਾਂ ਅਭਿਲਾਸ਼ਾਵਾਂ ਨੂੰ ਪੂਰਾ ਕਰੇ। ਇਸ ਤੋਂ ਛੁੱਟ ਸਾਧ ਦੀਆਂ ਚਾਰ ਵਿਸ਼ੇਸ਼ਤਾਵਾਂ- ਤਿਆਗ, ਸੰਜਮ, ਵੈਰਾਗ ਤੇ ਉਪਰਾਮਤਾ ਦੱਸੀਆਂ ਗਈਆਂ ਹਨ; ਭਾਵ ਅਜਿਹੀ ਆਤਮਾ ਜਿਸ ਦਾ ਕਿਸੇ ਵਾਸ਼ਨਾ ਵੱਲ ਧਿਆਨ ਨਾ ਜਾਵੇ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ਸਾਧ ਉਹ ਉਪਕਾਰੀ ਹੈ ਜੋ 'ਪਰਾਏ ਕਾਰਜ ਨੂੰ ਸਿੱਧ ਕਰੇ'। ਸੰਤ ਬਾਰੇ ਭਾਈ ਸਾਹਿਬ ਲਿਖਦੇ ਹਨ, ਉਹ ਪੁਰਸ਼ ਜਿਸ ਨੇ ਮਨ ਇੰਦ੍ਰੀਆਂ ਨੂੰ ਟਿਕਾਇਆ ਹੈ।

ਰਵਾਇਤੀ ਸਮਾਜ ਵਿਚ ਸਾਧ ਦੀ ਬਹੁਤ ਮਹਾਨਤਾ ਦਰਸਾਈ ਗਈ ਹੈ। ਇਤਿਹਾਸਕ, ਮਿਥਿਹਾਸਕ, ਧਾਰਮਿਕ ਗ੍ਰੰਥਾਂ ਅਤੇ ਆਮ ਸਾਹਿਤ ਵਿਚ ਸਾਧ ਦੀ ਉਪਮਾ ਹੈ। ਭਾਰਤੀ ਸਮਾਜ ਵਿਚ ਧਰਮ ਦਾ ਵਧੇਰੇ ਬੋਲਬਾਲਾ ਹੋਣ ਕਰਕੇ ਸਾਧੂ ਨੂੰ ਵਿਸ਼ੇਸ਼ ਦਰਜਾ ਦਿੱਤਾ ਜਾਂਦਾ ਸੀ ਅਤੇ ਸਾਧ ਦੀ ਸੰਗਤ ਨੂੰ ਜੀਵਨ ਦਾ ਪਾਰ ਉਤਾਰਾ ਕਰਨ ਤਕ ਦੀ ਸੋਭਾ ਦਿੱਤੀ ਗਈ ਹੈ। ਗੁਰਬਾਣੀ ਦਾ ਕਥਨ ਹੈ- 'ਉਤਮ ਸਲੋਕ ਸਾਧੁ ਕੇ ਬਚਨ ॥' ਅਤੇ 'ਸਾਧੂ ਸੰਗਿ ਉਧਾਰੁ ਭਏ ਨਿਕਾਣਿਆ ॥' ਪੁਰਾਣੇ ਵੇਲਿਆਂ ਵਿਚ ਹੋਰਾਂ ਪੱਖਾਂ ਤੋਂ ਇਲਾਵਾ ਸਭ ਤੋਂ ਅਹਿਮ ਪੱਖ ਸੀ, ਅੱਲਗ ਅੱਲਗ ਧਰਮ ਹੋਣ ਦੇ ਬਾਵਜੂਦ ਵਧੇਰੇ ਸਾਧ ਸੰਤਾਂ ਕੋਲ ਸਹਿਣਸ਼ੀਲਤਾ ਤੇ ਸੰਜਮ ਸੀ ਅਤੇ ਉਹ ਆਮ ਲੋਕਾਂ ਤੇ ਸਮਾਜ ਵਿਚ ਇਸ ਪੱਖ ਨੂੰ ਪ੍ਰਚਾਰਦੇ ਵੀ ਸਨ। ਲੋਕਾਂ ਦੇ ਘਰੇਲੂ ਕਲੇਸ਼ ਤੇ ਮਾਨਸਿਕ ਤਣਾਅ ਨੂੰ ਆਪਣੇ ਪ੍ਰਵਚਨਾਂ ਰਾਹੀਂ ਨਿਵਾਰਨ ਕਰਦੇ। ਕਈ ਸਾਧ ਤਾਂ ਜੜੀ-ਬੂਟੀਆਂ ਰਾਹੀਂ ਦਵਾ ਦਾਰੂ ਵੀ ਕਰਦੇ ਪਰ ਲਾਲਚ ਤੋਂ ਦੂਰ ਰਹਿੰਦੇ। ਜਤ-ਸਤ ਦੇ ਪ੍ਰੱਪਕ, ਅਲਪ ਅਹਾਰੀ, ਕੁਦਰਤੀ ਵਾਤਾਵਰਨ ਮੁਤਾਬਿਕ ਆਪਣੇ ਜੀਵਨ ਨੂੰ ਰੱਬੀ ਸ਼ਕਤੀ ਦੇ ਨੇੜੇ ਰੱਖਦੇ। ਇਸੇ ਕਰਕੇ ਹੀ ਸਾਧਾਂ ਸੰਤਾਂ ਨੂੰ ਲੋਕ ਸ਼ਰਧਾ ਭਾਵਨਾ ਨਾਲ ਦੇਖਦੇ।

ਅਜੋਕੇ ਯੁੱਗ ਵਿਚ ਵਧੇਰੇ ਕਰਕੇ ਉਲਟ ਹੋ ਰਿਹਾ ਹੈ। ਮੁਲਕ ਵਿਚ ਸਾਧ ਵੀ ਵਧੇਰੇ ਕਰਕੇ ਪਰ-ਹਿਤ ਦੀ ਬਜਾਏ ਨਿੱਜ-ਹਿਤ ਵਿਚ ਗੜੁੱਚ ਹਨ ਜੋ ਉਨ੍ਹਾਂ ਦੇ ਪਾਖੰਡਾਂ, ਛਲ-ਕਪਟ ਤੇ ਢੰਗਾਂ ਤੋਂ ਸਾਫ ਨਜ਼ਰ ਆਉਂਦਾ ਹੈ। ਲੋਕਾਂ ਨੂੰ ਅੰਧਵਿਸ਼ਵਾਸੀ ਬਣਾ ਅਤੇ ਕਰਮਾਂ ਦੇ ਚੱਕਰਾਂ ਵਿਚ ਪਾ ਕੇ ਮਾਇਆ ਬਟੋਰਨਾ, ਚਲਾਕੀ ਤੇ ਘੋਰ ਫਰੇਬ ਰਾਹੀਂ ਨੌਜੁਆਨ ਲੜਕੀਆਂ ਕੋਲੋਂ ਇਸ਼ਨਾਨ ਕਰਵਾਉਣਾ, ਜਿਨਸੀ ਸ਼ੋਸ਼ਣ, ਲੜਕੀਆਂ ਦਾ ਉਧਾਲਾ, ਸਿਆਸਤਦਾਨਾਂ ਦੀ ਸ਼ਹਿ 'ਤੇ ਆਪਣੇ ਚੇਲਿਆਂ (ਗੁੰਡਿਆਂ) ਦੁਆਰਾ ਡੇਰਿਆਂ ਤੇ ਆਸ਼ਰਮਾਂ ਵਿਚ ਆਉਣ ਵਾਲੇ ਸ਼ਰਧਾਲੂਆਂ ਨੂੰ ਮਾਨਸਿਕ ਤੌਰ 'ਤੇ ਦਬਾ ਕੇ ਹਮੇਸ਼ਾ ਲਈ ਆਪਣੇ ਚੁੰਗਲ ਵਿਚ ਫਸਾਈ ਰੱਖਣਾ, ਕਈ ਹਾਲਾਤ ਵਿਚ ਕਤਲ ਆਦਿ ਕੁਕਰਮ ਪ੍ਰਤੱਖ ਹਨ। ਇਸ ਤੋਂ ਬਿਨਾ ਕਈ ਅਣਦੱਸੀਆਂ ਕੁਕਰਮ ਕਹਾਣੀਆਂ ਦਫਨ ਹੋ ਕੇ ਰਹਿ ਜਾਂਦੀਆਂ ਹਨ।

ਸਮੇਂ ਨਾਲ ਹਰ ਸ਼ੈਅ ਬਦਲ ਜਾਂਦੀ ਹੈ। ਅਜਿਹਾ ਕੁਝ ਸਾਧ ਸੰਤਾਂ ਦੇ ਪੱਖ ਤੋਂ ਵਾਪਰ ਰਿਹਾ ਹੈ। ਮੰਨਿਆ ਗਿਆ ਹੈ ਕਿ ਮਾਇਆ ਵੱਖ-ਵੱਖ ਰੂਪਾਂ ਵਿਚ ਇਨਸਾਨ ਨੂੰ ਆਪਣੀ ਗ੍ਰਿਫਤ ਵਿਚ ਲੈ ਲੈਂਦੀ ਹੈ। ਅਜੋਕਾ ਯੁਗ ਮੰਡੀ-ਸ਼ਕਤੀ ਤੇ ਭੌਤਿਕਵਾਦ ਦਾ ਯੁੱਗ ਹੈ ਜਿਸ ਵਿਚ ਪਦਾਰਥਕ ਵਸਤਾਂ ਦੀ ਖਿੱਚ ਇੰਨੀ ਦਿਖਾਈ ਜਾਂਦੀ ਹੈ, ਜਿੱਥੇ ਆਮ ਇਨਸਾਨ ਵਿਤੋਂ ਬਾਹਰ ਹੋ ਕੇ ਵੀ ਪਦਾਰਥਕ ਵਸਤਾਂ ਇਕੱਠੀਆਂ ਕਰਦਾ ਹੀ ਨਿਬੜ ਜਾਂਦਾ ਹੈ, ਉਥੇ ਸਾਧ ਸੰਤ ਵੀ ਇਹੀ ਵਰਤਾਰੇ ਅਪਣਾ ਰਹੇ ਹਨ। ਅਜੋਕੇ ਸਾਧਾਂ ਦਾ ਮਨ ਵੀ ਅਸਹਿਣਸ਼ੀਲ, ਖੰਡਤ ਤੇ ਪ੍ਰਚੰਡ ਲਾਲਚੀ ਹੋ ਰਿਹਾ ਹੈ। ਨਵੇਂ ਡੇਰੇ/ਆਸ਼ਰਮ ਖੁੱਲ੍ਹਣਾ ਇਸ ਦੀਆਂ ਪ੍ਰਤੱਖ ਮਿਸਾਲਾਂ ਹਨ। ਭਾਰਤ ਵਿਚ ਲੱਖਾਂ ਹੀ ਡੇਰੇ/ਆਸ਼ਰਮ ਹੋਂਦ ਵਿਚ ਆ ਚੁੱਕੇ ਹਨ। ਪੰਜਾਬ ਵਰਗੇ ਛੋਟੇ ਰਾਜ ਵਿਚ ਵੀ 9000 ਦੇ ਕਰੀਬ ਡੇਰੇ/ਆਸ਼ਰਮ ਹਨ ਜੋ ਵਧੇਰੇ ਕਰਕੇ ਮਾਇਆ ਇਕੱਠੀ ਕਰਨ ਦਾ ਜ਼ਰੀਆ ਹਨ। ਬਾਬਿਆਂ ਕੋਲ ਮਹਿੰਗੀਆਂ ਕਾਰਾਂ, ਆਲੀਸ਼ਾਨ ਸਥਾਨ ਤੇ ਬੰਦੂਕਧਾਰੀ ਚੇਲਿਆਂ ਦਾ ਇਕੱਠ ਇਸ ਦਾ ਸਬੂਤ ਹਨ। ਸੋ, ਅਜੋਕਾ ਸਾਧਪੁਣਾ ਆਰਥਿਕ ਆਧਾਰਿਤ ਹੈ, ਅਧਿਆਤਮਕ ਆਧਾਰਿਤ ਨਹੀਂ।

ਅਖੌਤੀ ਬਾਬਿਆਂ ਦੀ ਉਪਜ ਦਾ ਇਕ ਹੋਰ ਵੱਡਾ ਕਾਰਨ ਸਾਧਪੁਣੇ ਵਿਚ ਅਸਾਨ ਦਾਖਲਾ ਹੈ। ਕੋਈ ਕਲਰਕ ਜਾਂ ਸਰਜਾ ਚਾਰ ਮੁਲਾਜ਼ਮ ਵੀ ਭਰਤੀ ਕਰਨਾ ਹੋਵੇ ਤਾਂ ਕੋਈ ਨਿਰਧਾਰਤ ਵਿਦਿਅਕ ਯੋਗਤਾ ਚਾਹੀਦੀ ਹੈ, ਟੈਸਟ ਜਾਂ ਇੰਟਰਵਿਊ ਪਾਸ ਕਰਨੀ ਪੈਂਦੀ ਹੈ ਪਰ ਬਾਬਾ ਬਣਨ ਲਈ ਕਿਸੇ ਯੋਗਤਾ ਦੀ ਜ਼ਰੂਰਤ ਨਹੀਂ। ਬਸ ਖਾਸ ਭੇਸ ਤੇ ਸ਼ੁਰੂਆਤ ਲਈ ਥੋੜ੍ਹੀ ਜਗ੍ਹਾ ਚਾਹੀਦੀ ਹੈ ਜੋ ਛੇਤੀ ਹੀ ਫੈਲ ਜਾਂਦੀ ਹੈ। ਸੋਨੇ ਤੇ ਸੁਹਾਗੇ ਵਾਲੀ ਗੱਲ ਇਹ ਹੁੰਦੀ ਹੈ ਕਿ ਸਾਧਾਂ ਤੇ ਆਸ਼ਰਮਾਂ ਨੂੰ ਸਿਆਸੀ ਥਾਪੜਾ ਵੀ ਮਿਲ ਜਾਂਦਾ ਹੈ। ਬਸ ਫੇਰ ਕੀ ? ਨਾ ਕੋਈ ਪੁੱਛਣ ਵਾਲਾ ਤੇ ਨਾ ਹੀ ਕੋਈ ਰੋਕ-ਟੋਕ। ਕਈ ਬਾਬਿਆਂ ਦਾ ਪਿਛੋਕੜ ਨਿਹਾਇਤ ਅਪਰਾਧਿਕ ਹੁੰਦਾ ਹੈ।

ਸਾਧ ਸੰਤਾਂ ਦੇ ਡੇਰੇ ਪ੍ਰਫੁਲਤ ਹੋਣ ਦੇ ਹੋਰ ਵੱਡੇ ਕਾਰਣ ਹਨ: ਸਮਾਜ ਵਿਚ ਰਿਸ਼ਤਿਆਂ ਦੀ ਟੁੱਟ-ਭੱਜ, ਘਰੇਲੂ ਕਲੇਸ਼, ਸਮਾਜਿਕ ਸਹਾਰਿਆਂ ਦਾ ਟੁੱਟਣਾ, ਸਮਾਜਿਕ ਅਸੰਗਠਤਾ, ਅੰਤਰ-ਮਨੁੱਖੀ ਅਸੰਵੇਦਨਸ਼ੀਲਤਾ, ਮਾਨਸਿਕ ਤਣਾਅ ਆਦਿ। ਮਨੋਵਿਗਿਆਨਕ ਪੱਖਾਂ ਤੋਂ ਕੀਤੇ ਸਰਵੇਖਣਾਂ ਤੋਂ ਪਤਾ ਲੱਗਦਾ ਹੈ ਕਿ ਡਿਪਰੈਸ਼ਨ ਦੀ ਬਿਮਾਰੀ ਦੈਂਤ ਦਾ ਰੂਪ ਧਾਰ ਰਹੀ ਹੈ। ਭਾਰਤ ਵਿਚ ਹੁਣ 7 ਕਰੋੜ ਦੇ ਕਰੀਬ ਲੋਕ ਡਿਪਰੈਸ਼ਨ ਦੀ ਮਾਰ ਹੇਠ ਹਨ। ਇਕ ਰਿਪੋਰਟ ਮੁਤਾਬਿਕ,

ਬਾਕੀ ਸਫ਼ਾ 28 'ਤੇ



## ਨਾਬਾਲਗ ਨਾਲ ਬਲਾਤਕਾਰ ਕਰਨ ਵਾਲੇ ਤਾਂਤਰਿਕ ਨੂੰ 10 ਸਾਲ ਕੈਦ

**ਸੰਗਰੂਰ/ਏਟੀ ਨਿਊਜ਼ :** ਸੈਸ਼ਨ ਜੱਜ ਜੇ.ਐੱਸ. ਭਿੰਡਰ ਦੀ ਅਦਾਲਤ ਨੇ ਇਕ ਨਾਬਾਲਗ ਲੜਕੀ ਨਾਲ ਬਲਾਤਕਾਰ ਕਰਨ ਵਾਲੇ ਤਾਂਤਰਿਕ ਨੂੰ ਦਸ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਮੁਦਈ ਪੱਖ ਦੇ ਵਕੀਲ ਅਮਨਦੀਪ ਕੌਰ ਨੇ ਦੱਸਿਆ ਕਿ ਪੁਲਿਸ ਥਾਣਾ ਸਦਰ ਧੂਰੀ ਵਿਖੇ 13 ਜੁਲਾਈ 2018 ਨੂੰ ਦਰਜ ਮਾਮਲੇ ਮੁਤਾਬਿਕ ਪੀੜਤ 17 ਸਾਲਾ ਲੜਕੀ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਹ ਪ੍ਰਾਈਵੇਟ ਤੌਰ 'ਤੇ ਨੌਕਰੀ ਕਰਦੀ ਹੈ। ਸਾਹ ਦੀ ਤਕਲੀਫ਼ ਹੋਣ ਕਾਰਨ ਜਦੋਂ ਉਹ ਕਈ ਡਾਕਟਰਾਂ ਦੀ ਦਵਾਈ ਨਾਲ ਠੀਕ ਨਹੀਂ ਹੋਈ ਤਾਂ ਉਸ ਦੇ ਮਾਤਾ-ਪਿਤਾ ਉਸ ਨੂੰ ਇਲਾਜ ਲਈ ਤਾਂਤਰਿਕ ਮਨਦੀਪ ਸਿੰਘ ਵਾਸੀ ਰੂੜਗੜ੍ਹ ਕੋਲ ਲੈ ਗਏ। ਦਸੰਬਰ 2017 ਵਿਚ ਸਨਿੱਚਰਵਾਰ ਨੂੰ ਤਾਂਤਰਿਕ ਨੇ ਮਾਤਾ ਨੂੰ ਅਲੱਗ ਕਮਰੇ ਵਿਚ ਬਿਠਾ ਦਿੱਤਾ ਤੇ ਇਲਾਜ ਲਈ ਪੀੜਤਾ ਨੂੰ ਦੂਜੇ ਕਮਰੇ ਵਿਚ ਲੈ ਗਿਆ ਜਿੱਥੇ ਤਾਂਤਰਿਕ ਨੇ ਧੱਕੇ ਨਾਲ ਨਸ਼ਾ ਖੁਆ ਕੇ ਉਸ ਨਾਲ ਬਲਾਤਕਾਰ ਕੀਤਾ। ਤਾਂਤਰਿਕ ਧਮਕੀ ਦਿੰਦਾ ਰਿਹਾ ਕਿ ਜੇਕਰ ਕਿਸੇ ਨੂੰ ਦੱਸਿਆ ਤਾਂ ਪਰਿਵਾਰ ਨੂੰ ਜਾਨੋ ਮਾਰ ਦਿੱਤਾ ਜਾਵੇਗਾ। ਉਸ ਨੇ ਡਰ ਦੇ ਮਾਰੇ ਕਿਸੇ ਨੂੰ ਨਾ ਦੱਸਿਆ ਅਤੇ ਉਹ ਗਰਭਵਤੀ ਹੋ ਗਈ ਅਤੇ ਇਕ ਲੜਕੇ ਨੂੰ ਜਨਮ ਦਿੱਤਾ। ਪੁਲਿਸ ਨੇ ਬਲਾਤਕਾਰ ਐਕਟ ਅਧੀਨ ਮਾਮਲਾ ਦਰਜ ਕਰ ਕੇ ਤਾਂਤਰਿਕ ਨੂੰ ਗ੍ਰਿਫ਼ਤਾਰ ਕਰ ਲਿਆ। ਜਾਂਚ ਦੌਰਾਨ ਪਾਇਆ ਗਿਆ ਕਿ ਬੱਚਾ ਤਾਂਤਰਿਕ ਦਾ ਹੀ ਹੈ। ਹੁਣ ਅਦਾਲਤ ਵਿਚ ਸੁਣਵਾਈ ਮੁਕੰਮਲ ਹੋਣ 'ਤੇ ਤਾਂਤਰਿਕ ਮਨਦੀਪ ਸਿੰਘ ਨੂੰ ਦਸ ਸਾਲ ਦੀ ਕੈਦ ਅਤੇ ਇਕ ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ।

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹੀ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਸ੍ਰੀ ਗੁਰੂ ਨਾਨਕ ਦੇਵ ਜੀ : ਨੂਰਾਂ ਦਾ ਦਰਿਆ

## ਸਿਰਜਨਹਾਰ ਦੀ ਸਿਰਜਨਾ ਵਿਸਮਾਦਮਈ

**ਰੂਪ ਸਿੰਘ**



ਸਿਰਜਨਹਾਰ ਦੀ ਸਿਰਜਨਾ ਵਿਸਮਾਦਮਈ ਹੈ। ਸਮੁੱਚੀ ਸਿਰਜਨਾ ਨੂੰ ਜਾਣਨਾ ਉਨਾ ਹੀ ਮੁਸ਼ਕਲ ਹੈ ਜਿੰਨਾ ਸਿਰਜਨਹਾਰ ਨੂੰ! ਵਿਸਮਾਦੀ ਸਿਰਜਨਾ ਵਿੱਚੋਂ ਹੀ ਮਨੁੱਖ ਜਾਤੀ ਪ੍ਰਭੂ ਦੀ ਸਰਵੋਤਮ ਕਿਰਤ ਮੰਨੀ ਗਈ ਹੈ। ਮਨੁੱਖ ਨੂੰ ਧਰਤੀ ਦਾ ਸਿਰਦਾਰ ਕਹਿ ਨਿਵਾਜਿਆ ਗਿਆ ਹੈ। ਲੱਖਾਂ ਹੀ ਜੂਨਾਂ ਵਿੱਚੋਂ ਮਨੁੱਖ ਨੂੰ ਪ੍ਰਭੂ ਨੇ ਸਿਰਦਾਰ ਹੋਣ ਦੀ ਵਡਿਆਈ ਬਖ਼ਸ਼ੀ ਹੈ। ਜੋ ਸਿਰਦਾਰੀ ਦੇ ਅਵਸਰ ਨੂੰ ਲਬ-ਲੋਭ, ਹਉਮੈ-ਹੰਕਾਰ ਤੇ ਸੰਸਾਰਿਕ ਨਸ਼ਿਆਂ ਵਿੱਚ ਗ਼ਲਤਾਨ ਕਰਕੇ ਗਵਾ ਲੈਂਦਾ ਹੈ, ਉਹ ਜਨਮ-ਮਰਨ ਦੇ ਚੱਕਰ ਦਾ ਦੁੱਖ ਸਹਾਰਦਾ ਹੈ। ਮਾਨਵ ਜੀਵਨ ਅਮੋਲਕ ਹੈ, ਦੁਰਲੱਭ ਹੈ ਜੋ ਬਾਰ-ਬਾਰ ਨਹੀਂ ਮਿਲਦਾ ਤੇ ਜੋ ਮਨੁੱਖ ਜੀਵਨ ਆਦਰਸ਼ ਦੀ ਪ੍ਰਾਪਤੀ ਲਈ ਜੀਵਨ ਭਰ ਲਈ ਯਤਨਸ਼ੀਲ ਰਹਿੰਦਾ ਹੈ, ਉਹੀ ਪ੍ਰਭੂ-ਦਰ 'ਤੇ ਪ੍ਰਵਾਨ ਚੜ੍ਹਦਾ ਹੈ। ਸਮਾਜਿਕ ਮਾਣ-ਸਨਮਾਨ ਦਾ ਹੱਕਦਾਰ ਵੀ ਅਜਿਹਾ ਹੀ ਮਨੁੱਖ ਬਣਦਾ ਹੈ।

ਮਨੁੱਖੀ ਸਰੀਰ ਹੀ ਨਹੀਂ ਸਗੋਂ ਜੇ ਗਹੁ ਨਾਲ ਦੇਖਿਆ ਜਾਵੇ ਤਾਂ ਇਸ ਦਾ ਹਰੇਕ ਅੰਗ ਹੀ ਅਮੋਲਕ ਤੇ ਦੁਰਲੱਭ ਨਜ਼ਰ ਆਵੇਗਾ। ਕਿਸੇ ਅੰਗ ਦੀ ਕੀਮਤ ਦਾ ਅਹਿਸਾਸ ਕਿਸੇ ਅੰਗਹੀਣ ਦੀ ਬੇਵਸੀ ਵੱਲ ਤੱਕ ਕੇ ਸਹਿਜੇ ਹੀ ਹੋ ਸਕਦਾ ਹੈ। ਜਿਸ ਮਨੁੱਖ ਦੇ ਨੈਣ ਜੋਤਿ ਤੋਂ ਹੀਣ ਹਨ, ਉਹ ਹਰ ਕੀਮਤ 'ਤੇ ਅੱਖਾਂ ਦੀ ਰੌਸ਼ਨੀ ਪ੍ਰਾਪਤੀ ਕਰਨੀ ਲੋਚਦਾ ਹੈ ਪਰ ਉਸ ਨੂੰ ਆਪਣੇ ਬਰਾਬਰ ਕੰਚਨ ਦੇਣ 'ਤੇ ਵੀ ਅੱਖਾਂ ਦੀ ਜੋਤਿ ਪ੍ਰਾਪਤੀ ਨਹੀਂ ਹੁੰਦੀ।

ਇਸ ਤਰ੍ਹਾਂ ਹੀ ਮਨੁੱਖ ਨੂੰ ਸੋਚ ਤੇ ਬੋਲ-ਸ਼ਕਤੀ ਪਰਮਾਤਮਾ ਨੇ ਬਖ਼ਸ਼ਿਸ਼ ਕੀਤੀ ਹੈ। ਬੋਲ-ਸ਼ਕਤੀ ਇੱਕ ਅਜਿਹਾ ਮਾਧਿਅਮ ਹੈ ਜਿਸ ਰਾਹੀਂ ਹਰ ਵਿਅਕਤੀ ਆਪਣੀਆਂ ਅੰਦਰੂਨੀ ਭਾਵਨਾਵਾਂ ਨੂੰ ਪ੍ਰਗਟ ਕਰਦਾ ਹੈ। ਬੋਲ-ਸ਼ਕਤੀ ਹੀ ਐਸਾ ਸਾਧਨ ਹੈ ਕਿ ਜੇ ਮਨੁੱਖ ਚਾਹੇ ਤਾਂ ਮਿੱਠੜੇ ਬੋਲ ਬੋਲ ਕੇ ਸੱਜਣਤਾਈ ਪ੍ਰਾਪਤ ਕਰ ਸਕਦਾ ਹੈ ਤੇ ਜੇ ਚਾਹੇ ਤਾਂ ਗਾਲੀ-ਗਲੋਚ ਦੇ ਬੋਲਾਂ ਨਾਲ ਸੱਜਣਾਂ ਨੂੰ ਵੀ ਦੁਸ਼ਮਣ ਬਣਾ ਸਕਦਾ ਹੈ। ਪਾਵਨ ਗੁਰਬਾਣੀ ਮਨੁੱਖ ਨੂੰ ਜੀਵਨ ਦੇ ਹਰ ਪਹਿਲੂ ਤੋਂ ਅਗਵਾਈ ਬਖ਼ਸ਼ਿਸ਼ ਕਰਦੀ ਹੈ। ਅਸੀਂ ਵਿਚਾਰ ਕਰਨੀ ਹੈ ਕਿ ਗੁਰਬਾਣੀ ਸਾਨੂੰ ਬੋਲ-ਚਾਲ ਸਬੰਧੀ ਕਿਵੇਂ ਸੇਧ ਪ੍ਰਦਾਨ ਕਰਦੀ ਹੈ?

ਬੋਲ ਦਾ ਅਰਥ ਹੈ, 'ਬਚਨ', 'ਆਵਾਜ਼', 'ਕਥਨ'। ਬੋਲਣ ਤੋਂ ਭਾਵ ਹੈ ਵਾਰਤਾਲਾਪ ਕਰਨਾ, ਕਿਸੇ ਨੂੰ ਕੁਝ ਕਹਿਣਾ, ਗੱਲਬਾਤ ਕਰਨੀ ਆਦਿ। ਹਰ ਮਨੁੱਖ ਦੀ ਆਪਣੀ ਹੀ ਬੋਲਣ-ਸ਼ੈਲੀ ਹੈ ਜਿਸ ਦੁਆਰਾ ਉਹ ਆਪਣੇ ਆਪ ਨੂੰ ਵਿਅਕਤ ਕਰਦਾ ਹੈ! ਵਿਦਿਵਾਨਾਂ ਨੇ ਆਵਾਜ਼ ਜਾਂ ਬੋਲੀ ਨੂੰ ਚਾਰ ਭਾਗਾਂ ਵਿੱਚ ਵੰਡਿਆ ਹੈ, 'ਪਰਾ', 'ਪਸਯੰਤੀ', 'ਮਧਯਮਾ' ਤੇ 'ਬੈਖਰੀ'। 'ਪਰਾ' ਉਹ ਆਵਾਜ਼ ਹੈ ਜੋ ਅਜੇ ਮੂਲਾਧਾਰ ਵਿੱਚ ਹੀ ਹੈ ਤੇ ਮੂਲਾਧਾਰ ਤੋਂ ਉੱਠ ਕੇ ਹਿਰਦੇ ਵਿੱਚ ਆਉਣ ਵਾਲੀ ਆਵਾਜ਼ 'ਪਸਯੰਤੀ' ਕਹਾਉਂਦੀ ਹੈ, ਜੋ ਕੰਠ ਵਿੱਚ ਆ ਗਈ ਉਹ 'ਮਧਯਮਾ' ਅਤੇ ਜੋ ਮੁਖ ਰਾਹੀਂ ਉਚਾਰੀ ਗਈ ਉਹ 'ਬੈਖਰੀ' ਕਹਿਲਾਉਂਦੀ ਹੈ। ਇਨ੍ਹਾਂ ਵਿੱਚੋਂ ਬੈਖਰੀ ਮਹੱਤਵਪੂਰਨ ਹੈ। ਪਹਿਲੀਆਂ ਅਵਸਥਾਵਾਂ ਵਿੱਚ ਤਾਂ ਮਨੁੱਖ ਦਾ ਆਪਾ ਬਾਹਰ ਪ੍ਰਗਟ ਨਹੀਂ ਹੁੰਦਾ ਤੇ ਚੌਥੀ ਅਵਸਥਾ ਵਿੱਚ ਆਪਾ 'ਬੋਲਣ' ਦੁਆਰਾ ਪ੍ਰਗਟ ਹੋ ਜਾਂਦਾ ਹੈ। ਸਿਆਣਿਆਂ ਦਾ ਕਥਨ ਹੈ ਕਿ ਤੀਰ ਕਮਾਨੋਂ, ਬੋਲ ਜ਼ੁਬਾਨੋਂ ਨਿਕਲੇ ਵਾਪਸ ਨਹੀਂ ਆਉਂਦੇ। ਗੁਰਬਾਣੀ ਅਨੁਸਾਰ ਉਹੀ ਬੋਲ ਪ੍ਰਵਾਨ ਮੰਨੇ ਗਏ ਹਨ, ਜਿਨ੍ਹਾਂ ਦੇ ਬੋਲਣ ਨਾਲ ਸਮਾਜ ਵਿੱਚ ਮਾਣ-ਸਨਮਾਨ ਤੇ ਪ੍ਰਭੂ ਦਰਬਾਰ ਵਿੱਚ ਢੋਈ ਪ੍ਰਾਪਤ ਹੁੰਦੀ ਹੈ। ਫਿੱਕੇ ਬੋਲ ਬੋਲਣ ਵਾਲਾ ਹਮੇਸ਼ਾਂ ਹੀ ਖੁਆਰ ਹੁੰਦਾ ਹੈ। ਗੁਰਬਾਣੀ ਦਾ ਫ਼ੁਰਮਾਨ ਹੈ:

ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ॥
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥ (ਅੰਗ ੧੫)।

ਇਸ ਕਰਕੇ ਹਰੇਕ ਮਨੁੱਖ ਨੂੰ ਆਪਣੇ ਬੋਲ-ਬਚਨਾਂ ਵਿੱਚ ਮਿਠਾਸ ਤੇ ਨਿਮਰਤਾ ਭਾਵ ਦੇ ਸਦਗੁਣ ਪੈਦਾ ਕਰਨੇ ਚਾਹੀਦੇ ਹਨ। ਕਠੋਰ ਤੇ ਕੌੜੇ ਬੋਲ ਬੋਲਣ ਵਾਲੇ ਵਿਅਕਤੀ ਸਮਾਜ ਵਿੱਚ ਕਦੇ ਵੀ ਇੱਜ਼ਤ-ਮਾਣ ਦੇ ਹੱਕਦਾਰ ਨਹੀਂ ਬਣਦੇ। ਅਸੀਂ ਰੋਜ਼ਾਨਾ ਜੀਵਨ ਵਿੱਚ ਦੇਖਦੇ ਹਾਂ ਕਿ ਕੜਵੇ ਬੋਲ ਬੋਲਣ ਵਾਲਿਆਂ ਤੋਂ ਸਾਰੇ ਹੀ ਕੰਨੀ ਕਤਰਾਉਂਦੇ ਹਨ। ਕੌੜੇ ਬੋਲ ਬੋਲਣ ਵਾਲੇ ਵਿਅਕਤੀ ਨੂੰ ਹਰ ਪਾਸੇ ਤੋਂ ਫਿਟਕਾਰਾਂ ਹੀ ਪੈਂਦੀਆਂ ਹਨ ਤੇ ਉਸ ਨੂੰ ਸਮਾਜ ਵਿੱਚ ਮੂਰਖ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ ਤੇ ਉਹ ਕਈ ਵਾਰ ਤਾਂ ਫਿੱਕੇ ਬੋਲ ਬੋਲਣ ਕਰਕੇ ਜੁੱਤੀਆਂ ਦਾ ਵੀ ਭਾਗੀ ਬਣਦਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਫੁਰਮਾਇਆ ਹੈ :

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥
ਫਿਕੋ ਫਿਕਾ ਸਦੀਐ ਫਿਕੋ ਫਿਕੀ ਸੋਇ॥
ਫਿਕਾ ਦਰਗਾਹ ਸਟੀਐ ਮੁਹਿ ਥੁਕਾ ਫਿਕੇ ਪਾਇ॥
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥ (ਅੰਗ ੪੭੩)।

ਬਾਬਾ ਫਰੀਦ ਜੀ ਵੀ ਮਨੁੱਖਤਾ ਦਾ ਮਾਰਗ-ਦਰਸ਼ਨ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਜੇ ਤੈਨੂੰ ਪ੍ਰੀਤਮ ਪਿਆਰੇ ਪ੍ਰਭੂ ਨਾਲ ਮਿਲਣ ਦੀ ਸਿੱਕ ਹੈ ਤਾਂ ਤੈਨੂੰ ਕਿਸੇ ਨਾਲ ਵੀ ਮਾੜਾ ਬੋਲ ਨਹੀਂ ਬੋਲਣਾ ਚਾਹੀਦਾ ਕਿਉਂਕਿ ਹਰੇਕ ਮਨੁੱਖ ਦੇ ਅੰਦਰ ਉਸ ਪ੍ਰੀਤਮ ਪਿਆਰੇ ਦੀ ਜੋਤਿ ਵਿਆਪਕ ਹੈ।

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ॥
ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥ (ਅੰਗ ੧੩੮੪)।

ਮਿੱਠੜੇ ਤੇ ਨਿਮਰਤਾ ਭਰੇ ਬੋਲ ਹੀ ਚੰਗੇ ਗੁਣਾਂ ਦਾ ਤੱਤਸਾਰ ਹੈ :

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥ (ਅੰਗ ੪੭੦)।

ਬੋਲ ਮਨੁੱਖ ਦੀ ਆਜ਼ਾਦ ਹਸਤੀ ਦਾ ਵੀ ਪ੍ਰਗਟਾਵਾ ਕਰਦੇ ਹਨ। ਗੁਲਾਮ ਮਨੁੱਖ ਦੀ ਬੋਲ-ਸ਼ਕਤੀ ਖ਼ਤਮ ਹੋ ਜਾਂਦੀ ਹੈ। ਉਹ ਬੋਲਣ ਦੇ ਅੰਗ ਰੱਖਦਾ ਹੋਇਆ ਵੀ ਬੋਲਣ ਤੋਂ ਅਸਮਰੱਥ ਹੈ-ਗੂੰਗਾ ਹੈ! ਗੁਲਾਮ ਦੇ ਬੋਲ ਆਪਣੇ ਨਹੀਂ ਹੁੰਦੇ। ਉਹ ਜੋ ਬੋਲਦਾ ਹੈ ਆਪਣੀ ਜ਼ਮੀਰ ਦੀ ਆਵਾਜ਼ ਤੋਂ ਨਹੀਂ ਬੋਲਦਾ ਸਗੋਂ ਮਾਲਕ ਦੇ ਹੁਕਮ 'ਤੇ ਹੀ ਬੋਲਦਾ ਹੈ। ਗੁਲਾਮ ਜੇਕਰ ਜ਼ਮੀਰ ਤੋਂ ਬੋਲਣਾ ਸ਼ੁਰੂ ਕਰ ਦੇਵੇ ਤਾਂ ਉਹ ਬਾਗ਼ੀ ਸਦਵਾਉਂਦਾ ਹੈ। ਆਜ਼ਾਦ-ਸੁਤੰਤਰ ਮਨੁੱਖ ਦੇ ਬੋਲ ਜ਼ਮੀਰ ਦੀ ਆਵਾਜ਼-ਆਧਾਰਤ ਹੁੰਦੇ ਹਨ, ਉਧਾਰੇ ਲਈ ਨਹੀਂ ਹੁੰਦੇ। ਸ਼ਾਇਦ ਇਸ ਕਰਕੇ ਸੂਰਮੇ ਮਨੁੱਖ ਦਾ ਸਰੀਰ ਤਾਂ ਭਾਵੇਂ ਬਿਨਸ ਜਾਏ ਪਰ ਬੋਲ ਸਦੀਵੀ ਹੋ ਨਿੱਬੜਦੇ ਹਨ। ਸੂਰਮਾ ਮਨੁੱਖ ਸਮੇਂ ਸਿਰ ਸੱਚੇ ਤੇ ਮਿੱਠੇ ਬੋਲ ਬੋਲਦਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਸਮੇਂ ਸਿਰ ਸੱਚੇ ਤੇ ਸਦੀਵੀ ਬੋਲ, ਬੋਲ ਕੇ ਮਾਨਵਤਾ ਦਾ ਮਾਰਗਦਰਸ਼ਨ ਕੀਤਾ ਹੈ। ਉਨ੍ਹਾਂ ਨੇ ਸਮੇਂ ਦੇ ਹਾਕਮਾਂ ਵੱਲੋਂ ਕੀਤੇ ਜਾ ਰਹੇ ਜ਼ੁਲਮਾਂ ਦੇ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ ਤੇ ਬਾਬਰ ਨੂੰ ਜਾਬਰ ਤੱਕ ਕਿਹਾ।

ਬੋਲਾਂ ਸਬੰਧੀ ਗੁਰਬਾਣੀ ਵਿੱਚੋਂ ਸਾਨੂੰ ਭਰਪੂਰ ਅਗਵਾਈ ਮਿਲਦੀ ਹੈ ਕਿ ਮਨੁੱਖ ਬੋਲਣ ਸ਼ਕਤੀ ਦਾ ਕਿਵੇਂ ਸਦ-ਉਪਯੋਗ ਕਰ ਸਕਦਾ ਹੈ। ਗੁਰਮਤਿ ਵਿੱਚ ਥੋੜ੍ਹਾ ਖਾਣ, ਥੋੜ੍ਹਾ ਸੌਣ ਦੀ ਤਾਕੀਦ ਕੀਤੀ ਗਈ ਹੈ ਇਵੇਂ ਹੀ ਬੋਲਣ ਸਬੰਧੀ ਵੀ ਸੰਜਮ ਅਖ਼ਤਿਆਰ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ ਹੈ। ਬਹੁਤਾ ਬੋਲਣ ਤੋਂ ਵਰਜਿਆ ਗਿਆ ਹੈ। ਬਹੁਤਾ ਬੋਲਣਾ ਫਜ਼ੂਲ ਹੈ, ਬੇ-ਫਾਇਦਾ ਹੈ ਕਿਉਂਕਿ ਪ੍ਰੀਤਮ ਪਿਆਰਾ ਮਨੁੱਖ ਦੀ ਮੂਕ ਭਾਸ਼ਾ ਨੂੰ ਵੀ ਸੁਣਦਾ, ਸਮਝਦਾ ਹੈ।

ਬਹੁਤਾ ਬੋਲਣੁ ਝਖਣੁ ਹੋਇ ਵਿਣੁ ਬੋਲੇ ਜਾਣੈ ਸਭੁ ਸੋਇ॥ (ਅੰਗ ੬੬੧)।

ਮਨੁੱਖ ਦਾ ਮਨੁੱਖ ਨਾਲ ਸਨੇਹ-ਪਿਆਰ ਮਿੱਠੇ ਬੋਲ ਬੋਲਣ ਨਾਲ ਹੀ ਬਣ ਸਕਦਾ ਹੈ ਪਰ ਪਿਆਰ ਦੀ ਸਾਂਝ ਬੁਰੇ ਬੋਲ ਬੋਲਣ ਨਾਲ ਪਲਾਂ ਵਿੱਚ ਟੁੱਟ ਵੀ ਜਾਂਦੀ ਹੈ :

ਗੰਢੁ ਪਰੀਤੀ ਮਿਠੇ ਬੋਲ॥ (ਅੰਗ ੧੪੩),
ਟੂਟਿ ਪਰੀਤਿ ਗਈ ਬੁਰ ਬੋਲਿ॥ (ਅੰਗ ੯੩੩)।

ਫਿਰ ਜਿੱਥੇ ਬੋਲਣਾ ਹੀ ਵਿਅਰਥ ਹੋਵੇ, ਬੇ-ਫ਼ਾਇਦਾ ਹੋਵੇ ਭਾਵ ਬੋਲਣ 'ਤੇ, ਸੁਣਨ ਵਾਲੇ ਅਸਰ ਹੀ ਕਬੂਲ ਨਾ ਕਰਨ, ਉੱਥੇ ਤਾ ਬੋਲਣ ਨਾਲੋਂ ਚੁੱਪ ਹੀ ਭਲੀ ਹੈ :

ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ॥ (ਅੰਗ ੧੪੯)

ਗੁਰਬਾਣੀ ਵਿੱਚ ਮਨੁੱਖ ਨੂੰ ਅਧਿਆਤਮਕ ਪੱਖ ਦੇ ਨਾਲ-ਨਾਲ ਸਮਾਜਿਕ ਵਰਤੋਂ-ਵਿਵਹਾਰ ਵਿੱਚ ਵੀ ਬੋਲ ਚਾਲ ਦਾ ਚੱਜ-ਆਚਾਰ ਅਖ਼ਤਿਆਰ ਕਰਨ ਦੀ ਨਸੀਅਤ ਕੀਤੀ ਹੈ। ਪ੍ਰਭੂ-ਰਜ਼ਾ ਵਿੱਚ ਚੱਲਣ ਵਾਲਾ ਮਨੁੱਖ ਚੰਗੀਆਂ ਬਿਰਤੀਆਂ ਨੂੰ ਧਾਰਨ ਕਰਦਾ ਹੈ ਤੇ ਮਾੜੇ ਕਰਮਾਂ ਤੋਂ ਤੋਬਾ ਕਰਦਾ ਹੋਇਆ ਕਥਨੀ ਤੇ ਕਰਨੀ ਵਿੱਚ ਇਕਸਾਰਤਾ ਲਿਆਉਂਦਾ ਹੈ। ਮਿਠਾਸ ਤੇ ਨਿਮਰਤਾ ਭਰਪੂਰ ਬੋਲਣ ਵਾਲਿਆਂ ਨੂੰ ਘਰ-ਪਰਿਵਾਰ ਤੇ ਸਮਾਜ ਵਿੱਚ ਮਾਣ-ਸਤਿਕਾਰ ਪ੍ਰਾਪਤ ਹੁੰਦਾ ਹੈ। ਗੁਰਬਾਣੀ ਦਾ ਪਾਵਨ ਸਿਧਾਂਤ ਹੈ :

ਅੰਮ੍ਰਿਤ ਫਲ ਤਿਨ ਜਨ ਕਉ ਲਾਗੇ
ਜੋ ਬੋਲਹਿ ਅੰਮ੍ਰਿਤ ਬਾਤਾ ਹੇ॥ (ਅੰਗ ੧੦੫੧)।

ਜਿੱਥੇ ਗੁਰਬਾਣੀ ਵਿਚ ਬਾਰ-ਬਾਰ ਨਿਮਰਤਾ ਤੇ ਮਿਠਾਸ ਭਰਪੂਰ ਬੋਲ ਬੋਲਣ 'ਤੇ ਜ਼ੋਰ ਦਿੱਤਾ ਗਿਆ ਹੈ, ਉਥੇ ਨਾਲ ਹੀ ਇਹ ਵੀ ਤਾਕੀਦ ਕੀਤੀ ਗਈ ਹੈ ਕਿ ਆਪਣੇ ਧਰਮ ਅਨੁਸਾਰ ਸੱਚੇ ਬੋਲ ਬੋਲੋ। ਕਦੇ ਵੀ ਝੂਠੇ ਬੋਲ ਕੇ ਦੂਜਿਆਂ ਦਾ ਮਨ ਨਾ ਦੁਖਾਓ ਤੇ ਨਾ ਹੀ ਆਪਣੇ ਆਪ ਨਾਲ ਇਸ ਤਰ੍ਹਾਂ ਕਦੇ ਧੋਖਾ ਕਰੋ। ਜਿੱਤ ਹਮੇਸ਼ਾ ਸੱਚੇ ਬੋਲਾਂ ਦੀ ਹੀ ਹੁੰਦੀ ਹੈ। ਝੂਠ ਬੋਲਣ ਵਾਲਿਆਂ ਦੇ ਅਖ਼ੀਰ ਨਮੋਸ਼ੀ ਹੀ ਪੱਲੇ ਪੈਂਦੀ ਹੈ :

ਬੋਲੀਐ ਸਚੁ ਧਰਮੁ ਝੂਠ ਨ ਬੋਲੀਐ॥ (ਅੰਗ ੪੮੮)।

ਮੰਦੇ ਬੋਲ ਬੋਲ ਕੇ ਕਿਸੇ ਦਾ ਵੀ ਮਨ ਨਹੀਂ ਦੁਖਾਉਣਾ ਚਾਹੀਦਾ। ਗਿਆਨ ਦੀ ਪ੍ਰਾਪਤੀ ਕਰਕੇ ਮਨੁੱਖ ਨੂੰ ਇਹੀ ਸਮਝ ਆਉਂਦੀ ਹੈ।

ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ਮੂਰਖੈ ਨਾਲਿ ਨ ਲੁਝੀਐ॥ (ਅੰਗ ੪੭੩)।

ਮਿੱਠੇ ਬਚਨ ਹਰ ਕਿਸੇ ਨੂੰ ਮੁਲਾਇਮ ਕਰ ਲੈਂਦੇ ਹਨ। ਬਚਨਾਂ ਦੀ ਮਿਠਾਸ ਹਰੇਕ ਨੂੰ ਪਰੇਰ ਲੈਂਦੀ ਹੈ :

ਕੋਮਲ ਬਾਣੀ ਸਭ ਕਉ ਸੰਤੋਖੈ॥ (ਅੰਗ ੨੯੯)।

ਬੁਜ਼ਦਿਲਾਂ, ਮਾਨਸਿਕ ਅਪਾਹਜਾਂ ਮਨਮੁਖਾਂ ਤੇ ਮੂਰਖਾਂ ਦੀ ਪਹਿਚਾਣ ਉਨ੍ਹਾਂ ਦੇ ਸਰੀਰ, ਰੰਗ-ਰੂਪ ਤੇ ਪਹਿਰਾਵੇ ਤੋਂ ਨਹੀਂ ਹੁੰਦੀ ਸਗੋਂ ਉਨ੍ਹਾਂ ਦੇ ਬੋਲ ਹੀ ਉਨ੍ਹਾਂ ਦੀ ਪਹਿਚਾਣ ਕਰਾਉਂਦੇ ਹਨ। ਬੁਜ਼ਦਿਲ, ਕਾਇਰ, ਗ਼ੁਲਾਮ ਸਮੇਂ ਸਿਰ ਸੱਚ ਨਹੀਂ ਬੋਲਦੇ, ਉਹ ਕੇਵਲ ਹਾਕਮ ਦੀ ਖੁਸ਼ਨੂਦੀ ਹਾਸਲ ਕਰਨ ਲਈ ਖ਼ੁਸ਼ਾਮਦ ਕਰਦੇ ਹਨ ਤੇ ਹਾਂ 'ਚ ਹਾਂ ਮਿਲਾਉਂਦੇ ਹਨ। ਮਨਮੁਖ ਤੇ ਮੂਰਖ ਦੀ ਪ੍ਰਮੁੱਖ ਨਿਸ਼ਾਨੀ ਹੈ ਕਿ ਉਹ ਬੋਲਣ ਤੋਂ ਪਹਿਲਾਂ ਵਿਚਾਰਦਾ ਨਹੀਂ, ਜੋ ਮੂੰਹ ਵਿੱਚ ਆਉਂਦਾ ਹੈ, ਉਂਗਲ ਦਿੰਦਾ ਹੈ। ਉਹ ਦੂਜਿਆਂ ਨੂੰ ਤਾਂ ਆਪਣੀ ਗੱਲ ਸੁਣਾਉਂਦਾ ਹੈ ਪਰ ਆਪ ਨਾ ਤਾਂ ਕਿਸੇ ਦੀ ਗੱਲ ਗਹੁ ਨਾਲ ਸੁਣਦਾ-ਵਿਚਰਦਾ ਹੈ ਤੇ ਨਾ ਹੀ ਆਪਣੇ ਕਹੇ 'ਤੇ ਅਮਲ ਕਰਦਾ ਹੈ।

ਮਾਨੁਖ ਕਥੈ ਕਥਿ ਲੋਕ ਸੁਨਾਵੈ ਜੋ ਬੋਲੈ ਸੋ ਨ ਬੀਚਾਰੈ॥ (ਅੰਗ ੯੮੧)।
ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥ (ਅੰਗ ੮੩੧)।

ਬਿਨਾ ਸੋਚੇ ਸਮਝੇ ਬੋਲੇ ਹੋਏ ਬੋਲ ਕਈ ਵਾਰ ਤਲਵਾਰ ਦੇ ਜ਼ਖ਼ਮਾਂ ਤੋਂ ਵੀ ਵੱਧ ਘਾਤਕ ਤੇ ਚਿਰਕਾਲੀ ਹੋ ਨਿਬੜਦੇ ਹਨ। ਉਮਰਾਂ ਲੰਮੀ ਸਾਂਝ ਨੂੰ ਬੇਸਮਝੀ ਵਿੱਚ ਬੋਲਿਆ ਇੱਕ ਕੌੜਾ ਬੋਲ ਦੁਸ਼ਮਣੀ ਵਿੱਚ ਬਦਲ ਸਕਦਾ ਹੈ। ਦੂਜੇ ਪਾਸੇ ਨਿਮਰਤਾ ਨਾਲ ਕਹੇ ਹੋਏ ਮਿੱਠੜੇ ਬੋਲ ਪੁਰਾਣੇ ਜ਼ਖ਼ਮਾਂ ਨੂੰ ਮੇਟਣ ਵਿੱਚ ਸਹਾਈ ਹੋ ਸਕਦੇ ਹਨ।

ਗੁਰਬਾਣੀ ਦੇ ਆਸ਼ੇ ਅਨੁਸਾਰ ਹਰੇਕ ਮਾਨੁਖ ਦੀ ਬੋਲ-ਬਾਣੀ ਮਿਠਾਸ-ਭਰਪੂਰ ਤੇ ਸੰਜਮਮਈ ਹੋਣੀ ਚਾਹੀਦੀ ਹੈ। ਗੁਰਸਿੱਖ ਸਦਵਾਉਣ ਵਾਲਿਆਂ ਲਈ ਤਾਂ ਇਹ ਨਹਾਇਤ ਹੀ ਜ਼ਰੂਰੀ ਹੈ ਕਿਉਂਕਿ ਗਾਲੀ-ਗਲੋਚ ਵਾਲੀ ਭਾਸ਼ਾ ਤੇ ਬੋਲ-ਬਾਣੀ ਗੁਰੂ-ਹੁਕਮਾਂ ਦੀ ਸਰਾਸਰ ਉਲੰਘਣਾ ਹੈ, ਜੋ ਗੁਰਸਿੱਖ ਕਦੇ ਵੀ ਨਹੀਂ ਕਰਦਾ।

# ਮੈਮੋਰੀਅਲ ਡੇ ਪਰੇਡ ਵਿਚ ਵਿਸ਼ਵ ਜੰਗਾਂ ਦੌਰਾਨ ਸ਼ਹੀਦ ਹੋਏ ਅਮਰੀਕੀ ਅਤੇ ਸਿੱਖ ਫੌਜੀਆਂ ਨੂੰ ਸ਼ਰਧਾਂਜਲੀ

## ਸਿੱਖਾਂ ਦੀ ਨਿਵੇਕਲੀ ਪਛਾਣ ਖਿੱਚ ਦਾ ਕੇਂਦਰ ਰਹੀ

**ਨਿਊਯਾਰਕ/ਰਾਜ ਗੋਗਨਾ :** ਸ਼ਹੀਦ ਅਮਰੀਕੀ ਫ਼ੌਜੀਆਂ ਨੂੰ ਯਾਦ ਕਰਨ ਲਈ ਅਮਰੀਕਾ ਵਿਚ ਹਰ ਸਾਲ ਮੈਮੋਰੀਅਲ-ਡੇ ਮਨਾਇਆ ਜਾਂਦਾ ਹੈ ਤੇ ਇਸ ਦਿਨ ਕੌਮੀ ਛੁੱਟੀ ਹੁੰਦੀ ਹੈ। ਅਮਰੀਕਾ ਦੇ ਹੋਰਨਾਂ ਸ਼ਹਿਰਾਂ ਵਾਂਗ ਓਹਾਇਹੋ ਸੂਬੇ ਦੇ ਸ਼ਹਿਰ ਸਪਰਿੰਗਫੀਲਡ ਵਿੱਖੇ ਵੀ ਮੈਮੋਰੀਅਲ ਡੇ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮੇਂ ਪਰੇਡ ਦਾ ਆਯੋਜਨ ਕੀਤਾ ਗਿਆ। ਵੱਖ ਵੱਖ ਵਿਭਾਗਾਂ, ਜਥੇਬੰਦੀਆਂ, ਵਿਦਿਅਕ ਤੇ ਧਾਰਮਕ ਅਦਾਰਿਆਂ ਦੀਆਂਝਲਕੀਆਂ, ਇਸ ਪਰੇਡ ਦੀ ਵਿਸ਼ੇਸ਼ ਖਿੱਚ ਸਨ। ਇਸ ਪਰੇਡ ਵਿਚ ਇਥੋਂਦੇ ਸ਼ਹੀਦਾਂ ਦੀਆਂ ਤਸਵੀਰਾਂ ਪੋਸਟਰਾਂ 'ਤੇ ਲਾ ਕੇ ਉਨ੍ਹਾਂਨੂੰ ਯਾਦ ਕੀਤਾ ਗਿਆ। ਸਪਰਿੰਗਫੀਲਡ ਸ਼ਹਿਰ ਦੇ ਵਸਨੀਕ ਅਵਤਾਰ ਸਿੰਘ ਨੇ ਦੱਸਿਆ ਕਿ ਉਹ ਆਪਣੇ ਪਰਿਵਾਰ ਸਮੇਤ ਪਿਛਲੇ 20



ਸਾਲਾਂ ਤੋਂ ਇਸ ਪਰੇਡ ਵਿਚ ਉਚੇਚੇ ਤੌਰ 'ਤੇ ਭਾਗ ਲੈ ਰਹੇ ਹਨ। ਸਪਰਿੰਗਫੀਲਡ ਦੇ ਨਾਲ ਲਗਦੇ ਸ਼ਹਿਰ ਡੇਟਨ, ਸਿਨਸਿਨਾਟੀ, ਨਿਊਯਾਰਕ ਤੋਂ ਵੀ 100 ਦੇ ਕਰੀਬ ਪਤਵੰਤਿਆਂ ਨੇ ਭਾਗ ਲਿਆ ਤੇ ਇਸ ਪਰੇਡ ਦਾ ਆਨੰਦ ਮਾਣਿਆ। ਅਮਰੀਕੀ ਝੰਡਿਆਂ, ਬੈਨਰਾਂ, ਪੋਸਟਰਾਂ ਨਾਲ ਸਜਾਏ ਗਏ ਸਿੱਖ ਫਲੋਟ ਵਿਚ ਵਿਸ਼ਵ ਯੁੱਧਾਂ ਦੌਰਾਨ ਸ਼ਹੀਦ ਹੋਏ ਸਿੱਖ ਫੌਜੀਆਂ ਬਾਰੇ ਜਾਣਕਾਰੀ ਦਿੱਤੀ ਗਈ।

ਬਾਕੀ ਸਫ਼ਾ 28 'ਤੇ



# ਪਾਠਕਾਂ ਦਾ ਨਜ਼ਰੀਆ

## ਪੰਜਾਬ ਦੇ ਚੋਣ ਨਤੀਜੇ

ਭਾਰਤ ਵਿਚ ਲੋਕ ਸਭਾ ਨਤੀਜਿਆਂ ਨੇ ਕਈਆਂ ਨੂੰ ਹੈਰਾਨ ਤੇ ਕਈਆਂ ਨੂੰ ਪ੍ਰੇਸ਼ਾਨ ਕਰ ਦਿੱਤਾ ਹੈ। ਜੋ ਕੁਝ ਦੇਸ ਵਿੱਚ ਦਿਸਿਆ, ਉਸ ਦੀ ਵੀ ਆਸ ਨਹੀਂ ਸੀ ਤੇ ਜੋ ਪੰਜਾਬ ਵਿੱਚ ਹੋ ਗਿਆ ਯਕੀਨ ਉਸ ਦਾ ਵੀ ਨਹੀਂ ਸੀ। ਮਾਲਵਾ ਖਿੱਤੇ ਵਿੱਚ ਹੀ ਅਕਾਲੀ ਦਲ ਤੇ ਬਾਦਲ ਪਰਵਾਰ ਦਾ ਸਭ ਤੋਂ ਵੱਡਾ ਵਿਰੋਧ ਸੀ ਤੇ ਮਾਲਵੇ ਵਿੱਚੋਂ ਹੀ ਬਾਦਲ ਮੀਆਂ-ਬੀਵੀ ਜਿੱਤਣ ਵਿੱਚ ਸਫ਼ਲ ਰਹੇ ਹਨ, ਕਾਰਨ ਕੁਝ ਵੀ ਰਹੇ ਹੋਣ। ਪੰਜਾਬ ਵਿੱਚ ਭਾਜਪਾ ਕੋਲ ਦੋ ਸੀਟਾਂ ਹਨ। ਸੰਨੀ ਦਿਓਲ ਦੇ ਆਉਣ ਤੋਂ ਪਹਿਲਾਂ ਲੱਗਦਾ ਸੀ ਕਿ ਸ਼ਾਇਦ ਇੱਕ ਵੀ ਸੀਟ ਨਾ ਮਿਲੇ ਪਰ ਮਿਲ ਦੋ ਗਈਆਂ। ਪੰਜਾਬ ਦੇ ਮੁੱਖ ਮੰਤਰੀ ਬੜੇ ਜ਼ੋਰ-ਸ਼ੋਰ ਨਾਲ 'ਮਿਸ਼ਨ ਤੇਰਾਂ' ਦੀ ਗੱਲ ਕਰਦੇ ਸਨ ਪਰ ਮਿਲੀਆਂ ਅੱਠ। 'ਆਪ' ਦੇ 12 ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਤੇ ਪੀਡੀਏ ਦਾ ਖਾਤਾ ਵੀ ਨਹੀਂ ਖੁੱਲ੍ਹਿਆ।

ਇੰਜ ਲੱਗਦਾ ਸੀ ਜਿਵੇਂ ਬੀਬੀ ਪਰਮਜੀਤ ਕੌਰ ਖਾਲੜਾ ਦਾ ਕੋਈ ਮੁਕਾਬਲਾ ਹੀ ਨਾ ਹੋਵੇ ਤੇ ਬੀਬੀ ਜਗੀਰ ਕੌਰ ਤੀਜੇ ਨੰਬਰ ਤੋਂ ਅੱਗੇ ਨਾ ਵਧਣੀ ਹੋਵੇ ਪਰ ਨਤੀਜੇ ਨੇ ਬੀਬੀ ਖਾਲੜਾ ਨੂੰ ਤੀਜੇ ਤੇ ਦੂਜੇ 'ਤੇ ਬੀਬੀ ਜਗੀਰ ਕੌਰ ਨੂੰ ਕਰ ਦਿੱਤਾ। ਪਟਿਆਲਾ ਤੋਂ ਡਾ. ਧਰਮਵੀਰ ਗਾਂਧੀ ਦੀ ਪੱਕੀ ਜਿੱਤ ਦਿਸਦੀ ਸੀ ਪਰ ਉਨ੍ਹਾਂ ਦੀ ਝੋਲੀ ਪਈ ਹਾਰ ਨੇ ਦੱਸ ਦਿੱਤਾ ਕਿ ਹਮਦਰਦੀ ਅਤੇ ਹਕੀਕਤ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੁੰਦਾ ਹੈ। ਸੁਖਪਾਲ ਖਹਿਰਾ ਜੇ ਹਾਰੇਗਾ ਤਾਂ ਸ਼ਾਨ ਨਾਲ ਹਾਰੇਗਾ, ਦੀ ਆਸ ਸੀ ਪਰ ਉਹ ਆਪਣੀ ਜ਼ਮਾਨਤ ਤੱਕ ਨਹੀਂ ਬਚਾ ਸਕਿਆ। ਉਸ ਦੇ ਸਾਰੇ ਸਾਥੀਆਂ ਵਿੱਚੋਂ ਇੱਕ ਵੀ ਸਫ਼ਲ ਨਹੀਂ ਹੋਇਆ, ਤਾਂ ਅਰਥ ਕੀ ਨਿਕਲਦਾ ਹੈ ਕਿ ਪੰਜਾਬ ਦੇ ਲੋਕ ਹੁਣ ਨਵੇਂ ਤਜਰਬਿਆਂ ਦੇ ਵੀ ਹੱਕ ਵਿਚ ਨਹੀਂ ਲੱਗਦੇ।

ਸਿਮਰਜੀਤ ਸਿੰਘ ਬੈਂਸ ਦੇ ਆਪਣੇ ਕੰਮਾਂ ਦੇ ਅਧਾਰ 'ਤੇ ਜਿੱਤਣ ਦੀ ਆਸ ਸੀ ਪਰ ਨਿਕਲਿਆ ਕੀ ? ਡਾ. ਗਾਂਧੀ ਦੀ ਇਮਾਨਦਾਰੀ ਰੰਗ ਦਿਖਾਵੇਗੀ, ਬਹੁਤ ਲੋਕ ਸੋਚਦੇ ਸੀ ਪਰ ਹੋਇਆ ਉਲਟ। ਇਨ੍ਹਾਂ ਗੱਲਾਂ ਕਰਕੇ ਹੀ ਉਨੀ ਹੈਰਾਨੀ ਹੋਈ, ਜਿੰਨੀ ਦੇਸ ਦੇ ਨਤੀਜਿਆਂ 'ਤੇ। 13 ਵਿੱਚੋਂ 8 ਸੀਟਾਂ 'ਤੇ ਜਿੱਤ ਦਰਜ ਕਰਨਾ ਕੈਪਟਨ ਨੂੰ ਭਾਵੇਂ ਬਹੁਤ ਵੱਡੀ ਪ੍ਰਾਪਤੀ ਲੱਗੇ ਪਰ ਇਹ ਕੋਈ ਪ੍ਰਾਪਤੀ ਨਹੀਂ ਕਹੀ ਜਾ ਸਕਦੀ। ਹੁਣ ਭਾਵੇਂ ਸ਼ਰੀਕ ਸਿਰ ਸਾਰਾ ਦੋਸ਼ ਮੜ੍ਹਿਆ ਜਾਵੇ ਕਿ ਪ੍ਰਚਾਰ ਦੇ ਆਖ਼ਰੀ ਦਿਨ ਉਸ ਦੇ ਬਿਆਨਾਂ ਨੇ ਮਿਸ਼ਨ 13 ਰੋਕ ਦਿੱਤਾ ਪਰ ਲੋਕ ਕਹਿੰਦੇ ਨੇ ਕਿ 8 ਸੀਟਾਂ ਦੀ ਵੀ ਆਸ ਨਹੀਂ ਸੀ, ਕਿਉਂਕਿ ਸਵਾ ਦੋ ਸਾਲ ਵਿੱਚ ਸਰਕਾਰ ਨੇ ਖੁਸ਼ ਕਿਹੜਾ ਵਰਗ ਕੀਤਾ। ਜੇ ਲੋਕਾਂ ਦੇ ਦਿਲ ਜਿੱਤੇ ਹੁੰਦੇ ਤਾਂ ਲੱਖ ਕੋਸ਼ਿਸ਼ਾਂ ਬਾਅਦ ਵੀ ਸਿੱਧੂ ਦਾ ਦੋ ਮਿੰਟ ਦਾ ਬਿਆਨ ਕੋਈ ਅਸਰ ਨਹੀਂ ਦਿਖਾ ਸਕਦਾ ਸੀ। ਕੈਪਟਨ ਸਾਹਿਬ ਹੁਣ ਸਿੱਧੂ ਬਾਰੇ ਪਾਕਿਸਤਾਨੀ ਪ੍ਰਧਾਨ ਮੰਤਰੀ ਨੂੰ ਜੱਫੀਆਂ ਪਾਉਣ ਦੀ ਗੱਲ ਕਰਦੇ ਨੇ ਪਰ ਆਪਣੇ ਨਜ਼ਦੀਕੀ ਦੋਸਤਾਂ ਵਿੱਚੋਂ ਕੁਝ ਨੂੰ ਘਰ ਵਿਚ ਵੀ ਰੱਖਦੇ ਹਨ। ਜੇ ਉਨ੍ਹਾਂ ਦਾ ਪਾਕਿ ਦੋਸਤਾਂ ਨਾਲ ਨੇੜਤਾ ਕਰਕੇ ਵੋਟਾਂ 'ਤੇ ਫ਼ਰਕ ਨਹੀਂ ਪੈਂਦਾ ਤਾਂ ਇੱਕ ਵਾਰ ਗੁਆਂਢੀ ਦੇਸ ਦੇ ਪ੍ਰਧਾਨ ਮੰਤਰੀ ਨੂੰ ਜੱਫੀ ਪਾਉਣ ਨਾਲ ਵੀ ਦੇਸ ਦਾ ਨੁਕਸਾਨ ਨਹੀਂ ਹੋ ਸਕਦਾ।

ਹਰ ਚੋਣ ਵਾਂਗ ਹਾਰਨ ਵਾਲੇ ਹੁਣ ਕਈ ਤਰ੍ਹਾਂ ਦੇ ਬਹਾਨੇ ਲੱਭ ਰਹੇ ਹਨ ਪਰ ਇਹ ਵੇਲਾ ਹਕੀਕਤ ਪਛਾਨਣ ਦਾ ਹੈ ਕਿ ਸਾਡਾ ਬੁਰਾ ਹਾਲ ਕਿਉਂ ਹੋਇਆ। ਭਾਰਤ ਦੀ ਰਾਜਨੀਤੀ ਵਿੱਚ ਕਾਂਗਰਸ ਸਿਰਫ਼ ਦੋਸ਼ ਲਾ ਕੇ ਕਾਮਯਾਬ ਨਹੀਂ ਹੋ ਸਕਦੀ, ਇਸ ਲਈ ਵੱਡੀ ਯੋਜਨਾਬੰਦੀ ਦੀ ਲੋੜ ਹੈ। ਜੇ ਇਹ ਸੋਚਿਆ ਜਾਵੇ ਕਿ ਵੋਟਾਂ ਤੋਂ ਦੋ-ਤਿੰਨ ਮਹੀਨੇ ਪਹਿਲਾਂ ਫੜੀ ਸਰਗਰਮੀ ਜੇਤੂ ਬਣਾ ਦੇਵੇਗੀ ਤਾਂ ਦਿਨ ਵੇਲੇ ਤਾਰੇ ਦੇਖਣ ਵਾਲੀ ਗੱਲ ਹੋਵੇਗੀ।

**- ਐਡਵੋਕੇਟ, ਗੁਰਮੀਤ ਸ਼ੁਗਲੀ**

## ਤੰਬਾਕੂ ਨਿਗਲ ਰਿਹਾ ਹੈ ਲੱਖਾਂ ਜਾਨਾਂ

ਵਿਸ਼ਵ ਸਿਹਤ ਸੰਗਠਨ, ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਐਂਡ ਟੋਬੈਕੋ ਇੰਸਟੀਚਿਊਟ ਆਫ ਇੰਡੀਆ ਅਨੁਸਾਰ ਭਾਰਤ ਵਿਚ ਹਰੇਕ 8 ਸਕਿੰਟ ਬਾਅਦ ਇਕ ਮੌਤ ਤੰਬਾਕੂ ਦੇ ਸੇਵਨ ਕਾਰਨ ਹੁੰਦੀ ਹੈ। ਇਕ ਰਿਪੋਰਟ ਅਨੁਸਾਰ ਭਾਰਤ ਵਿਚ 25 ਕਰੋੜ ਲੋਕ ਤੰਬਾਕੂ ਦਾ ਸੇਵਨ ਕਰਦੇ ਹਨ ਜਿਨ੍ਹਾਂ ਵਿਚ 57 ਫ਼ੀਸਦੀ ਨੌਜਵਾਨ ਅਤੇ 3 ਫ਼ੀਸਦੀ ਮੁਟਿਆਰਾਂ ਸ਼ਾਮਲ ਹਨ। ਲਗਪਗ 17 ਫ਼ੀਸਦੀ ਗੱਭਰੂ ਅਤੇ 9 ਫ਼ੀਸਦੀ ਤੰਬਾਕੂ ਪੀਣ ਵਾਲੀਆਂ ਮੁਟਿਆਰਾਂ 13-17 ਸਾਲ ਉਮਰ ਵਰਗ ਦੀਆਂ ਹਨ। ਬੀੜੀ ਪੀਣ ਵਾਲੇ 50 ਫ਼ੀਸਦੀ ਅਤੇ ਤੰਬਾਕੂ ਖਾਣ ਵਾਲੇ 36 ਫ਼ੀਸਦੀ ਵਿਅਕਤੀ 15 ਸਾਲ ਦੀ ਉਮਰ ਵਿਚ ਹੀ ਤੰਬਾਕੂ ਦਾ ਸੇਵਨ ਸ਼ੁਰੂ ਕਰ ਦਿੰਦੇ ਹਨ ਜਿਹੜੀ ਇਕ ਵਿਚਾਰਨਯੋਗ ਗੰਭੀਰ ਗੱਲ ਹੈ।

ਵਿਸ਼ਵ ਸਿਹਤ ਸੰਗਠਨ ਅਨੁਸਾਰ ਫੇਫੜਿਆਂ ਦੇ ਕੈਂਸਰ ਦੇ 90 ਫ਼ੀਸਦੀ ਮਰੀਜ਼ ਤੰਬਾਕੂ ਦਾ ਸੇਵਨ ਕਰਨ ਦੇ ਆਦੀ ਹੁੰਦੇ ਹਨ। ਜੇਕਰ ਤੰਬਾਕੂ ਦੀ ਵਰਤੋਂ ਇਸੇ ਤਰ੍ਹਾਂ ਜਾਰੀ ਰਹੀਂ ਤਾਂ ਸੰਨ 2030 ਤਕ ਤੰਬਾਕੂ ਕਾਰਨ ਹੋਣ ਵਾਲੀਆਂ ਮੌਤਾਂ ਦੀ ਗਿਣਤੀ 80 ਲੱਖ ਹੋ ਜਾਵੇਗੀ। ਭਾਰਤ ਤੰਬਾਕੂ ਦੀ ਵਰਤੋਂ ਕਰਨ ਵਾਲੇ ਦੇਸ਼ਾਂ 'ਚੋਂ ਦੂਸਰੇ ਸਥਾਨ 'ਤੇ ਹੈ।

**- ਜਸਵਿੰਦਰ ਸਿੰਘ ਸਹੋਤਾ**

## ਵਿਦੇਸ਼ ਜਾਣ ਦਾ ਰੁਝਾਨ

ਪੰਜਾਬ ਦੇ ਮਾਝਾ ਅਤੇ ਦੋਆਬਾ ਇਲਾਕਿਆਂ ਦੇ ਲੋਕਾਂ ਦਾ ਵਿਦੇਸ਼ ਜਾਣ ਦਾ ਰੁਝਾਨ ਕਾਫੀ ਪੁਰਾਣਾ ਹੈ ਅਤੇ ਤਕਰੀਬਨ ਹਰ ਘਰ 'ਚੋਂ ਇਕ-ਇਕ ਪਰਿਵਾਰਕ ਮੈਂਬਰ ਪਹਿਲਾਂ ਹੀ ਵਿਦੇਸ਼ਾਂ ਸੈੱਟ ਹੋ ਚੁੱਕਾ ਹੈ ਪਰ ਮਾਲਵੇ ਵਿਚ ਬਾਹਰ ਜਾਣ ਦਾ ਰੁਝਾਨ ਪਿਛਲੇ ਤਿੰਨ-ਚਾਰ ਸਾਲਾਂ ਤੋਂ ਹੀ ਜ਼ੋਰ ਫੜ ਸਕਿਆ ਹੈ। ਮਾਲਵਾ ਇਲਾਕੇ ਦੇ ਸਾਰੇ ਹੀ ਮੁੱਖ ਸ਼ਹਿਰਾਂ ਵਿਚ ਧੜਾ-ਧੜ ਖੁੱਲ੍ਹ ਰਹੇ ਆਈਲੈਟਸ ਸੈਂਟਰਾਂ ਦੀ ਗਿਣਤੀ ਤੋਂ ਮਲਵਈਆਂ ਦੀ ਬਾਹਰ ਜਾਣ ਦੀ ਹਸਰਤ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਇਨ੍ਹਾਂ ਆਈਲੈਟਸ ਸੈਂਟਰਾਂ ਵਿਚ ਨੇੜਲੇ ਪਿੰਡਾਂ-ਕਸਬਿਆਂ ਦੇ ਵੱਡੀ ਗਿਣਤੀ ਮੁੰਡੇ-ਕੁੜੀਆਂ ਦਾ ਹੜ੍ਹ ਆਇਆ ਪਿਆ ਹੈ। ਇਨ੍ਹਾਂ ਵਿਦਿਆਰਥੀਆਂ 'ਚੋਂ ਬਹੁਤੇ 10+2 ਦੀ ਪੜ੍ਹਾਈ ਪਾਸ ਕਰਨ ਉਪਰੰਤ ਅੱਗੋਂ ਗ੍ਰੈਜੂਏਸ਼ਨ ਪੱਧਰੀ ਪੜ੍ਹਾਈ ਲਈ ਕਿਸੇ ਕਾਲਜ ਵਿਚ ਦਾਖ਼ਲਾ ਲੈਣ ਦੀ ਥਾਂ ਆਈਲੈਟਸ ਕਰ ਕੇ ਵਿਦੇਸ਼ ਜਾਣਾ ਚਾਹੁੰਦੇ ਹਨ। ਜਦ ਇਨ੍ਹਾਂ ਵਿਦਿਆਰਥੀਆਂ ਤੋਂ ਇਸ ਦਾ ਕਾਰਨ ਜਾਣਨਾ ਚਾਹਿਆ ਤਾਂ ਉਨ੍ਹਾਂ ਆਪਣੇ ਭਵਿੱਖ ਪ੍ਰਤੀ ਚਿੰਤਾ ਜ਼ਾਹਿਰ ਕਰਦੇ ਹੋਏ ਪੰਜਾਬ ਵਿਚ ਰੁਜ਼ਗਾਰ ਦੇ ਘਟ ਰਹੇ ਮੌਕੇ ਅਤੇ ਹੁਨਰ ਮੁਤਾਬਕ ਮਿਹਨਤਾਨਾ ਨਾ ਮਿਲਣ ਦੀ ਗੱਲ ਆਖੀ। ਜ਼ਿਆਦਾਤਰ ਲੜਕੀਆਂ ਦਾ ਮੰਨਣਾ ਹੈ ਕਿ ਵਿਦੇਸ਼ਾਂ ਵਿਚ ਇਕ ਸਿਸਟਮ ਹੈ। ਸਿਹਤ ਸਹੂਲਤਾਂ ਦੇ ਨਾਲ-ਨਾਲ ਸਮਾਜਿਕ ਸੁਰੱਖਿਆ ਹੈ ਜੋ ਸਾਡੇ ਭਾਰਤ ਵਿਚ ਦਿਨੋ-ਦਿਨ ਘਟਦੀ ਜਾ ਰਹੀ ਹੈ। ਸਵਾਲ ਇਹ ਹੈ ਕਿ ਜੇਕਰ ਸਾਰੇ ਹੁਨਰਮੰਦ ਅਤੇ ਮਿਹਨਤੀ ਨੌਜਵਾਨ ਇਸੇ ਤਰ੍ਹਾਂ ਵਿਦੇਸ਼ਾਂ ਵਿਚ ਚਲੇ ਜਾਣਗੇ ਤਾਂ ਪੰਜਾਬ ਤੇ ਦੇਸ਼ ਦਾ ਭਵਿੱਖ ਕੀ ਹੋਵੇਗਾ ? ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਨੌਜਵਾਨਾਂ ਨੂੰ ਵਿਦੇਸ਼ਾਂ ਵੱਲ ਜਾਣ ਤੋਂ ਰੋਕਣ ਲਈ ਆਪਣੇ ਦੇਸ਼ ਅੰਦਰ ਹੀ ਵਧੀਆ ਰੁਜ਼ਗਾਰ ਅਤੇ ਸਮਾਜਿਕ ਸੁਰੱਖਿਆ ਉਪਲਬਧ ਕਰਵਾਏ ਤਾਂ ਜੋ ਨੌਜਵਾਨ ਵਿਦੇਸ਼ਾਂ ਵਿਚ ਜਾਣ ਬਾਰੇ ਸੋਚਣ ਹੀ ਨਾ। ਓਧਰ 10+2 ਦੀ ਪੜ੍ਹਾਈ ਤੋਂ ਬਾਅਦ ਅਗਲੇਰੀ ਪੜ੍ਹਾਈ ਲਈ ਕਾਲਜਾਂ ਵਿਚ ਜਾਣ ਦੀ ਥਾਂ ਆਈਲੈਟਸ ਸੈਂਟਰਾਂ ਵੱਲ ਵਿਦਿਆਰਥੀਆਂ ਦੇ ਰੁਝਾਨ ਕਾਰਨ ਕਾਲਜਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਬਹੁਤ ਘਟ ਗਈ ਹੈ। ਸੂਬੇ ਅੰਦਰ ਉਦਯੋਗਾਂ ਦੀ ਕਮੀ ਕਾਰਨ ਪਹਿਲਾਂ ਹੀ ਇੰਜੀਨੀਅਰਿੰਗ ਅਤੇ ਦੂਜੇ ਤਕਨੀਕੀ ਕਾਲਜਾਂ ਦੀ ਹਾਲਤ ਖ਼ਸਤਾ ਹੋ ਚੁੱਕੀ ਹੈ ਅਤੇ ਇਹ ਕਾਲਜ ਲਗਾਤਾਰ ਬੰਦ ਹੋ ਰਹੇ ਹਨ। ਵਿਦੇਸ਼ ਜਾਣ ਦੇ ਚਾਹਵਾਨ ਨੌਜਵਾਨਾਂ ਦੀ ਇਹੋ ਰੁਚੀ ਹੁੰਦੀ ਹੈ ਕਿ ਉਨ੍ਹਾਂ ਨੂੰ ਪੜ੍ਹਾਈ ਦੇ ਨਾਲ-ਨਾਲ ਕਿੰਨੇ ਘੰਟੇ ਕੰਮ ਕਰਨ ਦਾ ਮੌਕਾ ਮਿਲੇਗਾ ਜਾਂ ਕੋਰਸ ਪੂਰਾ ਹੋਣ ਤੋਂ ਕਿੰਨਾ ਸਮਾਂ ਬਾਅਦ ਤਕ ਉਹ ਵਿਦੇਸ਼ ਵਿਚ ਰਹਿ ਸਕਣਗੇ ਅਤੇ ਪੀਆਰ ਕਦੋਂ ਤਕ ਹੋ ਜਾਣਗੇ ? ਵਿਦੇਸ਼ਾਂ ਨੂੰ ਜਾਣ ਵਾਲੇ ਨੌਜਵਾਨਾਂ ਵਿਚ ਸਿਰਫ਼ 10+2 ਪਾਸ ਵਿਦਿਆਰਥੀ ਹੀ ਉਤਸਕ ਨਹੀਂ ਹਨ ਸਗੋਂ ਗ੍ਰੈਜੂਏਟ ਅਤੇ ਪੋਸਟ-ਗ੍ਰੈਜੂਏਟ ਵਿਦਿਆਰਥੀ ਵੀ ਧੜਾਧੜ ਵਿਦੇਸ਼ ਜਾ ਰਹੇ ਹਨ। ਸਿੱਖਿਆ ਖੇਤਰ ਨਾਲ ਜੁੜੇ ਮਾਹਿਰਾਂ ਦੀ ਚਿੰਤਾ ਹੈ ਕਿ ਜੇਕਰ ਸਰਕਾਰਾਂ ਨੇ ਨੌਜਵਾਨਾਂ ਦੇ ਬਾਹਰ ਜਾਣ ਦੇ ਇਸ ਰੁਝਾਨ ਨੂੰ ਹਾਂ-ਪੱਖੀ ਤਰੀਕੇ ਨਾਲ ਠੱਲ੍ਹ ਨਾ ਪਾਈ ਤਾਂ ਸਾਡੇ ਦੇਸ਼ ਦਾ ਉਹ ਹੁਨਰਮੰਦ ਨੌਜਵਾਨ ਵਰਗ ਜਿਸ ਨੇ ਆਪਣੇ ਦੇਸ਼ ਨੂੰ ਤਰੱਕੀ ਦੇ ਰਾਹ 'ਤੇ ਪਾਉਣਾ ਹੈ, ਉਸ ਦਾ ਲਾਭ ਬਾਹਰਲੇ ਮੁਲਕ ਉਠਾ ਜਾਣਗੇ ਅਤੇ ਭਾਰਤ ਦਾ ਵਿਕਸਤ ਦੇਸ਼ਾਂ ਵਿਚ ਸ਼ੁਮਾਰ ਹੋਣ ਦਾ ਸੁਪਨਾ, ਸੁਪਨਾ ਹੀ ਰਹਿ ਜਾਵੇਗਾ।

**-ਡਾ. ਪ੍ਰਦੀਪ ਕੌੜਾ, ਬਠਿੰਡਾ**

## ਭਾਜਪਾ ਦੀ ਵੱਡੀ ਜਿੱਤ ਤੇ ਫਾਸ਼ੀਵਾਦ

ਮੋਦੀ ਅਤੇ ਕਾਰਪੋਰੇਟ ਮੀਡੀਆ ਨੇ ਬੇਰੁਜ਼ਗਾਰੀ, ਕਿਸਾਨੀ ਸੰਕਟ ਆਦਿ ਦੇ ਬੁਨਿਆਦੀ ਮੁੱਦਿਆਂ ਤੋਂ ਤਿਲਕਾ ਕੇ ਚੋਣਾਂ ਲਈ ਰਾਸ਼ਟਰਵਾਦ ਨੂੰ ਇਕੋ ਇਕ ਮੁੱਦਾ ਬਣਾ ਦਿੱਤਾ। ਚੋਣਾਂ ਜਿੱਤਣ ਲਈ ਦੇਸੀ-ਵਿਦੇਸ਼ੀ ਕਾਰਪੋਰੇਟਾਂ ਨੇ ਫੰਡਾਂ ਰਾਹੀਂ ਭਾਜਪਾ ਦੀ ਭਰਪੂਰ ਮਦਦ ਕੀਤੀ ਅਤੇ 2016-17 ਵਿਚ ਭਾਜਪਾ ਦੀ ਆਮਦਨ 85 ਫ਼ੀਸਦੀ ਵਧ ਕੇ 1034 ਕਰੋੜ ਰੁਪਏ ਅਤੇ ਕਾਂਗਰਸ ਦੀ ਆਮਦਨ ਘਟ ਕੇ 225 ਕਰੋੜ ਰੁਪਏ ਰਹਿ ਗਈ। ਪੰਜ ਸਾਲਾਂ ਦੌਰਾਨ ਮੋਦੀ ਦੇ ਰਾਜ ਕਾਲ 'ਚ ਧਰਮ ਪਰਿਵਰਤਨ, ਲਵ ਜਹਾਦ, ਗਊ ਹੱਤਿਆ ਰੋਕਣ ਆਦਿ ਦੇ ਨਾਂ 'ਤੇ ਬੇਕਸੂਰ ਮੁਸਲਮਾਨਾਂ ਅਤੇ ਦਲਿਤਾਂ 'ਤੇ ਜਬਰ ਅਤੇ ਹੱਤਿਆਵਾਂ ਦਾ ਸਿਲਸਿਲਾ ਨਿਸ਼ੰਗ ਜਾਰੀ ਰਿਹਾ।

ਇਸ ਤੋਂ ਵੀ ਵੱਧ, ਪ੍ਰਧਾਨ ਮੰਤਰੀ ਦੇ ਸਾਹਮਣੇ ਅੰਧਵਿਸ਼ਵਾਸ ਖ਼ਿਲਾਫ਼ ਵਿਗਿਆਨਕ ਤੇ ਤਰਕਸ਼ੀਲ ਵਿਚਾਰਾਂ ਦਾ ਸ਼ਾਂਤਮਈ ਢੰਗ ਨਾਲ ਪਸਾਰਾ ਕਰਨ ਵਾਲੇ ਨਰਿੰਦਰ ਦਾਭੋਲਕਰ, ਗੋਬਿੰਦ ਪਨਸਾਰੇ, ਗੌਰੀ ਲੰਕੇਸ਼ ਵਰਗੇ ਬੁੱਧੀਜੀਵੀਆਂ ਦੀ ਆਵਾਜ਼ ਦਬਾਉਣ ਲਈ ਕੱਟੜਪੰਥੀ ਸ਼ਰੇਆਮ ਕਤਲ ਕਰਦੇ ਰਹੇ। ਜਮਹੂਰੀ ਹੱਕਾਂ ਦੇ ਕਾਰਕੁਨਾਂ ਵਰਵਰਾ ਰਾਓ, ਊਸ਼ਾ ਭਾਰਦਵਾਜ ਵਰਗੀਆਂ ਸ਼ਖ਼ਸੀਅਤਾਂ ਨੂੰ ਸ਼ਹਿਰੀ ਮਾਓਵਾਦੀ ਗਰਦਾਨ ਕੇ ਯੂਏਪੀਏ ਵਰਗੇ ਸੰਗੀਨ ਕਾਨੂੰਨਾਂ ਤਹਿਤ ਜੇਲ੍ਹਾਂ ਅੰਦਰ ਡੱਕਿਆ ਜਾਂਦਾ ਰਿਹਾ; ਦੂਜੇ ਪਾਸੇ ਯੋਗੀ ਅਦਿਤਿਆਨਾਥ, ਗਿਰੀ ਰਾਜ ਕਿਸ਼ੋਰ ਅਤੇ ਏਟੀਐੱਸ ਦੇ ਅਫ਼ਸਰ ਹੇਮੰਤ ਕਰਕਰਾ ਨੂੰ ਸਰਾਪ ਨਾਲ ਮਾਰਨ ਅਤੇ ਨੱਥੂ ਰਾਮ ਗੌਡਸੇ ਨੂੰ ਸੱਚਾ ਦੇਸ਼ ਭਗਤ ਕਹਿਣ ਵਾਲੀ ਸਾਧਵੀ ਪ੍ਰੱਗਿਆ ਠਾਕੁਰ ਨੂੰ ਲੋਕ ਸਭਾ ਮੈਂਬਰ ਬਣਾਇਆ ਗਿਆ।

ਨਿਆਂਪਾਲਿਕਾ ਦੇ ਜੱਜਾਂ, ਫੌਜੀ ਕਮਾਂਡਰਾਂ, ਸੀਬੀਆਈ, ਈਡੀ, ਆਈਬੀ, ਐਨਆਈਏ, ਸੀਵੀਸੀ ਆਦਿ ਦੀ ਚੋਣ ਆਪਣੇ ਹੱਥ ਲੈ ਲਈ ਹੈ। ਜੀਐੱਸਟੀ ਸਾਰੇ ਮੁਲਕ ਵਿਚ ਲਾਗੂ ਕਰਕੇ ਰਾਜਾਂ ਦੇ ਬਚੇ-ਖੁਚੇ ਫੈਡਰਲ ਢਾਂਚੇ ਨੂੰ ਵੱਡੀ ਸੱਟ ਮਾਰੀ ਹੈ ਅਤੇ ਆਰਬੀਆਈ ਦੇ ਅਧਿਕਾਰ ਖੇਤਰ ਨੂੰ ਉਲੰਘ ਕੇ ਨੋਟਬੰਦੀ ਸਿੱਧੇ ਤੌਰ 'ਤੇ ਆਪਾਸ਼ਾਹ ਢੰਗ ਨਾਲ ਆਪ ਲਾਗੂ ਕਰਕੇ 100 ਤੋਂ ਵੱਧ ਗ਼ਰੀਬ ਲੋਕਾਂ ਨੂੰ ਮੌਤ ਦੇ ਮੂੰਹ ਧੱਕ ਦਿੱਤਾ ਤੇ ਕਿਸਾਨਾਂ ਅਤੇ ਛੋਟੇ ਕਾਰੋਬਾਰੀਆਂ ਦੇ ਧੰਦੇ ਚੌਪਟ ਕਰ ਦਿੱਤੇ। ਇਸ ਦੇ ਬਾਵਜੂਦ ਮੋਦੀ ਦੀ ਜਿੱਤ ਹੋਈ ਹੈ।

ਹੁਣ ਸਵਾਲ ਹੈ ਕਿ ਇਨ੍ਹਾਂ ਗੱਲਾਂ ਦੇ ਬਾਵਜੂਦ ਉਸ ਦੀ ਹੂੰਝਾ ਫੇਰੂ ਜਿੱਤ ਦੇ ਕਾਰਨ ਕੀ ਹਨ ? ਕਿਉਂ ਇਕ ਨਿਰੰਕੁਸ਼ ਹੁਕਮਰਾਨ ਵਾਂਗ ਮੋਦੀ ਦਾ ਉਭਾਰ ਹੋਇਆ ਹੈ ? ਕਿਉਂ ਮੋਦੀ ਦਾ ਕੱਦ ਆਰਐੱਸਐੱਸ ਅਤੇ ਭਾਜਪਾ ਤੋਂ ਉਪਰ ਦਿਖਾਈ ਦਿੰਦਾ ਹੈ ? ਕਿਉਂ ਭਾਰਤ ਅੰਦਰ ਮੋਦੀ ਮੋਦੀ ਹੋਈ ਪਈ ਹੈ ? ਇਸ ਸਭ ਤੋਂ ਵੱਡਾ ਕਾਰਨ ਸਾਮਰਾਜੀ ਮੁਲਕਾਂ ਅਤੇ ਉਨ੍ਹਾਂ ਦੀਆਂ ਬਹੁਕੌਮੀ ਕੰਪਨੀਆਂ ਤੇ ਦੇਸੀ ਕਾਰਪਰੇਟਾਂ ਦੇ ਗੱਠਜੋੜ ਦਾ ਮੋਦੀ ਦੀ ਪਿੱਠ ਪਿਛੇ ਖੜ੍ਹਨਾ ਹੈ। ਅਮਰੀਕਾ, ਰੂਸ, ਚੀਨ, ਜਰਮਨੀ , ਫਰਾਂਸ, ਬਰਤਾਨੀਆ, ਜਾਪਾਨ ਵਰਗੇ ਸਾਰੇ ਸਾਮਰਾਜੀ ਮੁਲਕ ਭਾਰਤੀ ਮੰਡੀ ਨੂੰ ਹੋਰ ਖੋਲ੍ਹਣ ਲਈ ਭਾਰਤੀ ਹਕੂਮਤਾਂ 'ਤੇ ਲਗਾਤਾਰ ਦਬਾਅ ਪਾਉਂਦੇ ਰਹੇ ਹਨ। ਇਨ੍ਹਾਂ ਮੁਲਕਾਂ ਨੂੰ ਭਾਰਤ ਅੰਦਰ ਨਵਉਦਾਰਵਾਦੀ ਏਜੰਡੇ ਨੂੰ ਹੋਰ ਅੱਗੇ ਵਧਾਉਣ ਲਈ ਮੋਦੀ ਵਰਗੀ ਸ਼ਖਸੀਅਤ ਦੀ ਵਾਗਡੋਰ ਵਾਲੀ ਹਕੂਮਤ ਦੀ ਜ਼ਰੂਰਤ ਸੀ। ਇਸੇ ਕਰਕੇ ਸਮੁੱਚੇ ਕਾਰਪੋਰੇਟ ਕਬਜ਼ੇ ਵਾਲੇ ਮੀਡੀਆ ਨੇ ਮੋਦੀ ਦੇ ਆਰਥਿਕ ਫਰੰਟ 'ਤੇ ਬੁਰੀ ਤਰ੍ਹਾਂ ਫੇਲ੍ਹ ਹੋਣ ਦੇ ਬਾਵਜੂਦ ਉਸ ਦੇ ਪੱਖ 'ਚ ਤੇਜ਼-ਤਰਾਰ ਮੁਹਿੰਮ ਚਲਾਈ, ਮੋਦੀ ਨੂੰ ਲੋਕਾਂ ਦੇ ਇਕੋ ਇਕ ਮਸੀਹੇ ਦੇ ਤੌਰ 'ਤੇ ਪੇਸ਼ ਕੀਤਾ ਅਤੇ ਭਾਰਤ ਅੰਦਰ ਅੰਧ-ਰਾਸ਼ਟਰਵਾਦ ਭੜਕਾਉਣ ਦੀ ਮੁਹਿੰਮ ਨਾਲ ਚਲਾਈ।

ਦੂਜੇ ਪਾਸੇ, ਕਾਂਗਰਸ ਅਤੇ ਦੂਜੀਆਂ ਪਾਰਟੀਆਂ ਕੋਲ ਵੀ ਮੁਲਕ ਨੂੰ ਦਰਪੇਸ਼ ਸਮੱਸਿਆਵਾਂ ਨੂੰ ਹੱਲ ਕਰਨ ਕੋਈ ਪ੍ਰੋਗਰਾਮ ਨਹੀਂ ਸੀ। ਕਾਂਗਰਸ ਆਪਣੀ ਸਰਕਾਰ ਵਾਲੇ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛਤੀਸਗੜ੍ਹ ਅੰਦਰ ਲੋਕਾਂ ਨੂੰ ਕੋਈ ਠੋਸ ਪ੍ਰੋਗਰਾਮ ਦੇ ਕੇ ਸੰਤੁਸ਼ਟ ਨਹੀਂ ਕਰ ਸਕੀ। ਕਾਂਗਰਸ ਲੋਕਾਂ ਦੇ ਬੁਨਿਆਦੀ ਮੁੱਦੇ ਉਭਾਰਨ ਦੀ ਜਗ੍ਹਾ ਮੋਦੀ ਦੇ ਹਿੰਦੂਤਵੀ ਪ੍ਰਾਪੇਗੰਡਾ ਮਸ਼ੀਨਰੀ ਵਿਚ ਹੀ ਲਪੇਟੀ ਗਈ ਅਤੇ ਮੋਦੀ ਦੇ 'ਰਾਸ਼ਟਰਵਾਦੀ' ਅਤੇ ਹਿੰਦੂਤਵੀ ਏਜੰਡੇ 'ਤੇ ਰੱਖਿਆਤਮਕ ਪੈਂਤੜੇ 'ਤੇ ਜਾ ਕੇ ਮੋਦੀ ਨਾਲੋਂ ਵੀ ਵੱਧ ਰਾਸ਼ਟਰਵਾਦੀ ਹੋਣ ਅਤੇ ਹਿੰਦੂਤਵੀ ਕਦਰਾਂ ਕੀਮਤਾਂ ਦੇ ਰਾਖੇ ਦੇ ਤੌਰ 'ਤੇ ਮੰਦਰਾਂ 'ਚ ਪੂਜਾ ਅਤੇ ਹਵਨ ਕਰਨ ਦੇ ਤੱਕ ਚਲੀ ਗਈ।

ਇਨ੍ਹਾਂ ਗੱਲਾਂ ਤੋਂ ਇਲਾਵਾ ਮੀਡੀਆ ਵਿਚ ਸੂਚਨਾ ਅਧਿਕਾਰ ਦੇ ਕਾਰਕੁਨ ਮਨੋਰੰਜਨ ਰਾਏ ਦੀਆਂ ਰਿਪੋਰਟਾਂ ਅਨੁਸਾਰ 20 ਲੱਖ ਵੋਟ ਮਸ਼ੀਨਾਂ ਚੋਰੀ ਹੋਈਆਂ ਅਤੇ ਇਨ੍ਹਾਂ ਨਾਲ ਵੱਡੇ ਪੱਧਰ 'ਤੇ ਚੋਣਾਂ 'ਚ ਛੇੜ-ਛਾੜ ਹੋਣ ਦਾ ਸ਼ੱਕ ਜ਼ਾਹਰ ਕੀਤਾ ਗਿਆ ਕਿਉਂਕਿ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛਤੀਸਗੜ੍ਹ ਜਿੱਥੇ ਕਾਂਗਰਸ ਦੀਆਂ ਸਰਕਾਰਾਂ ਹਨ, ਵਿਚ ਕਾਂਗਰਸ ਦਾ ਸਫ਼ਾਇਆ ਤਰਕਸੰਗਤ ਨਹੀਂ ਲੱਗਦਾ।

ਇਸ ਦੇ ਬਾਵਜੂਦ ਮੋਦੀ ਅਤੇ ਆਰਐੱਸਐੱਸ ਦੀ ਚੜ੍ਹਤ ਮੁਲਕ ਦੀਆਂ ਜਮਹੂਰੀ ਸ਼ਕਤੀਆਂ ਲਈ ਚਿੰਤਾ ਵਾਲੀ ਗੱਲ ਹੈ। ਮੋਦੀ ਦੀ ਇਸ ਜਿੱਤ ਨਾਲ ਮੋਦੀ ਦੇ ਆਪਾਸ਼ਾਹ ਕੰਮ ਢੰਗ ਨੂੰ ਹੋਰ ਹੱਲਾਸ਼ੇਰੀ ਮਿਲਣ ਨਾਲ ਸਭ ਸੰਸਥਾਵਾਂ ਦਾ ਪਤਨ ਹੋਣ ਦੇ ਖ਼ਦਸ਼ੇ ਵਧ ਗਏ ਹਨ। ਹੁਣ ਆਰਐੱਸਐੱਸ ਅਤੇ ਕੱਟੜ ਤਾਕਤਾਂ ਲਈ ਰਾਮ ਮੰਦਰ, ਧਾਰਾ 370 ਹਟਾਉਣ, ਘੱਟ ਗਿਣਤੀ ਕੌਮੀਅਤਾਂ ਅਤੇ ਫਿਰਕਿਆਂ 'ਤੇ ਸਾਂਝਾ ਸਿਵਲ ਕੋਡ ਲਾਗੂ ਕਰਕੇ ਮੁਲਕ ਦੀ ਵੰਨ-ਸੁਵੰਨਤਾ ਨੂੰ ਤਬਾਹ ਕਰਨ ਅਤੇ ਮੁਲਕ ਦੇ ਬਚੇ-ਖੁਚੇ ਧਰਮ ਨਿਰਲੇਪ ਜੁੱਸੇ ਨੂੰ ਢਾਹ ਲਾਉਣ ਵਾਲੇ ਹਾਲਾਤ ਪੈਦਾ ਹੋ ਗਏ ਹਨ।

**-ਮੋਹਨ ਸਿੰਘ (ਡਾ.)**

ਪੰਜਾਬ ਨੂੰ ਖੋਖਲਾ ਕਰ ਰਹੀ ਰਾਜਨੀਤੀ

ਰਾਜਨੀਤੀ ਦਾ ਕੰਮ ਸਮੱਸਿਆਵਾਂ ਨੂੰ ਸੁਲਝਾਉਣਾ ਜਾਂ ਮੁੱਦਿਆਂ ਨੂੰ ਨਜਿੱਠਣਾ ਹੁੰਦਾ ਹੈ, ਪਰ ਸਾਡੇ ਹਰ ਪੱਧਰ ਦੇ ਮਸਲੇ ਵਧੀ ਜਾ ਰਹੇ ਹਨ। ਪੰਜਾਬ ਸਾਹ ਲੈਣ ਯੋਗ ਸਾਫ਼ ਹਵਾ ਅਤੇ ਪੀਣ ਯੋਗ ਸ਼ੁੱਧ ਪਾਣੀ ਵਰਗੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਤੋਂ ਹੀ ਵਾਂਝਾ ਹੋ ਗਿਆ ਹੈ। ਸਾਡੇ ਸਥਾਪਤ ਸਿਆਸਤਦਾਨ ਔਸਤਨ ਹਰ ਸਵਾ ਸਾਲ ਬਾਅਦ ਆਉਣ ਵਾਲੀ ਕਿਸੇ ਨਾ ਕਿਸੇ ਚੋਣ ਲਈ ਜਿੰਨਾ ਪੈਸਾ, ਸਮਾਂ, ਸ਼ਕਤੀ, ਰਸੂਖ ਅਤੇ ਦਿਮਾਗ਼ ਵਰਤਦੇ ਹਨ ਜੇ ਓਨਾ ਲੋਕਾਂ ਦੀਆਂ ਸਮੱਸਿਆਂ ਨੂੰ ਨਜਿੱਠਣ ਲਈ ਲਾਉਣ ਤਾਂ ਸਵਾ ਸਾਲ ਦੇ ਅੰਦਰ ਪੰਜਾਬ ਮੋਟੀਆਂ ਮੋਟੀਆਂ ਸਾਰੀਆਂ ਸਮੱਸਿਆਵਾਂ ਤੋਂ ਮੁਕਤ ਹੋ ਸਕਦਾ ਹੈ, ਪਰ ਜਿਸ ਭਾਂਤ ਦੀ ਰਾਜਨੀਤੀ ਨੂੰ ਪੰਜਾਬ ਨੇ ਵਧਣ ਫੁੱਲਣ ਦਿੱਤਾ ਅਤੇ ਆਪਣੇ ਗਲ਼ ਪਾ ਲਿਆ ਹੈ ਇਹ ਆਪਣੇ ਆਪ ਵਿਚ ਸਭ ਤੋਂ ਵੱਡੀ ਸਮੱਸਿਆ ਬਣ ਗਈ ਹੈ। ਵੋਟਾਂ ਦੀ 'ਮਜਬੂਰੀ' ਕਾਰਨ ਇਹ ਰਾਜਨੀਤੀ ਜਨਤਕ ਪ੍ਰਬੰਧ ਨੂੰ ਸੁਚਾਰੂ ਰੱਖਣ ਵਾਲੇ ਸਾਰੇ ਨਿਯਮਾਂ ਕਾਨੂੰਨਾਂ ਦੀ ਪਾਲਣਾ ਲਈ ਅੜਿੱਕਾ ਬਣਦੀ ਹੈ। ਅੜਿੱਕਾ ਹੀ ਨਹੀਂ ਬਣਦੀ ਸਗੋਂ ਕਾਨੂੰਨ ਲਾਗੂ ਕਰਨ ਵਾਲੀਆਂ ਸਾਰੀਆਂ ਸੰਸਥਾਵਾਂ ਨੂੰ ਪੂਰੀ ਤਰ੍ਹਾਂ ਆਪਣੇ ਅਧੀਨ ਕਰਨ ਵਿਚ ਲੱਗੀ ਰਹਿੰਦੀ ਹੈ। ਪੁਲੀਸ ਪ੍ਰਬੰਧ ਵਿਚ ਦਖਲ ਦੇ ਕੇ ਉਸਦਾ ਅਪਰਾਧੀਕਰਨ ਕਰਦੀ ਹੈ। ਅਧੀਨ ਕਰਨ ਦੀ ਪ੍ਰਕਿਰਿਆ ਨੂੰ ਜ਼ੋਰਸ਼ੋਰ ਅਤੇ ਅਸਰਦਾਰ ਢੰਗ ਨਾਲ ਚਲਾਉਣ ਲਈ ਸਿਆਸਤਦਾਨਾਂ ਨੂੰ ਆਪਣੇ ਟੱਬਰ ਨਾਲ ਲਾਉਣੇ ਪੈਂਦੇ ਹਨ। ਨਤੀਜੇ ਵਜੋਂ ਸਿਆਸਤ ਵਿਚ ਦੇਸ਼ ਪਿਆਰ ਜਾਂ ਲੋਕ ਭਲਾਈ ਦੀ ਜਗ੍ਹਾ ਪਰਿਵਾਰਵਾਦ ਦਾ ਬੋਲਬਾਲਾ ਹੋ ਗਿਆ ਹੈ।

ਅੱਜਕੱਲ੍ਹ ਰਾਜ ਨੇਤਾਵਾਂ ਵੱਲੋਂ ਜਨਤਕ ਧੰਨ ਹੜੱਪਣ ਦੇ ਘੁਟਾਲੇ ਲੱਖਾਂ ਨੂੰ ਟੱਪ ਕੇ ਕਰੋੜਾਂ, ਕਰੋੜਾਂ ਤੋਂ ਅਰਬਾਂ ਅਤੇ ਹੁਣ ਖਰਬਾਂ ਨੂੰ ਛੂਹਣ ਲੱਗੇ ਹਨ, ਪਰ ਨੌਕਰਸ਼ਾਹੀ ਦੀ ਅਜੇ 'ਢਕੀ ਰਿੱਝ' ਰਹੀ ਹੈ।

**- ਜਸਵੰਤ ਸਿੰਘ ਜ਼ਫ਼ਰ**

## ਜੂਨ ਚੁਰਾਸੀ ਅਤੇ ਨਵੰਬਰ ਚੁਰਾਸੀ ਦੇ ਦੋਸ਼ੀ ਫਾਹੇ ਟੰਗੇ ਜਾਣ

'ਗੱਲ ਅਠਾਸੀ-ਉਣੰਨਵੇਂ (1988-89) ਦੀ ਹੋਵੇਗੀ..ਮੇਰੀ ਜ਼ਿੰਦਗੀ ਇੰਗਲੈਂਡ ਵਿਚ ਆਰਾਮ ਦੀ ਗੁਜ਼ਰ ਰਹੀ ਸੀ... ਨੌਜਵਾਨੀ ਵਿਚ ਮੁੰਡਿਆਂ ਖੁੰਡਿਆਂ ਦੇ ਸਾਰੇ ਸ਼ੌਕ ਪੂਰੇ ਜੋਬਨ ਤੇ ਸਨ..ਸ਼ੀਸ਼ੇ ਮੂਹਰੇ ਅਕਸਰ ਹੀ ਘੰਟਿਆਂ ਬੱਧੀ ਖਲੋਤਾ ਆਪਣੇ ਆਪ ਨੂੰ ਨਿਹਾਰਦਾ ਰਹਿੰਦਾ ਸਾਂ।

ਇੱਕ ਦਿਨ ਅਚਾਨਕ ਮੇਰੀ ਨਜ਼ਰ ਕੋਲ ਪਏ ਪੰਜਾਬੀ ਅਖਬਾਰ ਦੇ ਪੰਨੇ ਵਿਚ ਛਪੀਆਂ ਹੋਈਆਂ ਕੁਝ ਸਾਬਤ ਸੂਰਤ ਸਿੱਖ ਨੌਜਵਾਨਾਂ ਦੀਆਂ ਬਲੈਕ ਐਂਡ ਵ੍ਹਾਈਟ ਫੋਟੋਆਂ ਵੱਲ ਗਈ।

ਸਾਮ੍ਹਣੇ ਇੱਕ ਜਾਣੀ ਪਹਿਚਾਣੀ ਜਿਹੀ ਤਸਵੀਰ ਸੀ...ਮੇਰੇ ਪਿੰਡ ਦੇ ਗੱਭਰੂ ਚਰਨਜੀਤ ਸਿੰਘ ਚੰਨੀ...ਮੇਰੇ ਨਿੱਕੇ ਹੁੰਦਿਆਂ ਦਾ ਪੱਕਾ ਯਾਰ..ਗਹੁ ਨਾਲ ਵਿਸਥਾਰ ਪੜ੍ਹਿਆਂ ਤਾਂ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ...ਇਹ ਸਾਰੇ ਨੌਜਵਾਨ ਪੰਜਾਬ ਪੁਲਸ ਵੱਲੋਂ ਵੱਖੋ-ਵੱਖ ਥਾਵਾਂ 'ਤੇ ਝੂਠੇ ਮੁਕਾਬਲੇ ਬਣਾ ਕੇ ਮੁਕਾ ਦਿੱਤੇ ਸਨ! ਓਸੇ ਵੇਲੇ ਮਾਂ ਨੂੰ ਫੋਨ ਲਾਇਆ ..ਪੁੱਛਿਆ ਮਾਂ ਚੰਨੀ ਨੂੰ ਕੀ ਹੋ ਗਿਆ..ਅੱਗੋਂ ਆਂਹਦੀ, "ਕੁਝ ਨੀ ਪੁੱਤ ਤੂੰ ਆਪਣੀ ਜਿੰਦਗੀ ਜੀਵੀ ਚੱਲ, ਤੈਨੂੰ ਇਹਨਾਂ ਗੱਲਾਂ ਨਾਲ ਕੀ ?"

ਮੇਰੀਆਂ ਆਂਦਰਾਂ ਨੂੰ ਸੇਕ ਲੱਗ ਚੁੱਕਾ ਸੀ..ਓਸੇ ਵੇਲੇ ਦੋਸਤਾਂ ਮਿੱਤਰਾਂ ਨੂੰ ਫੋਨ ਕਰ ਅਸਲ ਕਹਾਣੀ ਪੁੱਛੀ..

ਆਖਣ ਲੱਗੇ ਕਿ ਕੌਮ ਦੀ ਅਣਖ ਖਾਤਿਰ ਪੁਲਸ ਦਾ ਭਾਰੀ ਤਸ਼ੱਦਦ ਸਹਿੰਦਾ ਹੋਇਆ ਜਾਨ ਵਾਰ ਗਿਆ...ਹੋਰ ਘੋਖ ਕੀਤੀ ਤਾਂ ਕਾਲਜੇ ਦਾ ਰੁੱਗ ਭਰਿਆ ਗਿਆ...ਹੁਸ਼ਿਆਰਪੁਰ ਜਿਲ੍ਹੇ ਦੇ ਪੰਜ ਥਾਣਿਆਂ ਦੀ ਪੁਲਸ ਨੇ ਅੰਨਾ ਤਸ਼ੱਦਦ ਕੀਤਾ ਸੀ ...ਸਰੀਰ ਨਿਚੋੜ ਸੁੱਟਿਆ...ਆਖਰੀ ਥਾਣਾ ਜਿਥੇ ਉਸ ਦੀ ਜਾਨ ਨਿਕਲੀ, ਓਸੇ ਅਜੀਤ ਸਿੰਘ ਸੰਧੂ ਦੇ ਕੰਟਰੋਲ ਵਾਲਾ ਸੀ, ਜਿਹੜਾ ਸ਼ਰਾਬ ਦਾ ਘੁੱਟ ਅੰਦਰ ਲੰਘਾਉਂਦਾ ਹੋਇਆ ਅਗਲੇ ਦੀ ਮੌਤ ਦੇ ਪਰਵਾਨੇ ਤੇ ਦਸਤਖਤ ਕਰ ਦਿਆ ਕਰਦਾ ਸੀ...। ਓਹੀ ਅਜੀਤ ਸਿੰਘ ਸੰਧੂ ਜਿਸ ਨੇ ਕਾਰ ਸੇਵਾ ਵਾਲਾ ਬਜ਼ੁਰਗ ਬਾਬਾ ਚਰਨ ਸਿੰਘ ਦੋ ਵੱਖੋ ਵੱਖ ਜੀਪਾਂ ਨਾਲ ਬੰਨ੍ਹਣ ਮਗਰੋਂ ਜੀਪਾਂ ਦੋ ਵੱਖੋ ਵੱਖ ਦਿਸ਼ਾਵਾਂ ਵੱਲ ਚਲਵਾ ਕੇ ਸਰੀਰ ਵਿਚੋਂ ਪੜਵਾ ਦਿੱਤਾ ਸੀ।

ਦੱਸਦੇ ਕਿ ਉਸ ਨੇ ਕਾਫੀ ਦਿਨ ਚੰਨੀ 'ਤੇ ਖੁਦ ਆਪ ਤਸ਼ੱਦਦ ਕੀਤਾ, ਜਦੋਂ ਸਰੀਰ ਪੂਰੀ ਤਰਾਂ ਨਕਾਰਾ ਹੋ ਗਿਆ ਤਾਂ ਦਰਿਆ ਕੰਢੇ ਖੜ੍ਹ ਗੋਲੀ ਮਾਰ ਦਿੱਤੀ ਤੇ ਛਾਤੀ ਤੇ ਏਕੇ. ਸੰਤਾਲੀ ਰੱਖ ਅਖਬਾਰ ਵਿਚ ਖਬਰ ਲੁਆ ਦਿੱਤੀ ਕੇ ਇੱਕ ਕੱਟੜ ਅੱਤਵਾਦੀ ਮੁਕਾਬਲੇ ਵਿਚ ਪਾਰ ਬੁਲਾਇਆ।

ਇਹ ਬਿਰਤਾਂਤ ਸੁਣ ਮੇਰਾ ਵਜੂਦ ਧੁਆਂਖਿਆ ਗਿਆ...ਰੂਹ ਬੇਚੈਨ ਹੋ ਉੱਠੀ...ਉਸ ਦਿਨ ਚੰਗੀ ਤਰ੍ਹਾਂ ਪਤਾ ਲੱਗਾ ਕਿ ਜੂਨ ਚੁਰਾਸੀ ਵਿਚ ਕੀ ਹੋਇਆ ਸੀ ਤੇ ਮਗਰੋਂ ਨਵੰਬਰ ਚੁਰਾਸੀ ਵਿਚ ਸਿੱਖਾਂ ਦਾ ਸੰਗਠਤ ਤਰੀਕੇ ਨਾਲ ਕਿੱਦਾਂ ਘਾਣ ਹੋਇਆ..ਕਿੱਦਾਂ ਬੀਬੀਆਂ ਦੀ ਬੇਪਤੀ ਹੋਈ....ਮੇਰਾ ਸਰੂਪ ਬਦਲ ਗਿਆ..ਸੋਚ ਬਦਲ ਗਈ...ਅੰਦਰ ਨਵਾਂ ਸੰਕਲਪ ਜਨਮ ਲੈ ਚੁੱਕਾ ਸੀ... ਸੱਚ ਨੂੰ ਸੱਚ ਆਖਣ ਵਾਲਾ ਸੰਕਲਪ...ਭੁੱਖਿਆਂ ਦਾ ਢਿੱਡ ਭਰਨ ਵਾਲਾ ਸੰਕਲਪ..ਸਿੱਖੀ ਤੇ ਸਿੱਖ ਦੀ ਅਸਲ ਪਹਿਚਾਣ ਨੂੰ ਦੁਨੀਆ ਦੇ ਕੋਨੇ ਕੋਨੇ ਵਿਚ ਪਹੁੰਚਣ ਵਾਲਾ ਸੰਕਲਪ।

ਪਤਾ ਲੱਗਾ ਕਿ ਮੈਨੂੰ ਇੰਡੀਅਨ ਆਫ ਦਾ ਯੀਅਰ ਐਵਾਰਡ ਨਾਲ ਸਨਮਾਨਿਤ ਕੀਤਾ...ਪੁਲਸ ਦੁਆਰਾ ਝੂਠੇ ਮੁਕਾਬਲੇ ਵਿਚ ਮਾਰਿਆ ਚੰਨੀ ਓਸੇ ਵੇਲੇ ਅੱਖਾਂ ਅੱਗੇ ਆ ਗਿਆ..ਨਵੰਬਰ ਚੁਰਾਸੀ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਅਤੇ ਜਗਦੀਸ਼ ਟਾਈਟਲਰ ਅਤੇ ਕਮਲ ਨਾਥ ਹੱਸਦੇ ਹੋਏ ਤੁਰੇ ਫਿਰਦੇ ਨਜ਼ਰ ਆਏ...ਮੈਂ ਓਸੇ ਵੇਲੇ ਟਵੀਟ ਕੀਤਾ, "ਮੈਂ ਇੰਡੀਅਨ ਹੈ ਹੀ ਨਹੀਂ..ਪੰਜਾਬੀ ਮੇਰੀ ਪਹਿਚਾਣ ਹੈ,

ਹਾਂ ਆਪਣੇ ਨਾਮ ਦੇ ਪਿੱਛੋਂ ਖ਼ਾਲਸਾ ਹਟਾ ਕੇ ਇੰਡੀਅਨ ਲਿਖਵਾ ਲਵਾਂਗਾ ਜੇ ਮੇਰੀਆਂ ਤਿੰਨ ਮੰਗ ਪੂਰੀਆਂ ਕਰੋ ਤਾਂ-

**ਨੰਬਰ ਇੱਕ** : ਸੰਨ 1982 ਤੋਂ ਲੈ ਕੇ ਹੁਣ ਤਕ ਮੁਕਾਬਲਿਆਂ ਵਿਚ ਮਾਰੇ ਗਏ ਸਾਰੇ ਸਿੱਖ ਨੌਜੁਆਨਾਂ ਦੇ ਕੇਸਾਂ ਦੀ ਜੁਡੀਸ਼ੀਅਲ ਇਨਕੁਆਰੀ ਹੋਵੇ ਅਤੇ ਦੋਸ਼ੀ ਪੁਲਸ ਵਾਲਿਆਂ ਨੂੰ ਸਜਾਵਾਂ ਦਿੱਤੀਆਂ ਜਾਣ

**ਨੰਬਰ ਦੋ** : ਜੂਨ ਚੁਰਾਸੀ ਦੇ ਘੱਲੂਕਾਰੇ ਦੇ ਦੋਸ਼ੀ ਅਤੇ ਨਵੰਬਰ ਚੁਰਾਸੀ ਦੇ ਕਤਲਾਂ ਦੇ ਸਾਰੇ ਜਿੰਦਾ ਬਚ ਗਏ ਦੋਸ਼ੀ ਫਾਹੇ ਟੰਗੇ ਜਾਣ

**ਨੰਬਰ ਤਿੰਨ** : ਸਿੱਖੀ ਤੇ ਸਿੱਖਾਂ ਨੂੰ ਇੱਕ ਜ਼ੁੰਮੇਵਾਰ ਮੰਚ ਤੋਂ ਇੱਕ ਅਲੱਗ ਕੌਮ ਅਤੇ ਅਲੱਗ ਦੇਸ ਮੰਨਿਆ ਜਾਵੇ

**ਆਖਰੀ ਗੱਲ** : ਬਹੁਤਿਆਂ ਨੂੰ ਭੁਲੇਖਾ ਏ ਕੇ ਜਿਸ ਦਿਨ ਦੁਨੀਆ ਦੇ ਕਿਸੇ ਖਿੱਤੇ ਵਿਚ ਏਡ ਵੰਡਦਿਆਂ ਰਵੀ ਸਿੰਘ ਦੇ ਚੀਥੜੇ ਉੱਡ ਗਏ ਤਾਂ ਖਾਲਸਾ ਏਡ ਵੀ ਆਪੇ ਮੁੱਕ ਜੂ...ਪਰ ਦੱਸਣਾ ਚਾਹੁੰਦਾ ਹਾਂ ਕੇ ਬਹੁਤ ਸਾਰੇ ਹੋਰ ਰਵੀ ਸਿੰਘ ਮੈਂ ਪਹਿਲਾਂ ਹੀ ਤਿਆਰ ਬਰ ਤਿਆਰ ਖੜ੍ਹੇ ਕਰ ਚੁੱਕਾ ਹਾਂ..ਮੇਰਾ ਪਤਾ ਨਹੀਂ ਪਰ ਖਾਲਸਾ ਏਡ ਕਦੇ ਨਹੀਂ ਮਰ ਸਕਦੀ!

**- ਰਵੀ ਸਿੰਘ ਖਾਲਸਾ ਖਾਲਸਾ ਏਡ**


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
7 ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Product
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

## ਸਿਆਸੀ ਪੰਡਿਤਾਂ ਦੀਆਂ ਸਰਗੋਸ਼ੀਆਂ

ਬਹੁਤ ਸਾਰੇ ਸਿੱਖਾਂ ਵਿਚ ਲੋਕ ਸਭਾ ਚੋਣ ਮੌਕੇ ਵੀ ਇਹ ਚਰਚਾ ਚੱਲਦੀ ਰਹੀ ਹੈ ਕਿ ਮੋਦੀ-ਭਾਜਪਾ ਨੇ ਪੰਜ ਸਾਲ ਕੋਈ ਐਹੋ ਜਿਹੀ ਗੱਲ ਨਹੀਂ ਕੀਤੀ ਜੋ ਸਿੱਖ ਹਿੱਤਾਂ ਤੇ ਸਿੱਖ ਜਜ਼ਬਾਤ ਦੇ ਉਲਟ ਹੋਵੇ ਅਤੇ ਜੋ ਕੁਝ ਸਿੱਖਾਂ ਨੂੰ ਦੁਖੀ ਕਰਨ ਵਾਲਾ ਵੀ ਵਾਪਰਿਆ ਹੈ, ਉਹਦੀ ਜ਼ਿੰਮੇਵਾਰੀ ਸਿਰਫ ਤੇ ਸਿਰਫ ਬਾਦਲਕਿਆਂ ਦੇ ਸਿਰ ਪਾਈ ਗਈ। ਇਉਂ ਬਾਦਲਕਿਆਂ ਤੇ ਮੋਦੀ-ਭਾਜਪਾ ਨੂੰ ਖਲਨਾਇਕ ਮੰਨਣ ਵਾਲੀ ਸਿੱਖ-ਬਿਰਤੀ ਨੂੰ ਵੀ ਕਾਂਗਰਸ ਦੇ ਜ਼ੁਲਮਾਂ ਦਾ ਬਦਲਾ ਲੈਣ ਲਈ ਰਣਨੀਤਕ ਤੌਰ 'ਤੇ ਮੋਦੀ/ਭਾਜਪਾ ਨਾਲ ਮੇਲ-ਮਿਲਾਪ ਕਰਨਾ ਮਾੜਾ ਨਹੀ ਲੱਗਦਾ। ਜਿਹੜੇ ਸਿੱਖ ਆਗੂ ਬਾਦਲਕਿਆਂ ਦੇ ਪੰਥ-ਵਿਰੋਧੀ ਏਜੰਡੇ ਕਾਰਨ ਦੁਖੀ ਨੇ, ਉਨਾਂ ਨੂੰ ਵੀ ਮਹਿਸੂਸ ਹੁੰਦਾ ਹੈ ਕਿ ਜੇ ਉਹ ਭਾਜਪਾ ਵਿਚ ਚਲੇ ਜਾਂਦੇ ਨੇ, ਤਾਂ ਉਹ ਬਾਦਲ ਦਲ ਦੇ ਆਗੂਆਂ ਦੀ ਅੱਖ ਵਿਚ ਅੱਖ ਪਾ ਕੇ ਗੱਲ ਕਰਨ ਵਾਲੀ ਸਥਿਤੀ ਵਿਚ ਹੋ ਜਾਣਗੇ। ਭਾਜਪਾ ਦੇ ਇਸ ਏਜੰਡੇ ਦੀ ਸਾਰੀ ਬਣਤਰ ਤੇ ਰੂਪਰੇਖਾ ਖੁਫੀਆ ਅਪਰੇਸ਼ਨਾਂ ਦੇ ਮਾਹਿਰ ਅਜੀਤ ਡੋਭਾਲ, ਸਿਆਸੀ ਸਾਜਿਸ਼ਾਂ ਵਿਚ ਮਾਹਿਰ ਅਮਿਤ ਸ਼ਾਹ ਤੇ ਆਰਐਸਐਸ ਦੀ ਕਮਾਂਡ ਹੇਠ ਜਦ ਅੱਗੇ ਵਧੇਗੀ ਤਾਂ ਯਕੀਨਨ ਬਾਦਲਕਿਆਂ ਦੇ ਹਿੱਤ ਪ੍ਰਭਾਵਿਤ ਹੋਣਗੇ। ਇਹ ਹਕੀਕਤ ਹੈ ਕਿ ਬਾਦਲਕਿਆਂ ਨੇ ਪੰਥਕ ਏਜੰਡਾ ਤਿਆਗਕੇ ਆਪਣੇ ਰਵਾਇਤੀ ਵੋਟ-ਬੈਂਕ ਨੂੰ ਗਵਾ ਲਿਆ ਹੈ ਪਰ ਪਿਛਲੇ ਦਸ-ਪੰਦਰਾਂ ਸਾਲਾਂ ਦੌਰਾਨ ਪੰਜਾਬ ਵਿਚ ਭਾਜਪਾ ਨੇ ਕਾਂਗਰਸ ਦੇ ਮੁਕਾਬਲੇ ਆਪਣਾ ਵੋਟ-ਬੈਂਕ ਮਜ਼ਬੂਤ ਕਰ ਲਿਆ ਹੈ, ਜਿਹੜਾ ਹੁਣ ਮੋਦੀ ਲਹਿਰ ਦੌਰਾਨ ਕਈ ਸੀਟਾਂ ਉਤੇ ਬਾਦਲਕਿਆਂ ਦੇ ਉਮੀਦਵਾਰਾਂ ਦੇ ਕੰਮ ਆਇਆ। ਪੰਜਾਬ ਵਿਚ ਬਾਦਲਕਿਆਂ ਦੀ ਸਿਆਸੀ ਹਮਾਇਤ ਬਹੁਤ ਬੁਰੀ ਤਰਾਂ ਖੁਰ ਗਈ ਹੈ ਤੇ ਉਸ ਦੇ ਮੁਕਾਬਲੇ ਭਾਜਪਾ ਦਾ ਕੱਦ ਵਧਿਆ ਹੈ, ਜਿਸ ਕਮਲ ਦੇ ਫੁੱਲ ਨੂੰ ੧੯੯੦ ਦੇ ਦਹਾਕੇ ਵਿਚ ਪੰਜਾਬ ਦੇ ਪੇਂਡੂ ਖੇਤਰਾਂ ਵਿਚ ਕੋਈ ਜਾਣਦਾ ਨਹੀਂ ਸੀ, ਹੁਣ ਇਸ ਚੋਣ-ਨਿਸ਼ਾਨ ਨੇ ਹਰ ਥਾਂ ਆਪਣਾ ਜਲਵਾ ਦਿਖਾਉਣਾ ਸ਼ੁਰੂ ਕੀਤਾ ਹੋਇਆ ਹੈ। ਪਿਛਲੇ ਤਿੰਨ-ਚਾਰ ਸਾਲ ਮੋਦੀ ਸਰਕਾਰ ਦੇ ਸਖਤ ਫੈਸਲਿਆਂ ਦੀ ਤਿੱਖੀ ਅਲੋਚਨਾ ਵਾਲਾ ਮਹੌਲ ਮੋਦੀ ਲਹਿਰ ਨੇ ਹੂੰਝ ਦਿੱਤਾ ਤੇ ਹੁਣ ਬਿਲਕੁਲ ਸਥਿਤੀ ਬਦਲ ਗਈ ਹੈ। ਪੰਜਾਬ ਵਿਚ ਭਾਜਪਾ/ ਆਰ ਐਸ ਐਸ ਦੀ ਪਕੜ ਦਾ ਮਜ਼ਬੂਤ ਹੋਣਾ ਸਿੱਖ ਹਿੱਤਾਂ ਲਈ ਬੇਹੱਦ ਘਾਤਕ ਹੈ।ਕਾਂਗਰਸ ਨੂੰ ਨਰਮ ਹਿੰਦੂਤਵ ਦੀ ਝੰਡਾਬਰਦਾਰ ਕਿਹਾ ਜਾਂਦਾ ਹੈ ਜਿਸ ਨੇ ਸਿੱਖਾਂ ਦੀ ਸ਼ਰੇਆਮ ਨਸਲਕੁਸ਼ੀ ਕੀਤੀ ਹੈ ਤੇ ਹੁਣ ਤਾਂ ਗਰਮ ਹਿੰਦੂਤਵ ਵਾਲੀ ਭਾਜਪਾ ਮਜ਼ਬੂਤ ਹੋ ਰਹੀ ਹੈ।

ਕੁਲਵਿੰਦਰ ਸਿੰਘ ਪਰਹਾਰ ਸਰੀ ਤੋਂ ਲਿਖਦੇ ਹਨ ਕਿ ਭਾਰਤ ਦੀਆਂ ਚੋਣਾਂ ਦੇ ਨਤੀਜੇ ਆਏ ਸਨ ਉਦੋਂ ਹੀ ਸਪੱਸ਼ਟ ਹੋ ਗਿਆ ਸੀ ਕਿ ਸਿੱਖਾਂ ਦੇ ਲੀਡਰਾਂ ਅਤੇ ਸਿੱਖ ਬੁੱਧੀਜੀਵੀਆਂ ਨੂੰ ਭਾਜਪਾ ਅਤੇ ਸੰਘ ਪਰਿਵਾਰ ਦੇ ਹਮਲਿਆਂ ਤੋਂ ਬਚਣ ਲਈ ਉਨ੍ਹਾਂ ਦੇ ਹਾਣ ਦੀ ਰਣਨੀਤੀ ਅਪਨਾਉਣੀ ਪਵੇਗੀ ।ਉਹ ਸਿੱਖਾਂ ਦੇ ਭੇਸ ਵਿੱਚ ਸਨਾਤਨੀ ਸੰਪਰਦਾਵਾਂ ਨੂੰ ਹੀ ਸਿੱਖ ਸਿਧਾਂਤਾਂ ਵਿਰੁੱਧ ਵਰਤਣਗੇ।

## ਪੰਜਾਬ 'ਚ ਨਸ਼ਿਆਂ ਕਾਰਨ ਹੋ ਰਹੀਆਂ ਨੇ ਮੌਤਾਂ

1 ਜੂਨ ਨੂੰ ਹਲਕਾ ਗਿੱਦੜਬਾਹਾ ਦੇ ਪਿੰਡ ਕਰਾਈਵਾਲਾ ਵਿਚ ਅੱਜ ਵੀਜਾ ਸਿੰਘ ਨਾਂ ਦੇ 22 ਸਾਲਾ ਨੌਜਵਾਨ ਦੀ ਨਸ਼ੇ ਦਾ ਟੀਕਾ ਲਾਉਣ ਕਰਕੇ ਮੌਤ ਹੋ ਗਈ। ਵੀਜਾ ਸਿੰਘ ਦੇ ਪਿਤਾ ਗੁਰਮੇਲ ਸਿੰਘ ਨੇ ਦੱਸਿਆ ਕਿ ਉਹ ਗ਼ਰੀਬ ਹਨ ਤੇ ਵੀਜਾ ਉਸ ਦਾ ਕਮਾਊ ਪੁੱਤਰ ਸੀ ਪਰ ਪਿੰਡ ਵਿਚ ਹੀ ਨਸ਼ੇ ਦਾ ਕਾਰੋਬਾਰ ਕਰਨ ਵਾਲੇ ਕੁਝ ਵਿਅਕਤੀਆਂ ਨੇ ਉਸ ਨੂੰ ਨਸ਼ੇ ਦੇ ਜਾਲ ਵਿਚ ਫਸਾ ਲਿਆ ਅਤੇ ਉਹ ਨਸ਼ੇ ਦਾ ਆਦੀ ਬਣ ਗਿਆ। ਗੁਰਮੇਲ ਸਿੰਘ ਨੇ ਦੱਸਿਆ ਕਿ ਪੁਲੀਸ ਨੇ ਕਈ ਵਾਰ ਨਸ਼ਾ ਤਸਕਰਾਂ ਨੂੰ ਫੜਿਆ ਹੈ ਪਰ ਪਿੰਡ ਦੇ ਕੁਝ ਵਿਅਕਤੀ ਉਨ੍ਹਾਂ ਨੂੰ ਕਥਿਤ ਤੌਰ 'ਤੇ ਥਾਣੇ ਪਹੁੰਚਣ ਤੋਂ ਪਹਿਲਾਂ ਹੀ ਛੁਡਵਾ ਲੈਂਦੇ ਹਨ। ਇਸ ਸਬੰਧੀ ਥਾਣਾ ਗਿੱਦੜਬਾਹਾ ਦੇ ਐੱਸਐੱਚਓ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਨਹੀਂ ਹੈ।

1 ਜੂਨ ਨੂੰ ਫਿਲੌਰ ਦੇ ਸਿਵਲ ਹਸਪਤਾਲ ਵਿਚ ਦੇ ਪਖਾਨੇ ਵਿਚੋਂ ਇੱਕ ਨੌਜਵਾਨ ਦੀ ਬਦਬੂ ਮਾਰਦੀ ਲਾਸ਼ ਬਰਾਮਦ ਹੋਈ ਹੈ। ਇਹ ਨੌਜਵਾਨ ਪਿਛਲੇ ਤਿੰਨ ਦਿਨ ਤੋਂ ਲਾਪਤਾ ਸੀ, ਜਿਸ ਪਛਾਣ ਸੁਖਪ੍ਰੀਤ ਸਿੰਘ ਵਾਸੀ ਪਿੰਡ ਡੱਲੇਵਾਲ ਵਜੋਂ ਹੋਈ ਹੈ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹ ਨਸ਼ਾ ਛੱਡਣ ਦੀ ਦਵਾਈ ਖਾਂਦਾ ਸੀ ਪਰ ਉਸ ਨੇ ਕੁਝ ਸਮੇਂ ਤੋਂ ਦਵਾਈ ਨਹੀਂ ਖਾ ਰਿਹਾ ਸੀ। ਹੁਣ ਉਹ ਪਿਛਲੇ ਤਿੰਨ ਦਿਨ ਤੋਂ ਗੁੰਮ ਸੀ। ਲੋਕਾਂ ਦਾ ਕਹਿਣਾ ਹੈ ਕਿ ਨੌਜਵਾਨ ਪਿਛਲੇ ਤਿੰਨ ਦਿਨ ਤੋਂ ਇੱਥੇ ਹੀ ਬਾਥਰੂਮ ਵਿਚ ਪਿਆ ਹੋ ਸਕਦਾ ਹੈ, ਕਿਉਂਕਿ ਅੰਦਰੋਂ ਕੁੰਡੀ ਲੱਗੀ ਹੋਣ ਕਾਰਨ ਕਿਸੇ ਦਾ ਉਸ ਪਾਸੇ ਧਿਆਨ ਨਹੀਂ ਗਿਆ। ਅੱਜ ਜਦੋਂ ਅੰਦਰੋਂ ਬਦਬੂ ਆਉਣ 'ਤੇ ਪੁਲੀਸ ਨੂੰ ਸੂਚਿਤ ਕੀਤਾ ਗਿਆ ਅਤੇ ਦਰਵਾਜ਼ਾ ਤੋੜ ਕੇ ਦੇਖਿਆ ਤਾਂ ਅੰਦਰ ਸੁਖਪ੍ਰੀਤ ਦੀ ਲਾਸ਼ ਪਈ ਸੀ।

## ਓਏ ਹਰਿ ਕੇ ਸੰਤ ਨਾ ਆਖੀਅਹ...

ਪੰਜਾਬ ਦਾ ਹਰ ਅੱਠਵਾਂ ਬੰਦਾ ਡਿਪਰੈਸ਼ਨ ਦਾ ਸ਼ਿਕਾਰ ਹੈ। ਮਾਨਸਿਕ ਤੇ ਸਮਾਜਿਕ ਤੌਰ 'ਤੇ ਟੁੱਟੇ ਇਨਸਾਨ ਸਾਧਾਂ ਸੰਤਾਂ ਦੀ ਸ਼ਰਨ ਵਿਚ ਆਉਂਦੇ ਹਨ ਅਤੇ ਲੁੱਟ-ਖਸੁੱਟ ਦਾ ਸ਼ਿਕਾਰ ਹੁੰਦੇ ਹਨ।

ਮੰਨਿਆ ਜਾਂਦਾ ਹੈ ਕਿ ਜਿਉਂ ਜਿਉਂ ਸਮਾਜ ਤਰੱਕੀ ਕਰਦਾ ਹੈ, ਅੰਧਵਿਸ਼ਵਾਸ਼ ਤੇ ਅਗਿਆਨਤਾ ਦਾ ਹਨੇਰਾ ਦੂਰ ਹੋ ਜਾਂਦਾ ਹੈ ਅਤੇ ਲੋਕਾਂ ਦਾ ਵਰਤਾਰਾ ਤਰਕਸ਼ੀਲ ਪੱਖੀ ਹੁੰਦਾ ਹੈ ਪਰ ਸਾਡੇ ਸਮਾਜ ਵਿਚ ਅਜਿਹਾ ਨਜ਼ਰ ਨਹੀਂ ਆਉਂਦਾ। ਅੱਜ ਆਮ ਲੋਕ ਆਪਣੇ ਸੁੱਖਾਂ ਦੀ ਪ੍ਰਾਪਤੀ ਲਈ ਸਾਧਾਂ ਸੰਤਾਂ ਦੇ ਕਹੇ ਤੇ ਕੁਝ ਵੀ ਕਰਨ ਲਈ ਤਿਆਰ ਰਹਿੰਦੇ ਹਨ। ਗੁਰੂ ਨਾਨਕ ਦੇਵ ਜੀ ਦੇ ਉਚਾਰੇ ਸ਼ਬਦ 'ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥' ਅੱਜ ਵੀ ਪ੍ਰਸੰਗਕ ਹਨ। ਪਖੰਡੀ ਬਾਬੇ ਧਰਮ ਦੇ ਨਾਮ ਦੇ ਸਹਾਰੇ ਲੋਕਾਂ ਨੂੰ ਡਰਾ ਕੇ ਸਭ ਕੁਝ ਹਾਸਲ ਕਰ ਲੈਂਦੇ ਹਨ। ਕਈ ਬਾਬੇ ਤਾਂ ਬਾਣੀ ਦੇ ਅਰਥਾਂ ਦਾ ਵੀ ਅਨਰਥ ਕਰ ਦਿੰਦੇ ਹਨ ਅਤੇ ਕਈ ਸ਼ਬਦ ਗਾਇਨ ਵੀ ਮਾਡਰਨ ਤਰਜ਼ਾਂ 'ਤੇ ਕਰਦੇ ਹਨ।

ਤਕਰੀਬਨ ਇਕ ਸਦੀ ਪਹਿਲਾਂ ਜਰਮਨ ਸਮਾਜ ਵਿਗਿਆਨੀ ਮੈਕਸ ਵੇਬਰ ਨੇ ਹੋਰ ਪੱਖਾਂ ਤੋਂ ਇਲਾਵਾ ਧਰਮ ਨੂੰ ਆਰਥਿਕ ਤਰੱਕੀ ਵਿਚ ਵੱਡਾ ਰੋੜਾ ਦੱਸਿਆ ਸੀ। ਆਪਣੀ ਪੁਸਤਕ 'ਪਰੋਟੈਸਟੈਂਟ ਐਥਿਕਸ ਐਂਡ ਸਪਿਰਿਟ ਆਫ ਕੈਪਿਟੇਲਿਜ਼ਮ' ਵਿਚ ਉਸ ਦਾ ਤਰਕ ਸੀ ਕਿ ਕੈਲਵਿਨਿਸਟ ਲੋਕ ਯੂਰੋਪ ਵਿਚ ਇਸ ਕਰਕੇ ਖ਼ੁਸ਼ਹਾਲ ਹੋਏ ਕਿਉਂਕਿ ਉਨ੍ਹਾਂ ਨੇ ਚਰਚ ਜੋ ਕੁਝ ਸਮਾਂ ਪਹਿਲਾਂ ਤੱਕ ਸ਼ਕਤੀਸ਼ਾਲੀ ਸੰਸਥਾ ਸੀ, ਵਿਚ ਸਮਾਂ ਵਿਅਰਥ ਕਰਨ ਦੀ ਬਜਾਏ ਮਿਹਨਤ, ਸੰਜਮ, ਅਨੁਸ਼ਾਸਨ ਤੇ ਆਤਮ-ਵਿਸ਼ਵਾਸ ਨਾਲ ਆਰਥਿਕ ਗਤੀਵਿਧੀਆਂ ਵਿਚ ਧਿਆਨ ਲਾਇਆ। ਵੇਬਰ ਮੁਤਾਬਿਕ, ਹੋਰ ਕਾਰਨਾਂ ਦੇ ਨਾਲ ਨਾਲ ਭਾਰਤ ਦੀ ਗਰੀਬੀ ਤੇ ਅਣ-ਵਿਕਾਸ ਦਾ ਮੂਲ ਕਾਰਨ ਧਾਰਮਿਕ ਕਰਮਕਾਂਡਾਂ ਤੇ ਵਿਸ਼ਵਾਸਾਂ ਵਿਚ ਵਧੇਰੇ ਸਮਾਂ ਨਸ਼ਟ ਕਰਨਾ ਹੈ। ਉਸ ਮੁਤਾਬਿਕ, ਭਾਰਤੀ ਮਨੁੱਖ ਕਿਸਮਤਵਾਦ, ਸੰਸਾਰ ਤਿਆਗਣ, ਕਰਮਕਾਂਡ ਤੇ ਅਣ-ਦੇਖੀ ਅਗਲੇਰੀ ਦੁਨੀਆ ਲਈ ਵਧੇਰੇ ਫ਼ਿਕਰਮੰਦ ਰਹਿੰਦੇ ਹਨ ਅਤੇ ਅਜਿਹੀ ਸੋਚ ਜਿੱਥੇ ਗੈਰ ਕੁਦਰਤੀ ਤੇ ਮਨੁੱਖੀ ਸ਼ਕਤੀ ਨੂੰ ਅਣਉਪਜਾਊ ਕੰਮਾਂ ਵੱਲ ਧੱਕਦੀ ਹੈ, ਉੱਥੇ ਵਿਕਾਸ ਵੀ ਰੁਕਦਾ ਹੈ। ਅਜੋਕੇ ਸਮੇਂ ਵਿਚ ਸਾਡੇ ਮੁਲਕ ਵਿਚ ਬਾਬੇ ਮਨੁੱਖੀ ਤੇ ਕੁਦਰਤੀ ਸ਼ਕਤੀ ਨੂੰ ਬੇਹਾਲ ਕਰਨ ਵਿਚ ਕੋਈ ਕਸਰ ਨਹੀਂ ਛੱਡ ਰਹੇ। ਅੱਜ ਵੀ ਬਲੀਆਂ, ਆਹੂਤੀਆਂ ਤੇ ਅੰਧ-ਵਿਸ਼ਵਾਸਾਂ ਦਾ ਵਰਤਾਰਾ ਜਾਰੀ ਹੈ। ਅਜੋਕੇ ਬਾਬੇ ਹੁਣ ਧਰਮ, ਸਮੂਹ ਤੇ ਕੁਦਰਤ ਦਾ ਖ਼ਿਆਲ ਘੱਟ ਤੇ ਮਾਰਕੀਟਿੰਗ ਦਾ ਹੇਜ ਵੱਧ ਕਰਦੇ ਹਨ। ਧਰਮ ਤੇ ਯੋਗ ਦੇ ਨਾਮ 'ਤੇ ਵੇਚਿਆ ਜਾ ਰਿਹਾ ਸਮਾਨ ਇਨ੍ਹਾਂ ਦੀਆਂ ਮਿਸਾਲਾਂ ਹਨ। ਭਾਰਤ ਵਿਚ ਮਿਹਨਤੀ ਅਤੇ ਹੱਕ ਦੀ ਕਮਾਈ ਕਰਨ ਵਾਲਾ ਇਨਸਾਨ ਉਮਰ ਦੇ ਅਖੀਰਲੇ ਸਾਲਾਂ ਵਿਚ ਜਾ ਕੇ ਕਿਤੇ ਲੱਖਾਂ ਰੁਪਏ ਦੇ ਦਰਸ਼ਨ ਕਰਦਾ ਹੈ ਜਦਕਿ ਬਾਬੇ ਚੜ੍ਹਦੀ ਉਮਰੇ ਹੀ ਅਰਬਾਂ ਰੁਪਇਆਂ ਵਿਚ ਖੇਡਦੇ ਹਨ। ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਵੱਖ-ਵੱਖ ਕਾਰਨਾਂ ਜਿਵੇਂ ਬੇਰੁਜ਼ਗਾਰੀ, ਜ਼ਮੀਨਾਂ ਜੋਤਾਂ ਦਾ ਘਟ ਰਿਹਾ ਆਕਾਰ ਤੇ ਘੱਟ ਆਮਦਨ, ਪਦਾਰਥਵਾਦ ਦੀ ਪੀਡੀ ਹੋ ਰਹੀ ਪਕੜ, ਸਮਾਜਿਕ ਟੁੱਟ ਭੱਜ, ਮਾਨਸਿਕ ਤਣਾਅ, ਸਿਆਸੀ ਪਾਰਟੀਆਂ ਵੱਲੋਂ ਕੋਈ ਵਿਕਾਸ ਏਜੰਡਾ ਲਾਗੂ ਨਾ ਕਰਨਾ, ਸਿਆਸਤਦਾਨਾਂ ਵੱਲੋਂ ਆਮ ਲੋਕਾਂ ਦੇ ਦੁੱਖ ਦਰਦ ਵੱਲ ਪਿੱਠ ਕਰ ਲੈਣੀ, ਵਧ ਰਿਹਾ ਅਪਰਾਧ, ਲੋਕਾਂ ਵਿਚ ਅਗਿਆਨਤਾ ਤੇ ਅੰਧਵਿਸ਼ਵਾਸ ਆਦਿ ਸਦਕਾ ਸਮਾਜ ਬਿਮਾਰ ਹੈ। ਇਸ ਬਾਰੇ ਵੱਖ ਵੱਖ ਪੱਧਰਾਂ 'ਤੇ ਸਰਕਾਰਾਂ ਸਮੇਤ ਗੰਭੀਰ ਚਿੰਤਨ ਦੀ ਲੋੜ ਹੈ ਤਾਂ ਜੋ ਸਮਾਜ ਨੂੰ ਸਮੇਂ ਦਾ ਹਾਣੀ ਬਣਾ ਕੇ ਤਰੱਕੀ ਵੱਲ ਲਿਜਾਇਆ ਜਾਵੇ ਜਿੱਥੇ ਲੋਕਾਂ ਨੂੰ ਬਾਬਿਆਂ ਦਾ ਸਹਾਰਾ ਨਾ ਤੱਕਣਾ ਪਵੇ ਅਤੇ ਲੋਕ ਆਪਣੀ ਤਰੱਕੀ ਦੇ ਨਾਲ ਮੁਲਕ ਦੇ ਵਿਕਾਸ ਵਿਚ ਵੀ ਹਿੱਸਾ ਪਾ ਸਕਣ।

## ਮੈਮੋਰੀਅਲ ਡੇ ਪਰੇਡ ਵਿਚ ਵਿਸ਼ਵ ਜੰਗਾਂ ਦੌਰਾਨ ਸ਼ਹੀਦ ਹੋਏ ਅਮਰੀਕੀ ਅਤੇ ਸਿੱਖ ਫੌਜੀਆਂ ਨੂੰ ਸ਼ਰਧਾਂਜਲੀ

ਲੋਕਾਂ ਨੇ ਸਿੱਖਾਂ ਨੂੰ,"ਮਿਸਟਰ ਸਿੰਘ, ਹੈਪੀ ਮੈਮੋਰੀਅਲ ਡੇ," ਕਹਿ ਕੇ ਵਧਾਈ ਵੀ ਦਿੱਤੀ। ਅਵਤਾਰ ਸਿੰਘ ਦਾ ਕਹਿਣਾ ਸੀ ਕਿ ਅਮਰੀਕਾ ਵਿਚ ਸਤੰਬਰ 2001 ਦੇ ਹਮਲੇ ਤੋਂ ਬਾਦ ਸਿੱਖਾਂ ਨੂੰ ਬਹੁਤ ਸਾਰੇ ਨਸਲੀ ਹਮਲਿਆਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਇਸ ਲਈ ਇਹ ਹੋਰ ਵੀ ਜ਼ਰੂਰੀ ਹੋ ਗਿਆ ਹੈ ਕਿ ਅਸੀਂ ਇਹਨਾਂ ਪ੍ਰੋਗਰਾਮਾਂ ਵਿਚ ਭਾਗ ਲਈਏ ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਸਿੱਖਾਂ ਬਾਰੇ ਪਤਾ ਲੱਗ ਸਕੇ।

ਡੇਟਨ ਦੇ ਵਸਨੀਕ ਫਲਾਈ ਅੰਮ੍ਰਿਤਸਰ ਇਨਿਸ਼ਿਏਟਿਵ ਮੁਹਿੰਮ ਦੇ ਕਨਵੀਨਰ ਤੇ ਸਿੱਖ ਐਕਟੀਵਿਸਟ ਸ. ਸਮੀਪ ਸਿੰਘ ਗੁਮਟਾਲਾ ਨੇ ਕਿਹਾ ਕਿ ਉਹ ਪਰਿਵਾਰ ਸਮੇਤ ਬਹੁਤ ਹੀ ਉਤਸ਼ਾਹ ਨਾਲ ਇਸ ਪਰੇਡ ਵਿਚ ਸ਼ਾਮਲ ਹੁੰਦੇ ਹਨ। ਉਹਨਾਂ ਦੇ ਬੱਚੇ ਬਹੁਤ ਹੀ ਮਾਣ ਨਾਲ ਸੜਕ 'ਤੇ ਅਮਰੀਕੀ ਝੰਡੇ ਅਤੇ ਬੈਨਰ ਫੜ ਕੇ ਤੁਰਦੇ ਹਨ। ਪਰੇਡ ਸਾਨੂੰ ਵਿਸ਼ਵ ਯੁੱਧਾਂ ਵਿਚ ਸ਼ਹੀਦ ਹੋਏ ਸਿੱਖ ਅਤੇ ਅਮਰੀਕੀ ਫੌਜੀਆਂ ਨੂੰ ਸ਼ਰਧਾਂਜਲੀ ਭੇਟ ਕਰਨ ਤੇ ਅਮਰੀਕੀ ਲੋਕਾਂ ਨੂੰ ਸਿੱਖਾਂ ਵਲੋਂ ਇਹਨਾਂ ਯੁੱਧਾਂ ਵਿਚ ਦਿੱਤੀਆਂ ਗਈਆਂ ਕੁਰਬਾਨੀਆਂ ਬਾਰੇ ਜਾਣਕਾਰੀ ਦੇਣ ਦਾ ਮੌਕਾ ਦਿੰਦੀ ਹੈ।

ਇਹ ਪਰੇਡ ਅਮਰੀਕਾ ਦੀਆਂ ਸਭ ਤੋਂ ਵੱਡੀਆਂ ਪਰੇਡਾਂ ਵਿਚੋਂ ਇਕ ਮੰਨੀ ਜਾਂਦੀ ਹੈ। ਇਸ ਵਿੱਚ ਤਕਰੀਬਨ 2500 ਲੋਕ, 300 ਗੱਡੀਆਂ ਤੇ 120 ਸਥਾਨਕ ਸੰਸਥਾਵਾਂ ਭਾਗ ਲੈਂਦੀਆਂ ਹਨ। ਸਪਰਿੰਗਫੀਲਡ ਦੇ ਬਜ਼ਾਰਾਂ, ਘਰਾਂ ਦੇ ਬਾਹਰ ਅਤੇ ਪਾਰਕਾਂ ਵਿਚ ਲਗਭਗ 30 ਤੋਂ 35 ਹਜ਼ਾਰ ਲੋਕ ਇਸ ਪਰੇਡ ਦਾ ਆਨੰਦ ਮਾਣਦੇ ਹਨ। ਲੋਕਾਂ ਨੂੰ ਸਿੱਖਾਂ ਦੀ ਨਿਵੇਕਲੀ ਪਛਾਣ ਤੋਂ ਜਾਣੂ ਕਰਵਾਉਣ ਲਈ ਹਜ਼ਾਰਾਂ ਦੀ ਗਿਣਤੀ ਵਿਚ ਪੈਂਫ਼ਲੈਟ ਵੀ ਵੰਡੇ ਗਏ।

## ਘੱਲੂਘਾਰਾ ਜੂਨ-84 ਦੀ ਸ਼ਹੀਦੀ ਗੈਲਰੀ ਬਣਾਉਣ ਦਾ ਕੰਮ ਰੁਕਿਆ

ਇਸ ਸਬੰਧੀ ਦਲ ਖ਼ਾਲਸਾ ਦੇ ਕੰਵਰਪਾਲ ਸਿੰਘ ਨੇ ਦੱਸਿਆ ਕਿ ਇਸ ਸਬੰਧੀ ਲੰਮਾ ਸਮਾਂ ਪਹਿਲਾਂ ਮੀਟਿੰਗ ਹੋਈ ਸੀ ਅਤੇ ਉਸ ਤੋਂ ਬਾਅਦ ਇਸ ਬਾਰੇ ਕੋਈ ਮੀਟਿੰਗ ਨਹੀਂ ਹੋਈ ਹੈ। ਉਨ੍ਹਾਂ ਦੱਸਿਆ ਕਿ ਦਲ ਖ਼ਾਲਸਾ ਵੱਲੋਂ ਤਿਆਰ ਕੀਤੀ ਗਈ ਸ਼ਹੀਦਾਂ ਦੀ ਡਾਇਰੈਕਟਰੀ ਦੀ ਸਮੁੱਚੀ ਜਾਣਕਾਰੀ ਦਮਦਮੀ ਟਕਸਾਲ ਨੂੰ ਮੁਹੱਈਆ ਕਰ ਦਿੱਤੀ ਗਈ ਸੀ। ਮੈਂਬਰ ਜਗਤਾਰ ਸਿੰਘ ਨੇ ਦੱਸਿਆ ਕਿ ਇਸ ਸਬੰਧੀ ਮੀਟਿੰਗਾਂ ਹੋਈਆਂ ਸਨ ਅਤੇ ਯੋਜਨਾ ਨੂੰ ਪ੍ਰਵਾਨਗੀ ਦਿੱਤੀ ਗਈ ਸੀ ਪਰ ਮਗਰੋਂ ਕੋਈ ਕਾਰਵਾਈ ਨਹੀਂ ਹੋਈ।

ਦਮਦਮੀ ਟਕਸਾਲ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਨੇ ਟਕਸਾਲ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਦੇ ਹਵਾਲੇ ਨਾਲ ਦੱਸਿਆ ਕਿ ਉਨ੍ਹਾਂ ਨੇ ਲਗਪਗ 900 ਸ਼ਹੀਦਾਂ ਦੀ ਸੂਚੀ ਤਿਆਰ ਕੀਤੀ ਸੀ ਅਤੇ ਇਸ ਵਿਚੋਂ ਲਗਪਗ 60 ਫ਼ੀਸਦ ਤੋਂ ਵੱਧ ਸ਼ਹੀਦਾਂ ਦੀਆਂ ਤਸਵੀਰਾਂ ਤੇ ਜਾਣਕਾਰੀ ਇਕੱਤਰ ਕੀਤੀ ਜਾ ਚੁੱਕੀ ਹੈ। ਬਾਕੀ ਰਹਿੰਦੇ ਸ਼ਹੀਦਾਂ ਬਾਰੇ ਹੁਣ ਤਕ ਜਾਣਕਾਰੀ ਨਹੀਂ ਮਿਲ ਸਕੀ। ਉਨ੍ਹਾਂ ਕਿਹਾ ਕਿ ਦਮਦਮੀ ਟਕਸਾਲ ਇਸ ਸ਼ਹੀਦੀ ਗੈਲਰੀ ਦੇ ਕੰਮ ਨੂੰ ਤੁਰੰਤ ਮੁਕੰਮਲ ਕਰਨ ਲਈ ਵਚਨਬੱਧ ਹੈ ਅਤੇ ਜਲਦੀ ਇਸ ਸਬੰਧੀ ਕੰਮ ਦੀ ਸ਼ੁਰੂਆਤ ਹੋ ਜਾਵੇਗੀ।

## ਗੁਰੂ ਨਾਨਕ ਸਾਹਿਬ ਦਾ ਬੁੱਤ ਹਟਾਇਆ

ਬੁੱਤ ਹਟਾਉਣ ਮਗਰੋਂ ਉਨ੍ਹਾਂ ਉਥੇ ਚੌਕ ਵਿਚ ਬਣਾਏ ਗਏ ਥੜ੍ਹੇ ਉਪਰ ਖੰਡਾ ਲਾਉਣ ਦੀ ਆਗਿਆ ਮੰਗੀ ਸੀ ਜਿਸ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਸ੍ਰੀ ਹਰਿਮੰਦਰ ਸਾਹਿਬ ਨੇੜੇ ਗੁਰੂ ਨਾਨਕ ਦੇਵ, ਗੁਰੂ ਗੋਬਿੰਦ ਸਿੰਘ, ਬਾਬਾ ਦੀਪ ਸਿੰਘ ਤੇ ਹੋਰਨਾਂ ਦੀਆਂ ਵਿਕ ਰਹੀਆਂ ਮੂਰਤੀਆਂ ਬਾਰੇ ਉਨ੍ਹਾਂ ਕਿਹਾ ਕਿ ਮੂਰਤੀਆਂ ਬਣਾਉਣ ਵਾਲੇ ਵਪਾਰਕ ਮੰਤਵ ਨਾਲ ਮੂਰਤੀਆਂ ਬਣਾ ਰਹੇ ਹਨ, ਜਿਨ੍ਹਾਂ ਨੂੰ ਰੋਕਣਾ ਮੁਸ਼ਕਲ ਹੈ। ਉਨ੍ਹਾਂ ਸਿੱਖ ਸੰਗਤ ਨੂੰ ਅਪੀਲ ਕੀਤੀ ਹੈ ਕਿ ਸਿੱਖ ਧਰਮ ਦੀ ਰਹਿਤ ਮਰਿਆਦਾ, ਪ੍ਰੰਪਰਾਵਾਂ ਅਤੇ ਸਿਧਾਂਤਾਂ ਤਹਿਤ ਮੂਰਤੀ ਪੂਜਾ ਦੀ ਮਨਾਹੀ ਹੈ, ਇਸ ਲਈ ਇਨ੍ਹਾਂ ਮੂਰਤੀਆਂ ਨੂੰ ਨਾ ਖਰੀਦਿਆ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਸਿੱਖ ਸ਼ਰਧਾਲੂ ਮੂਰਤੀਆਂ ਨਹੀਂ ਖਰੀਦਣਗੇ ਤਾਂ ਮੂਰਤੀਆਂ ਬਣਾਉਣ ਦੇ ਕੰਮ ਨੂੰ ਆਪੇ ਹੀ ਠੱਲ੍ਹ ਪੈ ਜਾਵੇਗੀ।

## ਸਿੱਖ ਨੌਜਵਾਨਾਂ 'ਤੇ ਜ਼ੁਲਮ ਚੱਕਰ ਤੇਜ਼

ਇਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਖਾਲਿਸਤਾਨੀ ਲਹਿਰ ਦੀ ਸੁਰਜੀਤੀ ਦੀ ਜ਼ਿੰਮੇਵਾਰੀ ਕੈਨੇਡਾ ਵਿੱਚ ਰਹਿ ਰਹੇ ਖ਼ਾਲਿਸਤਾਨੀਆਂ ਨੂੰ ਸੌਂਪੀ ਗਈ ਹੈ। ਯੋਜਨਾ ਮੁਤਾਬਕ ਕੁਝ ਖ਼ਾਸ ਖਾਲਿਸਤਾਨੀਆਂ ਨੂੰ ਭਾਰਤ ਵਿਚ ਕਈ ਸੇਵਾਮੁਕਤ ਪੁਲਿਸ ਤੇ ਫ਼ੌਜੀ ਅਧਿਕਾਰੀਆਂ ਨੂੰ ਨਿਸ਼ਾਨਾ ਬਣਾਉਣ ਲਈ ਕਿਹਾ ਗਿਆ ਹੈ। ਖੁਫੀਆ ਏਜੰਸੀਆਂ ਦੀ ਨਜ਼ਰ ਪੰਜਾਬ ਵਿਚ 2020 ਦਾ ਖਾਲਿਸਤਾਨੀ ਪ੍ਰਚਾਰ ਕਰ ਰਹੇ ਸਿੱਖ ਨੌਜਵਾਨਾਂ 'ਤੇ ਹੈ।

ਸੂਤਰਾਂ ਮੁਤਾਬਕ ਗ੍ਰਹਿ ਮੰਤਰਾਲਾ ਇਸ ਰਿਪੋਰਟ ਨੂੰ ਬੇਹੱਦ ਗੰਭੀਰਤਾ ਨਾਲ ਲੈ ਰਿਹਾ ਹੈ। ਪਾਕਿ ਖੁਫੀਆ ਏਜੰਸੀ ਆਈਐਸਆਈ ਵੱਲੋਂ ਕਿੰਨੇ ਗਰਮ ਖਿਆਲੀਆਂ ਨਾਲ ਸੰਪਰਕ ਕੀਤਾ ਗਿਆ ਹੈ, ਇਸ ਬਾਰੇ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਉਨ੍ਹਾਂ ਦੀ ਲੋਕੇਸ਼ਨ ਤੇ ਨੈੱਟਵਰਕ ਬਾਰੇ ਵੀ ਪਤਾ ਲਾਇਆ ਜਾ ਰਿਹਾ ਹੈ। ਇੱਕ ਪਹਿਲਾਂ ਸੌਂਪੀ ਗਈ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਆਈਐਸਆਈ ਜਥੇਬੰਦੀ 'ਸਿੱਖਸ ਫਾਰ ਜਸਟਿਸ' ਦੀ ਵੀ ਮਦਦ ਲੈ ਰਹੀ ਹੈ ਤੇ ਸਿੱਖ ਨੌਜਵਾਨਾਂ ਨੂੰ ਭਾਰਤ ਖ਼ਿਲਾਫ਼ ਭੜਕਾ ਰਹੀ ਹੈ।

ਅੰਮ੍ਰਿਤਸਰ ਦੇ ਰਾਜਾਸਾਂਸੀ ਨੇੜਿਉਂ ਦੋ ਹੈਂਡ ਗ੍ਰਨੇਡ ਫੜੇ ਜਾਣ ਦੇ ਮਾਮਲੇ ਨੂੰ ਵੀ ਇਸੇ ਯੋਜਨਾ ਦੇ ਹਿੱਸੇ ਵਜੋਂ ਵੇਖਿਆ ਜਾ ਰਿਹਾ ਹੈ। ਅੰਮ੍ਰਿਤਸਰ ਦਿਹਾਤੀ ਪੁਲਿਸ ਦੇ ਐਸਐਸਪੀ ਵਿਕਰਮਜੀਤ ਸਿੰਘ ਦੁੱਗਲ ਨੇ ਦਾਅਵਾ ਕੀਤਾ ਹੈ ਕਿ ਪਾਕਿਸਤਾਨ ਤੋਂ ਨਾ ਸਿਰਫ਼ ਨਸ਼ੀਲੇ ਪਦਾਰਥ ਸਗੋਂ ਹਥਿਆਰ ਵੀ ਭੇਜੇ ਜਾ ਰਹੇ ਹਨ। ਬੀਤੇ ਦਿਨ ਪੁਲਿਸ ਨੇ ਕੁੱਕੜਾਂਵਾਲਾ ਵਿੱਚ ਲਾਏ ਨਾਕੇ ਮੌਕੇ ਦੋ ਨੌਜਵਾਨਾਂ ਨੂੰ ਰੋਕਿਆ ਸੀ, ਜੋ ਪੁਲਿਸ ਨੂੰ ਚਕਮਾ ਦੇ ਕੇ ਭੱਜ ਗਏ ਸਨ। ਭੱਜਣ ਵੇਲੇ ਉਨ੍ਹਾਂ ਦਾ ਬੈਗ ਹੇਠਾਂ ਡਿੱਗ ਪਿਆ ਸੀ, ਜਿਸ ਵਿੱਚੋਂ ਪੁਲੀਸ ਨੂੰ ਦੋ ਹੈਂਡ ਗ੍ਰਨੇਡ ਮਿਲੇ ਹਨ। ਇਸ ਤੋਂ ਇਲਾਵਾ ਮੋਬਾਈਲ ਵੀ ਮਿਲਿਆ ਹੈ।

## ਸਾਨਫਰਾਂਸਿਸਕੋ ਦੇ ਨਗਰ ਕੀਰਤਨ ਲਈ ਸੰਗਤਾਂ 'ਚ ਭਾਰੀ ਉਤਸ਼ਾਹ

ਵਲੋਂ ਅੱਖੀਂ ਡਿੱਠਾ ਹਾਲ ਵੀਡੀਓ ਦੁਆਰਾ ਸਿੱਖ ਸੰਗਤਾਂ ਨੂੰ ਸੁਣਾਇਆ ਜਾਂਦਾ ਹੈ ਅਤੇ ਪੰਥ ਦੇ ਵੱਖ-ਵੱਖ ਬੁਲਾਰੇ ਵੀ ਇਸ ਸਬੰਧ ਵਿਚ ਆਪਣੇ ਵਿਚਾਰ ਸਾਂਝੇ ਕਰਦੇ ਹਨ।

ਇਸ ਪ੍ਰੋਗਰਾਮ ਵਿਚ ਸ਼ਾਮਿਲ ਸਮੂਹ ਗੁਰਦੁਆਰਾ ਸਾਹਿਬ ਦੀਆਂ ਕਮੇਟੀਆਂ ਵਲੋਂ ਸਿੱਖ ਸੰਗਤਾਂ ਨੂੰ ਸਮੇਂ ਸਿਰ ਪਹੁੰਚ ਕੇ ਨਗਰ ਕੀਰਤਨ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ ਹੈ। ਅਲੱਗ-ਅਲੱਗ ਗੁਰਦੁਆਰਾ ਸਾਹਿਬਾਨ ਤੋਂ ਇਥੇ ਪਹੁੰਚਣ ਲਈ ਬੱਸਾਂ ਅਤੇ ਵੈਨਾਂ ਦਾ ਪ੍ਰਬੰਧ ਕੀਤਾ ਗਿਆ ਹੈ। ਸੰਗਤ ਦੇ ਜਿਹੜੇ ਮੈਂਬਰਾਂ ਨੂੰ ਰਾਈਡ ਚਾਹੀਦੀ ਹੈ, ਉਹ ਕ੍ਰਿਪਾ ਕਰਕੇ ਆਪਣੀ ਕਮੇਟੀ ਨੂੰ ਸੰਪਰਕ ਕਰਨ, ਤਾਂ ਜੋ ਉਹ ਤੁਹਾਡੇ ਲਈ ਸਮੇਂ ਸਿਰ ਪ੍ਰਬੰਧ ਕਰ ਸਕਣ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ 1-844-REM-1984

## ਫਿਲਮ 'ਦਾਸਤਾਨ-ਏ-ਮੀਰੀ ਪੀਰੀ' ਨੂੰ ਫਿਲਹਾਲ ਬਰੇਕਾਂ

ਸਭ ਕਮੇਟੀ ਨੇ ਇਹ ਇਤਰਾਜ਼ ਤੁਰੰਤ ਦੂਰ ਕਰਨ ਲਈ ਆਖਿਆ ਹੈ। ਹੁਣ ਫਿਲਮ ਵਿੱਚ ਗੁਰੂ ਸਾਹਿਬ ਦੀ ਤਸਵੀਰ ਜਾਂ ਐਨੀਮੇਟਿਡ ਰੂਪ ਦੀ ਥਾਂ ਜੋਤ ਦਿਖਾਈ ਗਈ ਹੈ। ਇਹ ਫਿਲਮ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਦੇ ਸਮੇਂ ਦੀ ਦਾਸਤਾਨ ਨੂੰ ਦਰਸਾਉਂਦੀ ਹੈ।

ਇਸ ਤਰ੍ਹਾਂ ਜਾਪਦਾ ਹੈ ਕਿ ਸ਼੍ਰੋਮਣੀ ਕਮੇਟੀ ਇਹ ਫ਼ਿਲਮ ਦਿਖਾਉਣ ਦੇ ਲਈ ਬਜ਼ਿੱਦ ਹੈ, ਜਦ ਕਿ ਗੁਰੂ ਸਾਹਿਬ 'ਤੇ ਕੋਈ ਫ਼ਿਲਮ ਨਹੀਂ ਸੀ ਬਣਨੀ ਚਾਹੀਦੀ। ਇਸ ਦਾ ਫੈਸਲਾ ਮਾਸਟਰ ਤਾਰਾ ਸਿੰਘ ਦੇ ਸਮੇਂ ਸ਼੍ਰੋਮਣੀ ਕਮੇਟੀ ਵਲੋਂ ਲਿਆ ਗਿਆ ਸੀ।

ਯਾਦ ਰਹੇ ਕਿ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਫਿਲਮ ਪ੍ਰਬੰਧਕਾਂ ਨੂੰ ਆਦੇਸ਼ ਦਿੱਤਾ ਕਿ ਬਿਨਾਂ ਮਾਨਤਾ ਮਿਲੇ ਇਸ ਫਿਲਮ ਨੂੰ ਰਿਲੀਜ਼ ਨਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਸ੍ਰੀ ਅਕਾਲ ਤਖ਼ਤ ਅਤੇ ਸ਼੍ਰੋਮਣੀ ਕਮੇਟੀ ਵਲੋਂ ਪਹਿਲਾਂ ਕੀਤੇ ਮਤਿਆਂ ਰਾਹੀਂ ਗੁਰੂ ਸਾਹਿਬਾਨ ਦਾ ਫਿਲਮ ਜਾਂ ਨਾਟਕ ਵਿਚ ਕਿਰਦਾਰ ਦਿਖਾਉਣਾ ਸਿੱਖ ਸਿਧਾਂਤਾਂ ਦੇ ਵਿਰੁੱਧ ਕਰਾਰ ਦਿੱਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਸਿੱਖ ਜਰਨੈਲ ਜਾਂ ਹੋਰ ਸਿੱਖ ਸ਼ਖ਼ਸੀਅਤਾਂ ਬਾਰੇ ਫਿਲਮ ਜਾਂ ਐਨੀਮੇਸ਼ਨ ਫਿਲਮ ਬਣਾਉਣ ਬਾਰੇ ਸਿੱਖ ਜਥੇਬੰਦੀਆਂ, ਪੰਥਕ ਸੰਸਥਾਵਾਂ, ਸਿੱਖ ਬੁੱਧੀਜੀਵੀਆਂ ਦੀ ਰਾਏ ਲੈ ਕੇ ਫ਼ੈਸਲਾ ਕੀਤਾ ਜਾਵੇਗਾ।

### ਸਿੱਖ ਸਟੂਡੈਂਟਸ ਫੈਡਰੇਸ਼ਨ ਸਰਗਰਮ-

ਇਸ ਫ਼ਿਲਮ ਬਾਰੇ ਦਰਬਾਰ ਸਾਹਿਬ ਤੇ ਜ਼ਲਿਆਂਵਾਲੇ ਬਾਗ ਦੇ ਸਾਹਮਣੇ ਚੌਂਕ ਵਿਚ ਸਿੱਖ ਸਟੂਡੈਂਟ ਫੈਡਰੇਸ਼ਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਾਲਿਆਂ ਦਾ ਤਿੰਨ ਦਿਨ ਤੋਂ ਧਰਨਾ ਜਾਰੀ ਸੀ। ਸਿੱਖ ਆਗੂ ਪਰਮਜੀਤ ਸਿੰਘ ਤੇ ਸੁਖਵਿੰਦਰ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੀ ਫਿਲਮ ਸਬੰਧੀ ਕੋਈ ਨਿਰਣਾ ਕਰਨ ਤੋਂ ਟਾਲਾ ਵੱਟ ਰਹੀ ਹੈ ਤੇ ਉਹ ਫ਼ਿਲਮ ਦਿਖਾਉਣ ਦੇ ਲਈ ਬਜ਼ਿੱਦ ਹੈ। ਸੰਗਤ ਨੂੰ ਇਹਨਾਂ ਉੱਪਰ ਵਿਸ਼ਵਾਸ ਨਹੀਂ, ਕਿਉਂਕਿ ਇਹਨਾਂ ਦੇ ਦਿਲ ਵਿਚ ਸਿੱਖ ਸਿਧਾਂਤਾਂ ਪ੍ਰਤੀ ਬੇਈਮਾਨੀ ਹੈ। ਜਦ 1945 ਵਿਚ ਫੈਸਲਾ ਹੋ ਗਿਆ ਸੀ ਕਿ ਗੁਰੂ ਸਾਹਿਬ 'ਤੇ ਕੋਈ ਫ਼ਿਲਮ ਨਹੀਂ ਦਿਖਾਈ ਜਾ ਸਕਦੀ ਤਾਂ ਇਹ ਹੁਣ ਕਿਉਂ ਨਹੀਂ ਰੁਕ ਰਹੇ। ਇਹ ਕਿਸ ਸਿਆਸੀ ਦਬਾਅ ਹੇਠ ਕੰਮ ਕਰ ਰਹੇ ਹਨ। ਐਨੀਮੇਸ਼ਨ ਰਾਹੀਂ ਵੀ ਸਿੱਖ ਗੁਰੂਆਂ ਦਾ ਕਿਰਦਾਰ ਦਿਖਾਉਣਾ ਸਿੱਖ ਸਿਧਾਂਤਾਂ ਦੇ ਖ਼ਿਲਾਫ਼ ਹੈ।

### ਪੋਸਟਰ ਤੇ ਹੋਰਡਿੰਗ ਪਾੜੇ ਗਏ-

ਫਿਲਮ ਦੇ ਪੋਸਟਰ ਤੇ ਹੋਰਡਿੰਗ ਫਾੜੇ ਗਏ ਅਤੇ ਬਟਾਲਾ ਦੇ ਐਸਡੀਐਮ ਨੂੰ ਪੰਜਾਬ ਸਰਕਾਰ ਦੇ ਨਾਮ ਮੰਗ ਪੱਤਰ ਸੌਂਪਿਆ ਗਿਆ। ਇਸ ਤੋਂ ਪਹਿਲਾਂ ਪਟਿਆਲਾ ਸਮੇਤ ਕਈ ਥਾਈਂ ਫਿਲਮ ਦੇ ਵਿਰੋਧ ਵਿੱਚ ਪ੍ਰਦਰਸ਼ਨ ਹੋ ਚੁੱਕੇ ਹਨ।

### ਸਿੱਖ ਚਿੰਤਕਾਂ ਦੇ ਪੱਖ-

ਸਤਨਾਮ ਸਿੰਘ ਦਾ ਕਹਿਣਾ ਹੈ ਕਿ ਸ਼੍ਰੋਮਣੀ ਕਮੇਟੀ ਵਿੱਚ ਇਹੋ ਜਿਹਾ ਕੋਈ ਵੀ ਮੈਂਬਰ ਨਹੀਂ ਦਿਸਦਾ ਜੋ ਗੁਰੂ ਸਿਧਾਂਤ ਦੀ ਗੱਲ ਕਰੇ, ਜਾਂ ਗੁਰੂ ਸਿਧਾਂਤਾਂ ਤੇ ਚਲਦਾ ਹੋਵੇ।

ਸੁਖਦੇਵ ਲਹਿਲ ਕੈਨੇਡਾ ਦਾ ਕਹਿਣਾ ਹੈ ਕਿ ਸਭ ਪਾਸੇ ਸਿੱਖੀ ਨੂੰ ਮਾਡਰਨ ਕਰਨ ਤੇ ਜੋਰ ਲੱਗਾ ਹੋਇਆ ਹੈ। ਕੀ ਫਿਲਮ ਬਣਾਉਣ ਵਾਲੇ ਸਿੱਖ ਗੁਰੂ ਸਾਹਿਬਾਨ ਨੂੰ ਕਾਰਟੂਨ ਤੋਂ ਵੱਧ ਕੁਝ ਨੀਂ ਸਮਝਦੇ। ਜੇ ਦਮ ਹੈ ਤਾਂ ਜਵਾਹਰ ਲਾਲ ਨਹਿਰੂ ਦੀ ਜੀਵਨੀ ਤੇ ਕਾਰਟੂਨ ਡਾਕੂਮੈਂਟਰੀ ਬਣਾਓ। ਦੇਖੋ ਫੇਰ ਤੁਹਾਡਾ ਕੀ ਬਣਦਾ? ਕੀ ਸ੍ਰੀ ਰਾਮ ਚੰਦਰ ਜੀ ਜਾਂ ਸ੍ਰੀ ਕ੍ਰਿਸ਼ਨ 'ਤੇ ਬਣਾ ਸਕਦੇ ਹੋ?

ਕਸ਼ਮੀਰ ਸਿੰਘ ਬੈਂਸ ਦਾ ਕਹਿਣਾ ਹੈ ਕਿ ਸਿੱਧੀ ਤੇ ਸਪੱਸ਼ਟ ਗੱਲ ਮੁੱਕ ਜਾਂਦੀ ਹੈ ਕਿ ਸ਼ਬਦ ਗੁਰੂ, ਬੁੱਤਪ੍ਰਸਤੀ ਤੇ ਕਾਰਟੂਨ ਫ਼ਿਲਮੀਕਰਨ ਵਿਚ ਤਬਦੀਲ ਨਹੀਂ ਕੀਤਾ ਜਾ ਸਕਦਾ।

ਰਜਿੰਦਰ ਸਿੰਘ ਦਾ ਕਹਿਣਾ ਹੈ ਕਿ ਸੁਣਿਆ ਹੈ ਕਿ ਇਕ ਹੋਰ ਫਿਲਮ ਮਾਤਾ ਸਾਹਿਬ ਕੌਰ ਜੀ 'ਤੇ ਵੀ ਆਉਣ ਵਾਲੀ ਹੈ। ਇਹ ਤਾਂ ਪੂਰੀ ਸਾਜਿਸ਼ ਅਧੀਨ ਹੋ ਰਿਹਾ ਲਗਦਾ ਹੈ।

## ਸਾਕਾ ਦਰਬਾਰ ਸਾਹਿਬ : ਸਵਾਲ ਜੋ ਜਵਾਬ ਮੰਗਦੇ ਹਨ...

ਪੰਜਵੇਂ ਪਾਤਸ਼ਾਹ ਦੀ ਮਹਾਨ ਸ਼ਹਾਦਤ ਨੂੰ ਨਤਮਸਤਕ ਹੋਣ ਆਈਆਂ ਸੰਗਤਾਂ ਨੂੰ ਬੱਚੇ, ਬਜ਼ੁਰਗ, ਔਰਤਾਂ ਭੋਰਾ-ਭਰ ਲਿਹਾਜ ਨਾ ਕਰਦਿਆਂ, ਟੈਂਕਾਂ-ਤੋਪਾਂ ਦੇ ਗੋਲਿਆਂ ਨਾਲ ਭੁੰਨ ਦੇਵੇ। ਇਸ ਤੋਂ ਦਰਦਨਾਕ, ਭਿਆਨਕ, ਜ਼ਾਲਮਾਨਾ ਕਰਤੂਤ ਕਿਹੜਾ ਜਾਬਰ ਹੁਕਮਰਾਨ ਕਰ ਸਕਦਾ ਹੈ, ਜਿਹੜੀ ਜੂਨ ਮਹੀਨੇ ਦੇ ਪਹਿਲੇ ਹਫ਼ਤੇ 'ਚ ਦਰਬਾਰ ਸਾਹਿਬ ਵਿਖੇ ਨੇਪਰੇ ਚਾੜ੍ਹੀ ਗਈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੀ ਸ਼ਹਾਦਤ, ਹਜ਼ਾਰਾਂ ਸਿੱਖ ਸੰਗਤਾਂ ਦੀ ਸ਼ਹਾਦਤ ਨੇ ਇਸ ਹਫਤੇ ਨੂੰ ਉਹ ਸ਼ਹੀਦੀ ਹਫ਼ਤਾ ਬਣਾ ਦਿੱਤਾ ਹੈ, ਜਿਸ ਦੀ ਚੀਸ ਰਹਿੰਦੀ ਦੁਨੀਆ ਤੱਕ ਸਿੱਖ ਕੌਮ ਦੀ ਸੀਨੇ 'ਚ ਉਠਦੀ ਰਹੇਗੀ।

ਪਹਿਲੀ ਜੂਨ ਤੋਂ ਸੱਤ ਜੂਨ ਤਕ ਭਾਰਤੀ ਫੌਜਾਂ ਨੇ ਜੋ ਜ਼ੁਲਮ ਸਿਤਮ ਦਰਬਾਰ ਸਾਹਿਬ ਕੰਪਲੈਕਸ 'ਚ ਸਿੱਖਾਂ 'ਤੇ ਢਾਹਿਆ, ਉਹ ਜ਼ੁਲਮ ਦਾ ਸਿਖ਼ਰ ਸੀ ਅਤੇ ਜਿਸ ਬਹਾਦਰੀ, ਦਲੇਰੀ ਤੇ ਅਣਖ ਦੇ ਜ਼ਜਬੇ ਨਾਲ ਸਿੱਖਾਂ ਨੇ ਭਾਰਤੀ ਫੌਜ ਦੇ ਜ਼ੁਲਮ ਦਾ ਟਾਕਰਾ ਕੀਤਾ, ਉਹ ਕੌਮੀ ਸਵੈਮਾਣ ਦਾ ਸਿਖ਼ਰ ਸੀ। 35 ਵਰ੍ਹੇ ਬੀਤ ਜਾਣ ਦੇ ਬਾਵਜੂਦ, ਸਾਕਾ ਦਰਬਾਰ ਸਾਹਿਬ ਬਾਰੇ ਹਾਲਾਂ ਵੀ ਕਈ ਸੁਆਲ ਅਣਸੁਲਝੇ ਹੀ ਹਨ। ਹੁਣ ਕੋਈ ਵੀ ਉਨ੍ਹਾਂ ਬਾਰੇ ਨਾ ਤਾਂ ਸੁਆਲ ਪੁੱਛਦਾ ਹੈ ਅਤੇ ਨਾ ਹੀ ਕਦੇ ਕਿਸੇ ਨੇ ਜਵਾਬ ਦਿੱਤਾ ਹੈ।

### ਸ਼ਹੀਦੀ ਪੁਰਬ 'ਤੇ ਹੀ ਕਿਉਂ ਕੀਤਾ ਗਿਆ ਹਮਲਾ-

ਭਾਰਤੀ ਹਕੂਮਤ ਨੇ ਆਪਣੇ ਦੇਸ਼ ਦੀ ਇਕ ਘੱਟਗਿਣਤੀ ਦੇ ਕੇਂਦਰੀ ਧਾਰਮਿਕ ਅਸਥਾਨ ਤੇ ਦੁਸ਼ਮਣ ਦੇਸ਼ ਵਾਗੂੰ ਫੌਜੀ ਹਮਲਾ ਕੀਤਾ ਅਤੇ ਹਜ਼ਾਰਾਂ ਦੀ ਗਿਣਤੀ 'ਚ ਬੇਕਸੂਰ ਸਿੱਖ ਸੰਗਤਾਂ ਦਾ ਭਿਆਨਕ ਕਤਲੇਆਮ ਕੀਤਾ ਗਿਆ ਅਤੇ ਇਸ ਤੋਂ ਬਾਅਦ ਆਪਣੇ "ਬਹਾਦਰ ਫੌਜੀਆਂ" ਨੂੰ ਜੰਗੀ ਸਨਮਾਨਾਂ ਨਾਲ ਨਿਵਾਜਿਆ ਗਿਆ। ਹਕੂਮਤ ਦੇ ਬਾਗੀ, ਸਿੱਖੀ ਦੇ ਪਹਿਰੇਦਾਰ, ਮਨੁੱਖਤਾ ਦੇ ਰਾਖੇ, ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਤੇ ਉਨ੍ਹਾਂ ਦੇ ਸਿਰਲੱਥ ਸੂਰਮੇ ਸਾਥੀਆਂ ਨੇ ਗਹਿਗਚ ਮੁਕਾਬਲਾ ਕੀਤਾ। ਲੱਖਾਂ ਦੀ ਗਿਣਤੀ 'ਚ ਫੌਜ ਨੇ ਤੋਪਾਂ- ਟੈਕਾਂ ਤੇ ਹਵਾਈ ਜਹਾਜ਼ਾਂ ਨਾਲ ਮੁੱਠੀ ਭਰ ਸਿੰਘਾਂ ਨੂੰ 72 ਘੰਟਿਆਂ 'ਚ ਸ਼ਹੀਦ ਕਰ ਦਿੱਤਾ ਜਾਂ ਗੰਭੀਰ ਜਖ਼ਮੀ ਕਰਕੇ ਗ੍ਰਿਫ਼ਤਾਰ ਕਰ ਲਿਆ। ਪ੍ਰੰਤੂ ਸਿੱਖ ਕੌਮ ਨੂੰ ਸਬਕ ਸਿਖਾਉਣ ਲਈ ਅਤੇ ਦੁਨੀਆ ਦੇ ਅੱਗੇ ਮੁਕਾਬਲਾ ਕਰਨ ਵਾਲੇ ਸਿੰਘਾਂ ਦੀ ਗਿਣਤੀ ਸੈਂਕੜਾ ਭਰ ਹੋਣ ਦੇ ਸੱਚ ਦੇ ਸਾਹਮਣੇ ਆਉਣ ਤੇ ਨੱਕ ਵੱਢੇ ਜਾਣ ਤੋਂ ਬਚਾਅ ਲਈ, 2 ਜੂਨ ਨੂੰ ਜਾਣਬੁੱਝ ਕੇ ਗਹਿਰੀ ਸਾਜ਼ਿਸ ਅਧੀਨ ਕਰਫਿਊ 'ਚ ਢਿੱਲ ਦੇ ਕੇ, ਸਿੱਖ ਸੰਗਤਾਂ ਨੂੰ ਵੱਡੀ ਗਿਣਤੀ 'ਚ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਨੂੰ ਨਤਮਸਤਕ ਹੋਣ ਲਈ ਆਉਣ ਦਿੱਤਾ। ਫ਼ਿਰ ਇਸ ਸੰਗਤ ਦਾ ਜਿਸ ਵਿੱਚ ਬੱਚੇ ਬੁੱਢੇ, ਔਰਤਾਂ ਸ਼ਾਮਿਲ ਸਨ ਦਾ ਵਹਿਸ਼ੀਆਨਾ ਕਤਲੇਆਮ ਕੀਤਾ ਗਿਆ। ਅਸੀਂ ਵਿਸ਼ਵ ਦੀ ਅਦਾਲਤ 'ਚ ਭਾਰਤ ਸਰਕਾਰ ਨੂੰ ਉਸ ਦੇ ਆਪਣੇ ਦੇਸ਼ ਦੀ ਘੱਟਗਿਣਤੀ ਨਾਲ ਦੁਸ਼ਮਣਾਂ ਵਾਲਾ ਵਤੀਰਾ ਕਿਉਂ ਅਪਣਾਇਆ ਪੁੱਛਣ ਲਈ, ਕਟਿਹਰੇ 'ਚ ਨਹੀਂ ਖੜ੍ਹਾ ਕਰ ਸਕੇ। 35 ਵਰ੍ਹਿਆਂ 'ਚ ਅਸੀਂ ਇਸ ਪਾਸੇ ਜ਼ੋਰਦਾਰ ਅਵਾਜ਼ ਕਿਉਂ ਨਹੀਂ ਉਠਾ ਸਕੇ, ਇਸ ਦਾ ਜਵਾਬ ਕੌਣ ਦੇਵੇਗਾ ?

### ਸਾਕੇ ਦੇ ਸ਼ਹੀਦਾਂ ਦੀ ਕਿੰਨੀ ਗਿਣਤੀ-

ਭਾਰਤੀ ਫੌਜ ਦੇ ਦਰਬਾਰ ਸਾਹਿਬ ਤੇ ਹਮਲੇ ਦੌਰਾਨ ਕਿੰਨੇ ਸਿੱਖ, ਜਿਨ੍ਹਾਂ ਨੇ ਜੂਝਦੇ ਹੋਏ ਸ਼ਹੀਦੀਆਂ ਪਾਈਆਂ ਅਤੇ ਕਿੰਨ੍ਹੀਆਂ ਸਿੱਖ ਸੰਗਤਾਂ, ਜਿਹੜੀਆਂ ਦਰਬਾਰ ਸਾਹਿਬ ਨਤਮਸਤਕ ਹੋਣ ਆਈਆਂ ਸਨ, ਸ਼ਹੀਦ ਕੀਤੇ ਗਏ ? ਇਸ ਦਾ ਪੂਰਾ-ਪੂਰਾ ਵੇਰਵਾ ਤੇ ਗਿਣਤੀ ਅੱਜ ਤੱਕ ਸਾਡੇ ਪਾਸ ਉਪਲਬੱਧ ਕਿਉਂ ਨਹੀਂ ਹੈ ? ਕੀ ਸ਼੍ਰੋਮਣੀ ਕਮੇਟੀ ਸਿਰਫ਼ ਗੁਰੂ ਘਰ ਦੀਆਂ ਗੋਲਕਾਂ ਦੀ ਦੁਰਵਰਤੋਂ ਲਈ ਹੀ ਹੈ ?

ਕੌਮ ਦੇ 18ਵੀਂ ਸਦੀ 'ਚ ਹੋਏ ਛੋਟੇ-ਵੱਡੇ ਘੱਲੂਘਾਰਿਆਂ ਦੇ ਸ਼ਹੀਦਾਂ ਦੀ ਸਹੀ ਗਿਣਤੀ ਤਾਂ ਸਾਡੇ ਪਾਸ ਹੈ, ਪ੍ਰੰਤੂ 35 ਵਰ੍ਹੇ ਪਹਿਲਾ ਵਾਪਰੇ ਸਾਕੇ ਦੇ ਸ਼ਹੀਦਾਂ ਦੀ ਗਿਣਤੀ ਅਸੀਂ ਅੱਜ ਤਕ ਪਤਾ ਨਹੀਂ ਕਰ ਸਕੇ ?

### ਸਿੱਖ ਰਿ.ਫਰੈਂਸ ਲਾਇਬ੍ਰੇਰੀ ਨੂੰ ਕਿਉਂ ਕੀਤਾ ਗਿਆ ਤਬਾਹ-

ਦਰਬਾਰ ਸਾਹਿਬ ਸਾਕੇ ਸਮੇਂ ਸਿੱਖਾਂ ਦੇ ਬੌਧਿਕ ਗਿਆਨ ਦੇ ਖਜ਼ਾਨੇ ਨੂੰ ਭਾਵ ਸਿੱਖ ਰਿਫ਼ਰੈਂਸ ਲਾਇਬ੍ਰੇਰੀ ਨੂੰ ਤਬਾਹ ਕੀਤਾ ਗਿਆ ਅਤੇ ਬਹੁਤ ਸਾਰੀਆਂ ਦੁਰਲੱਭ ਹੱਥ ਲਿਖਤਾਂ, ਖਰੜੇ, ਹੁਕਮਨਾਮੇ, ਅੱਜ ਵੀ ਭਾਰਤੀ ਹਕੂਮਤ ਦੇ ਕਬਜ਼ੇ 'ਚ ਹਨ। ਉਨ੍ਹਾਂ ਨੂੰ 35 ਸਾਲ 'ਚ ਵਾਪਸ ਕਰਵਾਉਣ 'ਚ ਕੌਮ ਨੂੰ ਸਫ਼ਲਤਾ ਕਿਉਂ ਨਹੀਂ ਮਿਲੀ। ਭਾਰਤੀ ਫੌਜ ਦੇ ਇਸ ਦਾਅਵੇ ਦਾ ਕਿ ਉਹ ਦੁਰਲੱਭ ਵਸਤਾਂ ਸ਼੍ਰੋਮਣੀ ਕਮੇਟੀ ਨੂੰ ਵਾਪਸ ਕੀਤੀਆਂ ਜਾ ਚੁੱਕੀਆਂ ਹਨ, ਸ਼੍ਰੋਮਣੀ ਕਮੇਟੀ ਠੋਸ ਜਵਾਬ ਕਿਉਂ ਨਹੀਂ ਦਿੰਦੀ ? 35 ਵਰ੍ਹੇ ਲੰਘ ਗਏ ਹਨ, ਸਿੱਖਾਂ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਕਮੇਟੀ, ਨਾ ਤਾਂ ਸਿੱਖ ਰੈਫਰੈਂਸ ਲਾਇਬ੍ਰੇਰੀ ਦਾ ਅਨਮੋਲ ਖ਼ਜਾਨਾ 35 ਵਰ੍ਹਿਆਂ 'ਚ ਵਾਪਸ ਲੈ ਸਕੀ ਹੈ, ਨਾ ਹੀ ਸਾਕਾ ਦਰਬਾਰ ਸਾਹਿਬ ਸਮੇਂ ਭਾਰਤੀ ਫੌਜ ਵੱਲੋਂ ਸ਼ਹੀਦ ਕੀਤੇ ਬੱਚੇ ਬਜ਼ੁਰਗਾਂ, ਮਰਦਾਂ ਤੇ ਔਰਤਾਂ ਦੀ ਕੋਈ ਸੂਚੀ ਜਾਂ ਗਿਣਤੀ ਲੈ ਸਕੀ। ਸਿੱਖ ਰੈਫਰੈਂਸ ਲਾਇਬ੍ਰੇਰੀ 'ਚੋਂ ਕਿਹੜਾ- ਕਿਹੜਾ ਅਨਮੋਲ ਬੌਧਿਕ ਖ਼ਜਾਨਾ ਚੁੱਕਿਆ ਗਿਆ ? 6 ਜੂਨ ਤੱਕ ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਸਹੀ ਸਲਾਮਤ ਹੋਣ ਦੇ ਸਬੂਤ ਵੀ ਹਾਲੇ ਤੱਕ ਪੇਸ਼ ਨਹੀਂ ਜਾ ਸਕੇ।

ਕੇਂਦਰੀ ਹਕੂਮਤ ਦੇ ਪਾਲੇ 'ਚ ਸਨ ਕਿਹੜੇ ਸਿੱਖ ਆਗੂ ?

ਦਰਬਾਰ ਸਾਹਿਬ ਸਾਕੇ ਲਈ ਜਿਹੜੇ ਸਿੱਖ ਆਗੂ ਜ਼ੁੰਮੇਵਾਰ ਸਨ, ਜਿਨ੍ਹਾਂ ਨੇ ਭਾਰਤੀ ਹਕੂਮਤ ਨਾਲ ਅਗਾਊ ਗੁਪਤ ਮੁਲਾਕਾਤਾਂ ਕੀਤੀਆਂ ਅਤੇ ਫੌਜੀ ਹਮਲੇ ਲਈ ਚਿੱਠੀਆਂ ਲਿਖੀਆਂ। ਉਨ੍ਹਾਂ ਗਦਾਰ ਸਿੱਖ ਆਗੂਆਂ ਨੂੰ ਕੌਮ ਨੇ ਕੀ ਸਜ਼ਾ ਦਿੱਤੀ ਅਤੇ ਜੇ ਅੱਜ ਵੀ ਉਹ ਆਗੂ ਸਿੱਖਾਂ ਦੇ ਲੀਡਰ ਤੇ ਕੌਮ ਦੀ ਹੋਣੀ ਦੇ ਮਾਲਕ ਬਣੇ ਬੈਠੇ ਹਨ ਤਾਂ ਸਿੱਖਾਂ ਨੂੰ ਹੁਣ ਗੁਰੂ ਦੇ ਸਿੱਖ ਅਖਵਾਉਣ ਦਾ ਕੋਈ ਹੱਕ ਹੈ ?

### ਸਾਕੇ ਦੇ ਮਹਾਨ ਸ਼ਹੀਦਾਂ ਦੀ ਯਾਦਗਾਰ ਕਿਉਂ ਲਟਕੀ

28 ਸਾਲ ਤਕ ਦਰਬਾਰ ਸਾਹਿਬ ਦੇ ਸਾਕੇ ਦੇ ਮਹਾਨ ਸ਼ਹੀਦਾਂ ਦੀ ਯਾਦਗਾਰ ਕਿਉਂ ਲਟਕੀ ਰਹੀ ਹੈ ਅਤੇ ਉਸ ਰੁਕਾਵਟ ਲਈ ਕੌਣ ਜ਼ੁੰਮੇਵਾਰ ਰਿਹਾ, ਉਸਦਾ ਲੇਖਾ-ਜੋਖਾ ਕਿਉਂ ਨਹੀਂ ਹੋਇਆ ? ਦਰਬਾਰ ਸਾਹਿਬ ਸਾਕੇ ਸਮੇਂ ਪੰਜਾਬ 'ਚ ਸਥਿਤ 37 ਹੋਰ ਗੁਰਦੁਆਰਾ ਸਾਹਿਬਾਨਾਂ ਤੇ ਫੌਜੀ ਹਮਲਾ ਹੋਇਆ ਸੀ ਅਤੇ ਇਕੱਲੇ ਗੁਰਦੁਆਰਾ ਦੂਖ ਨਿਵਾਰਣ ਸਾਹਿਬ ਪਟਿਆਲਾ 'ਚ ਸੈਂਕੜੇ ਸਿੱਖ ਸ਼ਹੀਦ ਕਰ ਦਿੱਤੇ ਗਏ ਸਨ, ਭਾਰਤੀ ਹਕੂਮਤ ਦੇ ਇਸ ਜ਼ਾਲਮੀ ਪੱਖ ਨੂੰ ਅਸੀਂ ਭੁੱਲ ਵਿਸਰ ਕਿਉਂ ਗਏ ਹਾਂ ? ਸ਼੍ਰੋਮਣੀ ਕਮੇਟੀ ਨੇ ਦਰਬਾਰ ਸਾਹਿਬ ਸਾਕੇ 'ਚ ਹੋਏ ਕੌਮ ਦੇ ਭਾਰੀ ਜਾਨੀ-ਮਾਲੀ ਨੁਕਸਾਨ ਲਈ ਜਿਹੜਾ ਇਕ ਹਜ਼ਾਰ ਕਰੋੜ ਦੇ ਮੁਆਵਜ਼ੇ ਦਾ ਕੇਸ ਕੀਤਾ ਸੀ ? ਉਸਨੂੰ ਲੜਿਆ ਕਿਉਂ ਨਹੀਂ ਗਿਆ ਅਤੇ ਉਹ ਤੱਥ ਜਿਹੜੇ ਇਸ ਮੁਆਵਜ਼ੇ ਲਈ ਠੋਸ ਕਾਰਣ ਬਣਾਏ ਗਏ ਸਨ, ਉਨ੍ਹਾਂ ਨੂੰ ਕੌਮ ਤੇ ਦੁਨੀਆ ਸਾਹਮਣੇ ਕਿਉਂ ਪੇਸ਼ ਨਹੀਂ ਕੀਤਾ ਗਿਆ। ਦਰਬਾਰ ਸਾਹਿਬ ਸਾਕੇ ਦੇ ਰੋਸ ਵਜੋਂ ਜਿਹੜੇ ਧਰਮੀ ਫੌਜੀ ਬਗਾਵਤ ਕਰਕੇ ਮੈਦਾਨ 'ਚ ਨਿੱਤਰੇ ਸਨ, ਉਨ੍ਹਾਂ ਦੇ ਮੁੜ ਵਸੇਬੇ ਲਈ ਕੀ ਹੋਇਆ ਹੈ ਅਤੇ ਅੱਜ ਵੀ ਧਰਮੀ ਫੌਜੀਆਂ 'ਚ ਇਸ ਸਬੰਧੀ ਰੋਸ ਤੇ ਗੁੱਸਾ ਕਿਉਂ ਹੈ ? ਜਿਹੜੇ ਉਚੀਆਂ ਪਦਵੀਆਂ ਤੇ ਵੱਡੇ ਨਾਵਾਂ ਵਾਲੇ ਸਿੱਖਾਂ ਨੇ ਆਪੋ-ਆਪਣੇ ਸਨਮਾਨ ਸਾਕੇ ਦੇ ਰੋਸ ਕਾਰਣ ਵਾਪਸ ਕੀਤੇ ਸਨ, ਉਨ੍ਹਾਂ ਦੇ ਵੇਰਵੇ ਹੌਲੀ-ਹੌਲੀ ਮੱਧਮ ਕਿਉਂ ਹੋ ਰਹੇ ਹਨ ?

ਸਭ ਤੋਂ ਵੱਡਾ ਸੁਆਲ ਇਹ ਹੈ ਕਿ ਹਰ ਘੱਲੂਘਾਰੇ ਤੇ ਕੌਮੀ ਸਾਕੇ ਤੋਂ ਬਾਅਦ, ਸਿੱਖਾਂ ਨੇ ਪ੍ਰਾਪਤੀਆਂ ਨਾਲ ਝੋਲੀ ਭਰੀ, ਪ੍ਰੰਤੂ ਤੀਜੇ ਘੱਲੂਘਾਰੇ ਤੋਂ ਬਾਅਦ, ਕੌਮ ਪ੍ਰਾਪਤੀਆਂ ਦੀ ਥਾਂ ਨਿਵਾਣਾਂ ਵੱਲ ਚਲੀ ਗਈ ? ਇਹ ਸੁਆਲ ਅੱਜ ਹੀ ਨਹੀਂ ਸਗੋਂ ਸਦੀਆਂ ਤੱਕ, ਜਦੋਂ ਤੱਕ ਇਨ੍ਹਾਂ ਦੇ ਜਵਾਬ ਨਹੀਂ ਦਿੱਤੇ ਜਾਂਦੇ, ਕੌਮ ਦੇ ਸਨਮੁੱਖ ਖੜ੍ਹੇ ਰਹਿਣਗੇ। ਦਰਬਾਰ ਸਾਹਿਬ ਸਾਕਾ ਵਰਤਮਾਨ ਸਮੇਂ 'ਚ ਸਿੱਖ ਕੌਮ ਲਈ ਇਕ ਤਬਦੀਲੀ ਮੋੜ ਸੀ, ਪ੍ਰੰਤੂ ਸੁਆਰਥ ਤੇ ਪਦਾਰਥ 'ਚ ਡੁੱਬੀ ਕੌਮ, ਲੋਭੀ, ਲੀਡਰਾਂ ਦੀ ਸਿਆਸੀ ਖੇਡ 'ਚ ਇਕ ਵਾਰ ਫਿਰ ਗੁੰਮਰਾਹ ਹੋ ਗਈ। ਸਾਕੇ ਦੀ ਹਰ ਵਰ੍ਹੇ ਗੰਢ ਸਾਡੀ ਅੰਤਰ-ਆਤਮਾ ਨੂੰ ਝੰਜੋੜਦੀ ਜ਼ਰੂਰ ਰਹੇਗੀ। ਇਹ ਗੱਲ ਵੱਖਰੀ ਹੈ ਕਿ ਹੁਣ ਅਸੀਂ ਆਪਣੀ ਆਤਮਾ ਦੀ ਆਵਾਜ਼ ਸੁਣਨ ਦੇ ਵੀ ਸਮਰੱਥ ਨਹੀਂ ਰਹੇ।

ਇਸ ਲਈ ਭਾਰਤੀ ਹਕੂਮਤ ਦਾ ਸਾਕਾ ਦਰਬਾਰ ਸਮੇਂ ਦਾ ਕਰੂਰ, ਕਰੂਪ ਤੇ ਜ਼ਾਲਮ ਚਿਹਰਾ, ਦੁਨੀਆ ਸਾਹਮਣੇ ਨੰਗਾ ਕਰਨ ਲਈ ਦਰਬਾਰ ਸਾਹਿਬ ਦੀ ਕਤਲੇਆਮ ਦੀ ਸਹੀ ਤਸਵੀਰ ਪੇਸ਼ ਕਰਨੀ ਵੀ ਅਤਿ ਜ਼ਰੂਰੀ ਸੀ ਭਾਰਤੀ ਫੌਜ ਨੇ ਸਿੱਖਾਂ ਦੇ ਧਾਰਮਿਕ ਅਸਥਾਨੇ ਤੇ ਕਬਜ਼ੇ ਲਈ ਕਿਹੜੇ- ਕਿਹੜੇ ਮਾਰੂ ਹਥਿਆਰਾਂ ਦੀ ਵਰਤੋਂ ਕੀਤੀ ਗਈ ? ਉਸਦਾ ਵੇਰਵਾ ਵੀ ਦੁਨੀਆ ਨੂੰ ਦੇਣਾ ਚਾਹੀਦਾ ਹੈ। ਸਾਕਾ ਦਰਬਾਰ ਸਾਹਿਬ ਕਿਉਂ ਤੇ ਕਿਵੇਂ ਹੋਇਆ, ਉਸ ਬਾਰੇ ਵੀ ਸਿੱਖਾਂ'ਚ ਭੰਬਲਭੂਸਾ ਹਾਲੇਂ ਬਰਕਰਾਰ ਹੈ।

ਸਾਕਾ ਦਰਬਾਰ ਸਾਹਿਬ ਦੇ ਯੋਧੇ- ਜਰਨੈਲਾਂ ਸ਼ਹੀਦਾਂ ਦੀ ਪੂਰੀ ਗਿਣਤੀ ਤੇ ਜਾਣਕਾਰੀ, ਕੌਮ ਦੇ ਗੱਦਾਰਾਂ ਦੀ ਜਿਨ੍ਹਾਂ ਕਾਰਣ ਸਾਕਾ ਦਰਬਾਰ ਸਾਹਿਬ ਵਾਪਰਿਆ। ਉਨ੍ਹਾਂ ਦੀ ਪੂਰੀ ਨਿਸ਼ਾਨਦੇਹੀ, ਦਰਬਾਰ ਤੇ ਹਮਲਾ ਕਰਨ ਵਾਲਿਆਂ ਦੀ ਪੂਰੀ ਗਿਣਤੀ, ਕਿੰਨ੍ਹੇ ਮਰੇ, ਕਿੰਨ੍ਹੇ ਜਖਮੀ, ਉਨ੍ਹਾਂ ਦੀ ਪੂਰੀ ਗਿਣਤੀ, ਦਰਬਾਰ ਸਾਹਿਬ 'ਚ ਵਾਪਰੇ ਜਬਰ-ਜ਼ੁਲਮ, ਤਸ਼ੱਦਦ ਤੇ ਕਹਿਰ ਦੀ ਕਹਾਣੀ ਅਤੇ ਇਸ ਦਰਦਨਾਕ ਕਹਾਣੀ ਦੇ ਖ਼ਲਨਾਇਕ, ਇਹ ਸਾਰੀਆਂ ਜਾਣਕਾਰੀਆਂ ਅਸੀਂ ਹਾਲੇ ਤੱਕ ਪ੍ਰਾਪਤ ਨਹੀਂ ਕਰ ਸਕੇ। ਜਿਹੜੀ ਕੌਮ ਆਪਣੇ ਜ਼ੁਲਮ ਦਾ ਲੇਖਾ ਜੋਖਾ ਰੱਖਣ ਵਿੱਚ ਅਸਮਰੱਥ ਹੋ ਗਈ ਹੈ। ਫਿਰ ਉਸ ਤੋਂ ਇੱਕੀ ਦੇ ਇਕੱਤੀ ਪਾਉਣ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ ? ਸਾਕਾ ਦਰਬਾਰ ਸਾਹਿਬ, ਕੌਮ ਦੀ ਹੋਣੀ ਦਾ, ਇਤਿਹਾਸਕ ਮੋੜ ਹੈ ਅਤੇ ਅਜਿਹੇ ਇਤਿਹਾਸਿਕ ਮੋੜ ਦਾ ਸੱਚ ਕੌਮ ਦੀ ਹੋਣੀ ਨੂੰ ਸੁਆਰਦਾ ਵੀ ਹੈ ਅਤੇ ਝੂਠ ਵਿਗਾੜਦਾ ਵੀ ਹੈ। ਅੱਜ ਜਦੋਂ ਕੌਮ ਸਾਕਾ ਦਰਬਾਰ ਸਾਹਿਬ ਦੀ 35ਵੀਂ ਵਰ੍ਹੇਗੰਢ ਮਨਾ ਰਹੀ ਹੈ, ਉਸ ਸਮੇਂ ਇਸ ਸਾਕੇ ਨੂੰ ਲੈ ਕੇ ਇਕ ਵਾਰੀ ਆਪਣੇ ਮਨਾਂ 'ਚ ਝਾਤੀ ਜ਼ਰੂਰ ਮਾਰੀਏ ਅਤੇ ਗ਼ਫ਼ਲਤ ਦੀ ਨੀਂਦ 'ਚੋਂ ਜਾਗੀਏ। ਕਹਿੰਦੇ ਹਨ ਜਦੋਂ ਜਾਗੋ ਉਦੋਂ ਸਵੇਰਾ। ਆਓ ਸਾਕਾ ਦਰਬਾਰ ਸਾਹਿਬ ਦੇ ਸੰਪੂਰਨ ਸੱਚ, ਤੱਥਾਂ ਸਮੇਤ ਅਗਲੀ ਵਰ੍ਹੇਗੰਢ ਨੂੰ ਕੌਮ ਅਤੇ ਦੁਨੀਆਂ ਦੇ ਸਾਹਮਣੇ ਰੱਖਣ ਦਾ ਪ੍ਰਣ ਕਰੀਏ ਤਾਂ ਕਿ ਘੱਟੋ ਘੱਟ ਦੋਸ਼ੀਆਂ ਦੀ ਸੂਚੀ ਵਿਚੋਂ ਸਾਡਾ ਨਾਮ ਤਾਂ ਕੱਟਿਆ ਜਾਵੇ।

## ਭਾਰਤ ਸਰਕਾਰ ਨੇ ਦਰਬਾਰ ਸਾਹਿਬ ਤੇ ਹਮਲੇ ਲਈ 'ਸ਼ਹੀਦੀ ਦਿਹਾੜੇ' ਵਾਲਾ ਦਿਨ ਹੀ ਕਿਉਂ ਚੁਣਿਆ ਸੀ ?

ਕੰਮ ਕਰਨਾ ਹੀ ਨਾ ਚਾਹੇ ਤਾਂ ਇਹ ਆਖਿਆ ਜਾਂਦਾ ਹੈ ਕਿ ਫਲਾਣੇ ਨੇ ਇਹ ਕੰਮ ਨਹੀਂ ਕੀਤਾ। ਜਦੋਂ ਇੰਡੀਅਨ ਐਕਸਪ੍ਰੈਸ ਨੇ ਸ੍ਰੀ ਸੰਧੂ ਵੱਲੋਂ ਭੇਜੀਆਂ ਖ਼ਬਰਾਂ ਨਹੀਂ ਛਾਪੀਆਂ ਤਾਂ ਇਸ ਵਿੱਚ ਉਹਦੇ ਅਖ਼ਬਾਰ ਦੀ ਨਾਕਾਮੀ ਨਹੀਂ ਸੀ ਬਲਕਿ ਇਹ ਕਹਿਣਾ ਬੇਈਮਾਨੀ ਸੀ ਕਿ ਤੇਰੀਆਂ ਖ਼ਬਰਾਂ ਵਿੱਚ ਕੋਈ ਸਚਾਈ ਨਹੀਂ। ਹਾਲਾਂਕਿ ਸਚਾਈ ਤਾਂ ਸੜਕਾਂ 'ਤੇ ਤੁਰੀ ਜਾਂਦੀ ਸਭ ਨੂੰ ਦਿਸ ਰਹੀ ਸੀ। ਫੌਜ ਦੀਆਂ ਸੈਂਕੜੇ ਗੱਡੀਆਂ ਵਾਲੇ ਕਾਫਲੇ ਅੰਮ੍ਰਿਤਸਰ ਵੱਲ ਮੂੰਹ ਕਰੀ ਜਾ ਰਹੇ ਸਨ। ਇਹ ਕੰਮ ਇੱਕ ਦਿਨ ਵਿਚ ਨਹੀਂ ਹੋ ਗਿਆ ਬਲਕਿ ਇਹ 28 ਮਈ ਤੋਂ ਸ਼ੁਰੂ ਹੋ ਕੇ 3 ਜੂਨ ਤਕ ਵੀ ਜਾਰੀ ਸੀ। ਜਦ ਐਡਾ ਭਾਰੀ ਕੀੜੀ ਕਟਕ ਭਾਰਤ ਦੇ ਸਭ ਤੋਂ ਉੱਘੇ ਨੈਸ਼ਨਲ ਹਾਈਵੇਅ ਨੰਬਰ 1 ਤੋਂ ਲਗਾਤਾਰ ਕਈ ਦਿਨ ਗੁਜ਼ਰਦਾ ਰਿਹਾ ਹੋਵੇ ਤੇ ਫਿਰ ਇੰਡੀਅਨ ਐਕਸਪ੍ਰੈਸ ਵਰਗੇ ਜ਼ਿੰਮੇਵਾਰ ਅਖ਼ਬਾਰ ਵੱਲੋਂ ਇਸ ਨੂੰ ਅਫ਼ਵਾਹਾਂ 'ਤੇ ਅਧਾਰਤ ਦੱਸਣਾ ਤੇ ਫਿਰ ਇੱਕ ਜ਼ਿੰਮੇਵਾਰ ਪੱਤਰਕਾਰ ਵੱਲੋਂ ਅਖ਼ਬਾਰਾਂ ਦੀ ਇਸ ਮੱਕਾਰੀ ਨੂੰ ਨਾਕਾਮੀ ਕਹਿਣਾ ਕਿਸੇ ਵੀ ਤਰੀਕੇ ਨਾਲ ਜਾਇਜ਼ ਨਹੀਂ। ਅਖ਼ਬਾਰਾਂ ਵੱਲੋਂ ਫੌਜੀ ਆਮਦ ਦੀਆਂ ਖ਼ਬਰਾਂ ਨਾ ਛਾਪਣ ਪਿੱਛੇ ਭਾਰਤ ਸਰਕਾਰ ਨੂੰ ਦਿੱਤਾ ਜਾ ਰਿਹਾ ਉਹ ਅਣ ਐਲਾਨਿਆ ਸਹਿਯੋਗ ਸੀ। ਜਿਸ ਦੀ ਮੰਗ ਭਾਰਤ ਸਰਕਾਰ ਨੇ ਅਖ਼ਬਾਰਾਂ ਤੋਂ ਕੀਤੀ ਸੀ ਤੇ ਉਨ੍ਹਾਂ ਨੇ ਖੁਸ਼ੀ ਖੁਸ਼ੀ ਇਸ 'ਤੇ ਫੁੱਲ ਚੜ੍ਹਾਏ ਸੀ। ਭਾਰਤ ਦੇ ਸੂਚਨਾ ਤੇ ਪ੍ਰਸਾਰਨ ਮੰਤਰੀ ਐਚ.ਕੇ.ਐਲ. ਭਗਤ ਨੇ 1984 ਵਾਲੀ ਮਈ ਦੇ ਸ਼ੁਰੂ 'ਚ ਅਖ਼ਬਾਰਾਂ ਦੇ ਐਡੀਟਰਾਂ ਨਾਲ ਮੀਟਿੰਗਾਂ ਸ਼ੁਰੂ ਕਰ ਦਿੱਤੀਆਂ ਸਨ। ਇਨ੍ਹਾਂ ਵਿੱਚ ਦੇਸ਼ ਨੂੰ ਏਕਤਾ ਅਤੇ ਅਖੰਡਤਾ ਵਾਲੇ ਫਰੰਟ 'ਤੇ ਦਰਪੇਸ਼ ਖਤਰੇ ਨਾਲ ਨਿੱਬੜਨ ਖ਼ਾਤਰ ਅਖ਼ਬਾਰਾਂ ਤੋਂ ਸਹਿਯੋਗ ਮੰਗਿਆ ਸੀ। ਫੌਜੀ ਹਮਲੇ ਤੋਂ ਬਾਅਦ ਪਾਰਲੀਮੈਂਟ ਵਿੱਚ ਸੂਚਨਾ ਅਤੇ ਪ੍ਰਸਾਰਣ ਮੰਤਰੀ ਉਸੇ ਐਚ.ਕੇ.ਐਲ. ਭਗਤ ਨੇ ਅਖ਼ਬਾਰਾਂ ਵੱਲੋਂ ਇਸ ਸਬੰਧ ਨਿਭਾਏ ਰੋਲ ਦੀ ਭਰਪੂਰ ਸ਼ਲਾਘਾ ਕੀਤੀ। ਇਸ ਤੋਂ ਇਸ ਗੱਲ ਦੀ ਤਸਦੀਕ ਹੁੰਦੀ ਹੈ ਕਿ ਭਾਰਤੀ ਅਖ਼ਬਾਰ ਪੂਰੀ ਤਰ੍ਹਾਂ ਨਾਲ ਸਰਕਾਰ ਦੇ ਆਖੇ ਲੱਗਣ ਵਾਲੀ ਸੰਧੀ 'ਤੇ ਖਰੇ ਉੱਤਰੇ। ਦੂਜੇ ਅਰਥਾਂ ਵਿੱਚ ਇਹ ਗੱਲ ਸਾਬਿਤ ਹੁੰਦੀ ਹੈ ਕਿ ਉਨ੍ਹਾਂ ਨੇ ਉਹੀ ਕੁਝ ਛਾਪਿਆ ਤੇ ਉਹੀ ਕੁਝ ਲੁਕੋਇਆ ਜਿਸ ਕਿਸਮ ਦੀ ਹਦਾਇਤ ਸਰਕਾਰ ਨੇ ਉਨ੍ਹਾਂ ਨੂੰ ਸਹਿਯੋਗ ਦੇ ਨਾਂਅ ਥੱਲੇ ਦਿੱਤੀ ਸੀ। ਹੁਣ ਪਾਠਕ ਖ਼ੁਦ ਅੰਦਾਜਾ ਲਾ ਲੈਣ ਕਿ ਸਰਕਾਰ ਅਤੇ ਅਖ਼ਬਾਰਾਂ ਵੱਲੋਂ ਇਸ ਗੁਪਤ ਸੰਧੀ ਦਾ ਸਿੱਖ ਸੰਗਤ ਦੇ ਜਾਨ ਮਾਲ 'ਤੇ ਕੀ ਅਸਰ ਪਿਆ। ਇਸ ਗੱਲ ਦੀ ਵੱਡੀ ਸੰਭਾਵਨਾ ਹੈ ਕਿ ਫੌਜ ਖ਼ੁਦ ਚਾਹੁੰਦੀ ਸੀ ਕਿ ਫੌਜੀ ਹਮਲੇ ਵੇਲੇ ਵੱਧ ਤੋਂ ਵੱਧ ਲੋਕਾਂ ਦਾ ਇਕੱਠ ਹੋਵੇ। ਆਮ ਸੰਗਤਾਂ ਨੂੰ ਵੀ ਖਾੜਕੂਆਂ ਦੀ ਗਿਣਤੀ ਵਿੱਚ ਸ਼ਾਮਲ ਕਰਕੇ ਇਹ ਦੱਸਿਆ ਜਾ ਸਕੇ ਕਿ ਫੌਜ ਦਾ ਮੁਕਾਬਲਾ ਹਜ਼ਾਰਾਂ ਦੀ ਗਿਣਤੀ ਵਾਲੇ ਖਾੜਕੂ ਦਲ ਨਾਲ ਹੋਇਆ ਹੈ। ਜਿਵੇਂ ਕਿ ਅਸੀਂ ਉੱਪਰ ਪੜ੍ਹ ਆਏ ਹਾਂ ਕਿ ਹਮਲੇ ਲਈ 3 ਜੂਨ ਦੀ ਤਰੀਕ ਚੁਣਨ ਪਿੱਛੇ ਕੋਈ ਮਜ਼ਬੂਰੀ ਨਹੀਂ ਸੀ ਤੇ ਨਾ ਹੀ ਇਸ ਦਿਨ ਇਹ ਚਾਹਿਆ ਗਿਆ ਕਿ ਆਮ ਲੋਕ ਘੱਟ ਤੋਂ ਘੱਟ ਗਿਣਤੀ ਵਿੱਚ ਦਰਬਾਰ ਸਾਹਿਬ ਇਕੱਠੇ ਹੋਣ। ਫੌਜ ਨੇ ਹਮਲੇ ਤੋਂ ਬਾਅਦ ਜੋ ਮਾਰੇ ਗਿਆ ਦੀ ਗਿਣਤੀ ਦੱਸੀ ਉਸ ਵਿੱਚ 5 ਬੱਚਿਆਂ, 30 ਔਰਤਾਂ ਸਣੇ 492 ਹਲਾਕ ਦੱਸੇ ਗਏ। ਗ੍ਰਿਫ਼ਤਾਰੀਆਂ ਵਿੱਚ 309 ਬੱਚੇ ਤੇ ਔਰਤਾਂ ਸਣੇ 1592 ਗ੍ਰਿਫ਼ਤਾਰ ਹੋਏ ਦੱਸੇ ਗਏ। ਸਰਕਾਰੀ ਰੇਡਿਓ ਨੇ ਹਲਾਕ ਅਤੇ ਗ੍ਰਿਫ਼ਤਾਰਾਂ ਨੂੰ ਖਾੜਕੂਆਂ ਦੀ ਹੀ ਸ਼੍ਰੇਣੀ ਵਿੱਚ ਰੱਖਦਿਆਂ ਇਹ ਦੱਸਿਆ ਗਿਆ ਕਿ ਲਗਭਗ 500 ਉਗਰਵਾਦੀ ਹਲਾਕ ਅਤੇ 1500 ਉਗਰਵਾਦੀ ਗ੍ਰਿਫ਼ਤਾਰ ਕੀਤੇ ਗਏ ਹਨ। ਗੁਰੂ ਰਾਮਦਾਸ ਸਰਾਂ ਵਿੱਚ ਗੋਲੀਆਂ ਦਾ ਛੱਟਾ ਦੇ ਕੇ ਅਤੇ ਹੱਥ ਪਿੱਛੇ ਬੰਨ੍ਹ ਕੇ ਆਮ ਸ਼ਰਧਾਲੂਆਂ ਨੂੰ ਮਾਰਨ ਪਿੱਛੇ ਇਹੀ ਮਨੋਰਥ ਵੀ ਹੋ ਸਕਦਾ ਹੈ ਕਿ ਮਾਰੇ ਗਏ ਇਨ੍ਹਾਂ ਲੋਕਾਂ ਨੂੰ ਖਾੜਕੂਆਂ ਦੇ ਖਾਤੇ ਵਿੱਚ ਪਾ ਕੇ ਇਹ ਦੱਸਿਆ ਜਾ ਸਕੇ ਕਿ ਫੌਜ ਦਾ ਮੁਕਾਬਲਾ ਖਾੜਕੂਆਂ ਦੀ ਵੱਡੀ ਗਿਣਤੀ ਨਾਲ ਹੋਇਆ ਹੈ। ਆਮ ਸ਼ਰਧਾਲੂਆਂ ਨੂੰ ਖਾੜਕੂ ਦੱਸ ਕੇ ਗ੍ਰਿਫ਼ਤਾਰ ਕਰਨਾ ਵੀ ਇਹੀ ਸਾਬਤ ਕਰਦਾ ਹੈ ਕਿ ਫੌਜ ਚਾਹੁੰਦੀ ਸੀ ਕਿ ਬਾਹਰੀ ਦੁਨੀਆਂ ਨੂੰ ਇਹ ਦੱਸਿਆ ਜਾ ਸਕੇ ਕਿ ਫੌਜ ਨੂੰ ਐਵੇਂ ਹੀ ਐਨਾ ਜਾਨੀ ਨੁਕਸਾਨ ਨਹੀਂ ਹੋ ਗਿਆ ਬਲਕਿ ਉਨ੍ਹਾਂ ਦਾ ਮੁਕਾਬਲਾ ਲਗਭਗ 2000 ਖਾੜਕੂਆਂ ਨਾਲ ਹੋਇਆ। ਇਹ ਤਾਂ ਹੀ ਸੰਭਵ ਸੀ ਜੇ ਉਨ੍ਹਾਂ ਸ਼ਰਧਾਲੂਆਂ ਦਾ ਵੱਧ ਤੋਂ ਵੱਧ ਇਕੱਠ ਹੋਵੇ। ਇੱਥੇ ਇਹ ਬਹਾਨਾ ਵੀ ਨਹੀਂ ਚੱਲ ਸਕਦਾ ਕਿ ਜੇ ਸਰਕਾਰ ਫੌਜ ਦੀ ਨਕਲੋ ਹਰਕਤ ਦੀਆਂ ਖ਼ਬਰਾਂ ਨੂੰ ਨਾ ਰੋਕਦੀ ਤਾਂ ਇਸ ਦੀ ਭਿਣਕ ਖਾੜਕੂਆਂ ਨੂੰ ਮਿਲ ਸਕਦੀ ਸੀ ਜਿਸ ਕਰਕੇ ਉਹ ਫੌਜ ਨਾਲ ਲੜਨ ਦੀ ਤਿਆਰੀ ਕਰ ਸਕਦੇ ਸਨ ਕਿਉਂਕਿ ਫੌਜ ਦੀ ਆਮਦੋ ਰਫ਼ਤ ਤਾਂ ਪੰਜਾਬ ਦੀਆਂ ਸੜਕਾਂ 'ਤੇ 28 ਮਈ ਤੋਂ ਹੀ ਦੇਖਣ ਨੂੰ ਮਿਲ ਰਹੀ ਸੀ ਤੇ ਇਸ ਦੀ ਸੂਚਨਾ ਖਾੜਕੂਆਂ ਤੱਕ ਨਾ ਪੁੱਜ ਸਕਣ ਦੀ ਆਸ ਨਹੀਂ ਕੀਤੀ ਜਾ ਸਕਦੀ। ਸੰਤ ਭਿੰਡਰਾਂਵਾਲਿਆਂ ਦੀ ਇੰਟੈਲੀਜੈਂਸ ਦੇ ਤਿੱਖੇਪਣ ਦੀ ਮਿਸਾਲ ਇਸ ਗੱਲ ਤੋਂ ਮਿਲਦੀ ਹੈ ਕਿ ਜਦੋਂ 31 ਮਈ 'ਤੇ 1 ਜੂਨ ਦੀ ਵਿਚਕਾਰਲੀ ਰਾਤ ਨੂੰ ਸਪੈਸ਼ਲ ਫਰੰਟੀਅਰ ਫੋਰਸ ਦੀ ਕੁਮਕ 2 ਹਵਾਈ ਜਹਾਜ਼ਾਂ ਰਾਹੀਂ ਅੰਮ੍ਰਿਤਸਰ ਏਅਰਪੋਰਟ 'ਤੇ ਰਾਤ ਦੇ ਘੁੱਪ ਹਨ੍ਹੇਰੇ ਵਿੱਚ ਚੋਰੀ ਛਿੱਪੇ ਪੁੱਜੀ ਤਾਂ ਇਸ ਦਾ ਪਤਾ ਅੰਮ੍ਰਿਤਸਰ ਛਾਉਣੀ ਵਿੱਚ ਫੌਜ ਦੇ ਇੰਟੈਲੀਜੈਂਸ ਵਿੰਗ ਨੂੰ ਵੀ ਨਹੀਂ ਲੱਗਾ। ਇਹ ਸਪੈਸ਼ਲ ਫਰੰਟੀਅਰ ਫੋਰਸ, ਫੌਜ ਦੇ ਅਧੀਨ ਨਹੀਂ ਹੁੰਦੀ ਸਗੋਂ ਇਹਦਾ ਸਿੱਧਾ ਕੰਟਰੋਲ ਕੈਬਨਿਟ ਸਕੱਤਰੇਤ ਭਾਵ ਪ੍ਰਧਾਨ ਮੰਤਰੀ ਦੇ ਹੱਥ ਵਿੱਚ ਹੁੰਦਾ ਹੈ। ਇਹ ਦੇਸ਼ ਦੀ ਚੋਟੀ ਦੀ ਕਮਾਂਡੋ ਫੋਰਸ ਹੈ। ਇਹਦੀ ਅੰਮ੍ਰਿਤਸਰ ਏਅਰਪੋਰਟ 'ਤੇ ਉਤਰਨ ਦੀ ਰਿਪੋਰਟ ਨਾਲੋਂ ਨਾਲ ਭਿੰਡਰਾਂਵਾਲਿਆਂ ਨੂੰ ਪੁੱਜ ਗਈ ਸੀ। ਕੰਵਰ ਸੰਧੂ ਆਪ ਦੀ ਡਾਕੂਮੈਂਟਰੀ ਵਿੱਚ ਇਸ ਗੱਲ ਦੀ ਤਸਦੀਕ ਕਰਦਾ ਹੋਇਆ ਕਹਿੰਦਾ ਹੈ ਕਿ ਉਦੋਂ ਦਾ ਅੰਮ੍ਰਿਤਸਰ ਛਾਉਣੀ ਦਾ ਇੰਟੈਲੀਜੈਂਸ ਕਮਾਂਡਰ ਕਰਨਲ ਆਦਰਸ਼ ਸ਼ਰਮਾ ਨੇ ਮੈਨੂੰ ਦੱਸਿਆ ਕਿ 1 ਜੂਨ ਨੂੰ ਤੱੜਕੇ ਮੈਨੂੰ ਸੰਤ ਭਿੰਡਰਾਂਵਾਲਿਆਂ ਦੇ ਪੀ.ਏ. ਸ. ਰਛਪਾਲ ਸਿੰਘ ਦਾ ਉਹਨੂੰ ਫੋਨ ਆਇਆ ਜਿਸ ਵਿੱਚ ਉਹਨੇ ਪੁੱਛਿਆ ਕਿ, ਕੀ ਇਹ ਗੱਲ ਸਹੀ ਹੈ ਕਿ ਰਾਤ ਅੰਮ੍ਰਿਤਸਰ ਏਅਰਪੋਰਟ 'ਤੇ ਸਪੈਸ਼ਲ ਫੋਰਸ ਦੇ 2 ਜਹਾਜ਼ ਭਰ ਕੇ ਆਏ ਨੇ ? ਕਰਨਲ ਸ਼ਰਮਾ ਦੱਸਦਾ ਹੈ ਕਿ ਮੈਨੂੰ ਖ਼ੁਦ ਇਸ ਫੋਰਸ ਦੇ ਆਉਣ ਦਾ ਉਦੋਂ ਤੱਕ ਕੋਈ ਇਲਮ ਨਹੀਂ ਸੀ ਬਾਅਦ 'ਚ ਮੈਂ ਪਤਾ ਕਰਕੇ ਰਛਪਾਲ ਸਿੰਘ ਨੂੰ ਦੱਸਿਆ ਕਿ ਹਾਂ 2 ਜਹਾਜ਼ਾਂ ਵਿੱਚ ਫੋਰਸ ਤਾਂ ਆਈ ਹੈ ਪਰ ਇਹ ਨਹੀਂ ਪਤਾ ਕਿ ਇਹ ਕਿਹੜੀ ਹੈ। ਇਹ ਗੱਲ ਇਸ ਨੂੰ ਸਾਬਤ ਕਰਦੀ ਹੈ ਕਿ ਅਜਿਹਾ ਕੋਈ ਬਹਾਨਾ ਨਹੀਂ ਕਿ ਜੇ ਫੌਜ ਦੀ ਸਰਗਰਮੀ ਦੀਆਂ ਖ਼ਬਰਾਂ ਛਪ ਜਾਂਦੀਆਂ ਤਾਂ ਭਿੰਡਰਾਂਵਾਲੇ ਚੌਕਸ ਹੋ ਜਾਂਦੇ ਕਿਉਂਕਿ ਜਿਹੜੀ ਗੱਲ ਫੌਜ ਦੀ ਇੰਟੈਲੀਜੈਂਸ ਨੂੰ ਵੀ ਨਹੀਂ ਪਤਾ ਉਹ ਵੀ ਉਨ੍ਹਾਂ ਨੂੰ ਪਹਿਲਾਂ ਪਤਾ ਲੱਗਦੀ ਸੀ, 2 ਹਵਾਈ ਜਹਾਜ਼ਾਂ ਵਾਲੀ ਘਟਨਾ ਇਹਨੂੰ ਸਾਬਤ ਕਰਨ ਲਈ ਕਾਫ਼ੀ ਹੈ। ਨਾਲ ਦੀ ਨਾਲ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਸ. ਰਛਪਾਲ ਸਿੰਘ ਤੇ ਫੌਜ ਦੇ ਇੰਟੈਲੀਜੈਂਸ ਕਮਾਂਡਰ ਕਰਨਲ ਸ਼ਰਮਾ ਦਾ ਤਾਲਮੇਲ ਕਿਵੇਂ ਸੀ। ਇਹ ਗੱਲ ਅਪ੍ਰੈਲ 1984 ਦੀ ਹੈ ਕਿ ਅੰਮ੍ਰਿਤਸਰ ਦੇ ਇੱਕ ਪਿੰਡ ਵਿੱਚ ਟ੍ਰੇਨਿੰਗ ਕਰ ਰਹੇ ਏਅਰ ਫੋਰਸ 'ਤੇ ਜਵਾਨਾਂ ਤੋਂ ਖਾੜਕੂਆਂ ਨੇ ਇੱਕ ਟਰਾਂਸਮੀਟਰ ਸੈੱਟ ਖੋਹ ਲਿਆ। ਇਸ ਗੱਲ ਨਾਲ ਫੌਜ ਵਿੱਚ ਭਾਜੜ ਮੱਚ ਗਈ। ਟਰਾਂਸਮੀਟਰ ਸੈੱਟ ਦੇ ਏਅਰਫੋਰਸ ਤੋਂ ਬਾਹਰ ਜਾਣ ਕਾਰਨ ਏਅਰਫੋਰਸ ਵਿੱਚ ਹੁੰਦੀ ਗੱਲਬਾਤ ਨੂੰ ਖੋਹੇ ਹੋਏ ਟਰਾਂਸਮੀਟਰ ਰਾਹੀਂ ਸੁਣਿਆ ਜਾ ਸਕਦਾ ਸੀ ਜਾਂ ਏਅਰਫੋਰਸ ਨੂੰ ਆਪਣੇ ਸਾਰੇ ਟਰਾਂਸਮੀਟਰ ਸੈੱਟਾਂ ਦੀ ਫਰੀਕੁਐਂਸੀ ਬਦਲਣੀ ਪੈਣੀ ਸੀ। ਉਦੋਂ ਕਰਨਲ ਸ਼ਰਮਾ ਨੇ ਭਿੰਡਰਾਂਵਾਲਿਆਂ ਦੇ ਪੀ.ਏ. ਰਛਪਾਲ ਸਿੰਘ ਨੂੰ ਫੋਨ ਕਰਕੇ ਇਹ ਸੈੱਟ ਵਾਪਿਸ ਕਰਾਉਣ ਲਈ ਮੱਦਦ ਦੀ ਮੰਗ ਕੀਤੀ। ਪੱਤਰਕਾਰ ਕੰਵਰ ਸੰਧੂ ਦੱਸਦੇ ਹਨ ਕਿ ਕਰਨਲ ਸ਼ਰਮਾ ਨੇ ਰਛਪਾਲ ਸਿੰਘ ਨੂੰ ਕਿਹਾ ਕਿ ਇਹ ਟਰਾਂਸਮੀਟਰ ਖਾੜਕੂਆਂ ਦੇ ਕਿਸੇ ਕੰਮ ਦਾ ਨਹੀਂ ਅਤੇ ਇਸ ਤੋਂ ਬਿਨਾ ਏਅਰਫੋਰਸ ਨੂੰ ਭਾਰੀ ਪ੍ਰੇਸ਼ਾਨੀ ਹੋਵੇਗੀ। ਕਰਨਲ ਸ਼ਰਮਾ ਦੀ ਬੇਨਤੀ 'ਤੇ ਖਾੜਕੂਆਂ ਤੋਂ ਇਹ ਟਰਾਂਸਮੀਟਰ ਸੈੱਟ ਏਅਰਫੋਰਸ ਨੂੰ ਵਾਪਿਸ ਕਰਾ ਦਿੱਤਾ ਗਿਆ। ਸੋ ਕਰਨਲ ਸ਼ਰਮਾ ਇਸ ਅਹਿਸਾਨ ਬਦਲੇ ਸ. ਰਛਪਾਲ ਸਿੰਘ ਦਾ ਫੋਨ ਸੁਣ ਲੈਂਦਾ ਸੀ। ਦਰਬਾਰ ਸਾਹਿਬ ਕੰਪਲੈਕਸ ਵਿੱਚ ਸ਼ਰਧਾਲੂਆਂ ਨੂੰ ਵੱਡੀ ਗਿਣਤੀ ਵਿੱਚ ਇਕੱਠੇ ਹੋਣ ਦੇਣ ਦਾ ਮਨੋਰਥ ਉਨ੍ਹਾਂ ਨੂੰ ਖਾੜਕੂਆਂ ਦੀ ਸ਼੍ਰੇਣੀ ਵਿੱਚ ਦਿਖਾ ਕੇ ਫੌਜ ਇਹ ਸਾਬਤ ਕਰਨਾ ਚਾਹੁੰਦੀ ਸੀ ਕਿ ਉਨ੍ਹਾਂ ਦਾ ਮੁਕਾਬਲਾ ਹਜ਼ਾਰਾਂ ਹਥਿਆਰਬੰਦ ਖਾੜਕੂਆਂ ਨਾਲ ਹੋਇਆ ਤਾਂ ਹੀ ਉਨ੍ਹਾਂ ਨੂੰ ਦਰਬਾਰ ਸਾਹਿਬ ਵਿੱਚ ਦਾਖ਼ਲ ਹੋਣ ਵਾਸਤੇ ਪੂਰਾ ਇੱਕ ਬ੍ਰਿਗੇਡ ਝੋਕਣਾ ਪਿਆ। ਇਸ ਗੱਲ ਦੀ ਤਸਦੀਕ ਇੱਥੋਂ ਵੀ ਹੁੰਦੀ ਹੈ ਕਿ ਫੌਜੀ ਕਾਰਵਾਈ ਨਿਬੜਣ ਤੋਂ ਬਾਅਦ ਫੌਜ ਵੱਲੋਂ ਸਮੁੱਚੇ ਪੰਜਾਬ ਵਿੱਚ 'ਆਪ੍ਰੇਸ਼ਨ ਵੁੱਡ ਰੋਜ਼' ਦੇ ਨਾਂ ਥੱਲੇ ਜੋ ਸਾਕਾ ਵਰਤਾਇਆ ਗਿਆ ਉਹ 1746 ਵਿੱਚ ਲਖਪਤ ਰਾਏ ਵੱਲੋਂ ਕੀਤੇ ਗਏ ਛੋਟੇ ਘੱਲੂਘਾਰੇ ਵਰਗਾ ਹੀ ਸੀ। ਇਹ ਦੋਵੇਂ ਸਾਕੇ ਤੱਪਦੇ ਜੇਠ ਮਹੀਨੇ ਵਿੱਚ ਹੀ ਵਾਪਰੇ। ਆਪ੍ਰੇਸ਼ਨ ਵੁੱਡ ਰੋਜ਼ ਦੌਰਾਨ ਫੌਜ ਪਿੰਡਾਂ ਨੂੰ ਘੇਰ ਲੈਂਦੀ ਸੀ, ਨੀਲੀ ਪੱਗ, ਅੰਮ੍ਰਿਤਧਾਰੀ ਜਾਂ ਦਾੜ੍ਹੀ ਕੇਸਾਂ ਵਾਲੇ ਨੂੰ ਕੁੱਟ ਕੁਟਾਪੇ, ਧੂਹ ਘੜੀਸ ਤੋਂ ਬਾਅਦ ਗੱਡੀਆਂ ਵਿੱਚ ਲੱਦ ਲੈਂਦੀ ਸੀ। ਇਨ੍ਹਾਂ ਵਿੱਚ ਲਗਭਗ ਸਾਰੇ ਉਹ ਲੋਕ ਸਨ ਜਿਨ੍ਹਾਂ ਦਾ ਹਥਿਆਰਬੰਦ ਖਾੜਕੂ ਸੰਘਰਸ਼ ਨਾਲ ਕੋਈ ਸਿੱਧਾ ਜਾਂ ਅਸਿੱਧਾ ਵਾਸਤਾ ਨਹੀਂ ਸੀ। ਆਮ ਤੌਰ 'ਤੇ ਇਨ੍ਹਾਂ ਨੂੰ 7/51 ਦੇ ਕੇਸਾਂ ਤਹਿਤ ਗ੍ਰਿਫ਼ਤਾਰ ਕਰ ਲਿਆ ਜਾਂਦਾ ਸੀ। ਪਰ ਸਰਕਾਰ ਦੇ ਰੇਡੀਓ ਤੇ ਟੈਲੀਵੀਜ਼ਨ ਰਾਹੀਂ ਇਹ ਪ੍ਰਚਾਰ ਕੀਤਾ ਜਾਂਦਾ ਸੀ 'ਆਜ ਪੰਜਾਬ ਸੇ ਇਤਨੇ ਹਜ਼ਾਰ ਉਗਰਵਾਦੀਓਂ ਕੋ ਗ੍ਰਿਫ਼ਤਾਰ ਕਰ ਲਿਆ ਗਿਆ ਹੈ।' ਹੌਲੀ ਹੌਲੀ ਨਿੱਤ ਦਿਹਾੜੇ ਦੀ ਇਹ ਗਿਣਤੀ ਸੈਂਕੜਿਆਂ 'ਤੇ ਅਤੇ ਫਿਰ ਦਰਜ਼ਨਾ ਤੱਕ ਆਉਂਦੀ ਨੂੰ ਲਗਭਗ 1 ਮਹੀਨਾ ਲੱਗਿਆ। ਕਹਿਣ ਦਾ ਭਾਵ ਇਹ ਕਿ ਆਮ ਸਿੱਖਾਂ ਨੂੰ ਗ੍ਰਿਫ਼ਤਾਰ ਕਰਕੇ ਸਰਕਾਰ ਨੇ ਇਹ ਦਿਖਾਇਆ ਕਿ ਪੰਜਾਬ ਵਿੱਚ ਹਾਜ਼ਾਰਾਂ ਦੀ ਗਿਣਤੀ ਵਿੱਚ ਖਾੜਕੂ ਮੌਜੂਦ ਸਨ ਜਿਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਖ਼ਾਤਰ ਸਰਕਾਰ ਨੂੰ ਇੱਕ ਵਿਸ਼ੇਸ਼ ਆਪ੍ਰੇਸ਼ਨ ਵੁੱਡ ਰੋਜ਼ ਕਰਨਾ ਪਿਆ। ਇਹ ਹੁੰਦਾ ਤਾਂ ਸਾਰੇ ਪੰਜਾਬ ਵਾਸੀਆਂ ਨੇ ਦੇਖਿਆ ਹੈ ਕਿ ਕਿਵੇਂ ਆਮ ਸਿੱਖ ਫੜਕੇ ਖਾੜਕੂਆਂ ਦੇ ਖਾਤੇ ਵਿੱਚ ਪਾਏ ਗਏ। ਇੱਥੋਂ ਇਹ ਗੱਲ ਸੱਪਸ਼ਟ ਹੋ ਜਾਂਦੀ ਹੈ ਕਿ ਦਰਬਾਰ ਸਾਹਿਬ ਕੰਪਲੈਕਸ ਵਿੱਚ ਹਜ਼ਾਰਾਂ ਸ਼ਰਧਾਲੂਆਂ ਦੀ ਵੱਡੀ ਹਾਜ਼ਰੀ ਹੋਣੀ ਸਰਕਾਰ ਦੀ ਜ਼ਰੂਰਤ ਸੀ। ਇਸੇ ਕਰਕੇ ਹੀ ਫੌਜੀ ਹਮਲੇ ਲਈ ਸ਼ਹੀਦੀ ਪੁਰਬ ਵਾਲਾ ਦਿਹਾੜਾ ਚੁਣਨਾ ਸਰਕਾਰ ਨੂੰ ਰਾਸ ਬਹਿੰਦਾ ਸੀ।

## ਸਾਕਾ ਦਰਬਾਰ ਸਾਹਿਬ ਕਿ ਨੀਲਾ ਤਾਰਾ ?

ਸਾਕਾ ਦਰਬਾਰ ਸਾਹਿਬ ਜਿਹੜਾ ਕੌਮ ਲਈ 'ਤੀਜਾ ਘੱਲੂਘਾਰਾ' ਬਣਿਆ, ਉਸ ਨੂੰ ਅਸੀਂ ਦੁਸ਼ਮਣਾਂ ਵੱਲੋਂ ਦਿੱਤੇ "ਸਾਕਾ ਨੀਲਾ ਤਾਰਾ" ਦੇ ਨਾਮ ਨਾਲ ਹੀ ਯਾਦ ਕਰੀ ਜਾਂਦੇ ਹਾਂ। ਸਾਕੇ ਭੁੱਲਣਯੋਗ ਨਹੀਂ ਹੁੰਦੇ, ਇਹ ਕੌਮ ਦੇ ਵਿਰਸੇ ਦਾ, ਜਿਸ ਤੋਂ ਕੌਮ ਨੂੰ ਗੁੜ੍ਹਤੀ ਮਿਲਦੀ ਹੈ, ਉਸ ਦਾ ਹਿੱਸਾ ਬਣ ਜਾਂਦੇ ਹਨ। ਇਸ ਲਈ ਜਦੋਂ ਅਗਲੀਆਂ ਪੀੜ੍ਹੀਆਂ ਇਸ ਸਾਕੇ ਨੂੰ ਜੇ 'ਅਪਰੇਸ਼ਨ ਬਲਿਊ ਸਟਾਰ' ਵਜੋਂ ਯਾਦ ਕਰਨਗੀਆਂ ਤਾਂ ਹੋ ਸਕਦਾ ਹੈ ਕਿ ਉਨ੍ਹਾਂ ਦੇ ਦਿਲੋ-ਦਿਮਾਗ ਉਤੇ ਤੁਰੰਤ ਸ੍ਰੀ ਦਰਬਾਰ ਸਾਹਿਬ ਨੂੰ ਵੱਜੀਆਂ ਗੋਲੀਆਂ, ਦਰਬਾਰ ਸਾਹਿਬ 'ਚ ਸੁਸ਼ੋਭਿਤ ਜ਼ਾਹਿਰਾ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਲੱਗੀਆਂ ਗੋਲੀਆਂ, ਤਾਬਿਆ ਬੈਠੇ ਗ੍ਰੰਥੀ ਸਿੰਘ ਦੀ ਸ਼ਹੀਦੀ, ਢਹਿ-ਢੇਰੀ ਹੋਇਆ ਸ੍ਰੀ ਅਕਾਲ ਤਖ਼ਤ ਸਾਹਿਬ, ਹਜ਼ਾਰਾਂ ਸਿੱਖ ਸੰਗਤਾਂ ਦਾ ਵਹਿਸ਼ੀਆਨਾ ਕਤਲ, ਅੱਖਾਂ ਸਾਹਮਣੇ ਨਾ ਘੁੰਮੇ, ਪ੍ਰੰਤੂ ਜਦੋਂ ਉਹ ਇਸ ਕਾਂਡ ਨੂੰ 'ਸਾਕਾ ਦਰਬਾਰ ਸਹਿਬ" ਜਾਂ ਸਿੱਖਾਂ ਦੇ ਤੀਜੇ ਘੱਲੂਘਾਰੇ ਵਜੋਂ ਯਾਦ ਕਰਨਗੇ ਤਾਂ ਉਕਤ ਸਾਰੀਆਂ ਘਟਨਾਵਾਂ ਦੀ ਰੀਲ, ਇਕ ਦਮ ਬਿਜਲੀ ਦੇ ਲਿਸ਼ਕਣ ਵਾਗੂੰ ਉਨ੍ਹਾਂ ਦਿਲੋ-ਦਿਮਾਗ ਤੇ ਦਸਤਕ ਦੇਵੇਗੀ। ਵਿਰਸੇ ਦੀ ਗੁੜ੍ਹਤੀ ਉਸ ਦੇ ਜਜ਼ਬਾਤਾਂ ਦਾ ਹੜ੍ਹ ਲਿਆ ਦੇਵੇਗੀ ਅਤੇ ਉਹ ਪੀੜ੍ਹੀ ਸਿੱਖੀ ਵਿਰਸੇ ਤੋਂ ਦੂਰ ਨਹੀਂ ਹੋਵੇਗੀ। ਕੌਮ ਦੇ ਧਾਰਮਿਕ ਆਗੂਆਂ, ਪ੍ਰਚਾਰਕਾਂ, ਰਾਗੀਆਂ, ਢਾਡੀ, ਕਵੀਸ਼ਰਾਂ ਅਤੇ ਬੁੱਧੀਜੀਵੀ ਵਰਗ ਨ ਅਪੀਲ ਜ਼ਰੂਰ ਕਰਾਂਗੇ ਕਿ ਉਹ 'ਸਾਕਾ ਨੀਲਾ ਤਾਰਾ" ਦੀ ਥਾਂ ਕੌਮ ਦੇ ਮਨਾਂ 'ਤੇ 'ਸਾਕਾ ਦਰਬਾਰ ਸਾਹਿਬ, ਉਕਰਣ ਦੀ ਹਰ ਸੰਭਵ ਕੋਸ਼ਿਸ਼ ਜ਼ਰੂਰ ਕਰਨ। ਹਰ ਜਾਗਰੂਕ ਸਿੱਖ, ਦੂਜੇ ਸਿੱਖ ਨੂੰ ਜਿਹੜਾ ਸਾਕਾ ਨੀਲਾ ਤਾਰਾ ਆਖਦਾ ਹੈ, ਉਸਨੂੰ ਨਿਮਰਤਾ ਸਾਹਿਤ, ਵਿਸਥਾਰ ਨਾਲ ਸਮਝਾ ਕੇ 'ਸਾਕਾ ਦਰਬਾਰ ਸਾਹਿਬ' ਵਜੋਂ ਪੁਕਾਰਣ ਤੇ ਯਾਦ ਰੱਖਣ ਦੀ ਬੇਨਤੀ ਜ਼ਰੂਰ ਕਰੇ।



jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## ਖੁਸ਼ਖ਼ਬਰੀ

ਬਹੁਤ ਹੀ ਪ੍ਰਾਈਮ ਲੋਕੇਸ਼ਨ ਉਤੇ, ਫੁਲ ਸਰਵਿਸ ਟਰੱਕ ਰਿਪੇਅਰ ਦੀ ਦੁਕਾਨ, 3 ਏਕੜ ਦੀ ਫੈਂਸ ਲੱਗੀ ਸੁਰੱਖਿਅਤ ਪਾਰਕਿੰਗ ਸਮੇਤ ਵਿਕਾਊ ਹੈ

**Full service truck repair shop with 3 acreage fence and secure parking at prime location**



**Asking price $2,150,000**

**Address 2101 E Charter way Stockton available.**

**Please Contact Ranjit Singh at 408-355-5700**



Ranjit S Mangat
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

Valley Real Estate Center (Office Lic.: 01392267)
68 E 11th Street Ste 109, Tracy, CA 95376
Office: 209-956-1000 Cell : 408-355-5700, gbsingh84@gmail.com


SHER® ROTI
SOFT SO SOFT
SHER
DURUM ATTA
DESI STYLE
20 lb
9.07 kg
SHER ATTA GHAR LAAO
WWW.SHERBRARMILLS.COM